ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 215| 18 to 24 Feb., 2026 | Ph.: (510) 240-5949 | Email: asrtimes@gmail.com

# ਮਿਸ਼ਨ 2027: ਪੰਜਾਬ 'ਚ ਤੇਜ਼ ਹੋਈਆਂ ਸਿਆਸੀ ਸਰਗਰਮੀਆਂ

## ਵੱਖ-ਵੱਖ ਪਾਰਟੀਆਂ ਵੱਲੋਂ 'ਚੋਣ ਯੁੱਧ' ਸ਼ੁਰੂ

## ਅਕਾਲੀ ਦਲ ਤੇ ਭਾਜਪਾ ਵਿਚਾਲੇ ਸਿਆਸੀ ਸਮਝੌਤਾ ਹੋਣ ਦੀ ਮੁੜ ਛਿੜੀ ਚਰਚਾ

## ਲੋਕ ਕਚਹਿਰੀ 'ਚ ਹੋਵੇਗਾ 'ਅਸਲੀ' ਅਕਾਲੀ ਦਲ ਦਾ ਫੈਸਲਾ

## ਆਮ ਆਦਮੀ ਪਾਰਟੀ ਤੇ ਕਾਂਗਰਸ ਵਿਚਾਲੇ ਛਿੜੀ 'ਸ਼ਬਦੀ ਜੰਗ'




**ਪੰਜਾਬ ਵਿੱਚ ਸਿਆਸੀ ਸਰਗਰਮੀਆਂ ਤੇਜ਼ ਹੋਣ ਅਤੇ ਸੰਭਾਵੀ ਚੋਣਾਂ ਦੇ ਰੌਲ਼ੇ 'ਚ ਪੰਜਾਬ ਅਤੇ ਪੰਜਾਬੀਆਂ ਦੇ ਮੁੱਖ ਮੁੱਦੇ ਅਤੇ ਵੱਡੇ ਮਸਲੇ ਰੁਲ ਗਏ ਹਨ। ਕੋਈ ਵੀ ਸਿਆਸੀ ਪਾਰਟੀ ਪੰਜਾਬੀਆਂ ਦੇ ਮੁੱਖ ਮੁੱਦਿਆਂ ਅਤੇ ਮਸਲਿਆਂ ਦੀ ਗੱਲ ਨਹੀਂ ਕਰ ਰਹੀ, ਜਿਸ ਕਾਰਨ ਪੰਜਾਬੀ ਸਾਰੀਆਂ ਸਿਆਸੀ ਧਿਰਾਂ ਤੋਂ ਨਿਰਾਸ਼ ਹੋ ਚੁੱਕੇ ਹਨ। ਇਹੋ ਕਾਰਨ ਹੈ ਕਿ ਪੰਜਾਬ ਵਿੱਚ ਅਜੇ ਤੱਕ ਪੰਜਾਬੀਆਂ ਨੇ ਕਿਸੇ ਵੀ ਸਿਆਸੀ ਪਾਰਟੀ ਨੂੰ ਹੁੰਗਾਰਾ ਭਰਨਾ ਸ਼ੁਰੂ ਨਹੀਂ ਕੀਤਾ। ਪੰਜਾਬ ਵਿੱਚ ਇਸ ਸਮੇਂ ਦਰਿਆਈ ਪਾਣੀਆਂ ਦਾ ਮਸਲਾ, ਧਰਤੀ ਹੇਠਲੇ ਪਾਣੀ ਦਾ ਖ਼ਤਮ ਹੋਣਾ, ਪੀਣ ਵਾਲੇ ਪਾਣੀ ਵਿੱਚ ਯੂਰੇਨੀਅਮ ਅਤੇ ਹੋਰ ਧਾਤਾਂ ਦਾ ਹੋਣਾ, ਨਸ਼ਾ, ਬੇਰੁਜ਼ਗਾਰੀ, ਮਹਿੰਗਾਈ,ਭ੍ਰਿਸ਼ਟਾਚਾਰ, ਗੈਂਗਸਟਰਵਾਦ, ਪੰਜਾਬੀਆਂ ਦਾ ਵਿਦੇਸ਼ਾਂ ਨੂੰ ਪਰਵਾਸ ਅਤੇ ਦੂਜੇ ਰਾਜਾਂ ਦੇ ਲੱਖਾਂ ਲੋਕਾਂ ਦੀ ਪੰਜਾਬ ਵਿੱਚ ਆਮਦ, ਹਵਾ ਪ੍ਰਦੂਸ਼ਣ, ਖ਼ੂਨ ਪੀਣੀਆਂ ਸੜਕਾਂ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ ਵਰਗੇ ਅਨੇਕਾਂ ਮੁੱਖ ਮਸਲੇ ਹਨ, ਜਿਨ੍ਹਾਂ ਦੇ ਹੱਲ ਲਈ ਕੋਈ ਉਪਰਾਲਾ ਕਰਨ ਦੀ ਥਾਂ ਸਿਆਸੀ ਪਾਰਟੀਆਂ ਦੇ ਆਗੂ ਇੱਕ ਦੂਜੇ ਨੂੰ 'ਠਿੱਬੀ' ਲਗਾਉਣ ਵਿੱਚ ਉਲਝੇ ਹੋਏ ਹਨ।**

ਅੰਮ੍ਰਿਤਸਰ ਟਾਈਮਜ਼ ਬਿਊਰੋ

ਪੰਜਾਬ ਦੀ ਸਿਆਸਤ ਵਿੱਚ ਵਿਵਾਦਤ ਬਿਆਨਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਹਰ ਦਿਨ ਸਿਆਸੀ ਆਗੂ ਇੱਕ ਦੂਜੇ ਪ੍ਰਤੀ ਮਾੜੀ ਸ਼ਬਦਾਵਲੀ ਬੋਲਦੇ ਹੋਏ ਵਿਵਾਦਿਤ ਬਿਆਨ ਦਿੰਦੇ ਹਨ।ਹੁਣ ਇਸ ਲੜੀ ਵਿੱਚ ਆਮ ਆਦਮੀ ਪਾਰਟੀ ਪੰਜਾਬੀ ਵਿਧਾਇਕਾ ਇੰਦਰਜੀਤ ਕੌਰ ਮਾਨ ਦਾ ਨਾਮ ਵੀ ਜੁੜ ਗਿਆ ਹੈ, ਜਿਸ ਨੇ ਪਾਰਟੀ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਚੰਡੀਗੜ੍ਹ 'ਚ ਲੰਘੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਦਿੱਤੇ ਗਏ ਧਰਨੇ ਵਿੱਚ ਸੰਬੋਧਨ ਦੌਰਾਨ ਨਕੋਦਰ ਤੋਂ ਵਿਧਾਇਕਾ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ, "ਇਸ ਵਾਰ 94-95 ਨਹੀਂ, ਸਗੋਂ ਤੁਹਾਡੀ ਧੌਣ 'ਤੇ ਗੋਡਾ ਰੱਖ ਕੇ 117 ਸੀਟਾਂ ਜਿੱਤਾਂਗੇ।"

ਇਹ ਵਿਵਾਦਤ ਬਿਆਨ, ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਬਿਆਨਾਂ ਤੋਂ ਬਾਅਦ ਆਇਆ। ਇਸਤੋਂ ਪਹਿਲਾਂ ਬਾਜਵਾ ਨੇ ਮੰਤਰੀ ਹਰਭਜਨ ਸਿੰਘ ਨੇ ਈ.ਟੀ.ਓ. ਦੇ ਪਿਤਾ ਨੂੰ ਬੈਂਡ ਵਜਾਉਣ ਵਾਲਾ ਦੱਸਿਆ ਸੀ, ਜਿਸ ਦੇ ਵਿਰੋਧ 'ਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਵਿਰੋਧ ਕੀਤਾ। ਇਸ ਵਿੱਚ ਨਕੋਦਰ ਤੋਂ ਵਿਧਾਇਕਾ ਇੰਦਰਜੀਤ ਕੌਰ ਵੀ ਪਹੁੰਚੀ ਸੀ।'ਆਪ' ਵਿਧਾਇਕਾ ਦੀ ਇਸ ਟਿਪਣੀ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਉਬਾਲ ਆ ਗਿਆ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਤਾਸੀਰ ਹੀ ਅਜਿਹੀ ਹੈ। ਇਸ ਤੋਂ ਪਹਿਲਾਂ ਦਿੱਲੀ ਦੇ ਸਾਬਕਾ ਮੰਤਰੀ ਸਿਸੋਦੀਆ ਵੀ ਸਾਮ, ਦਾਮ,ਦੰਡ,ਭੇਦ ਵਾਲਾ ਬਿਆਨ ਦੇ ਚੁੱਕੇ ਹਨ।

ਪੰਜਾਬ ਦੇ ਲੋਕ ਅਜਿਹੇ ਬਿਆਨਾਂ ਨੂੰ ਪੂਰੀ ਤਰ੍ਹਾਂ ਨਕਾਰ ਚੁੱਕੇ ਹਨ ਭਾਵੇਂ ਇਹ ਬਿਆਨ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਵੱਲੋਂ ਦਿੱਤੇ ਹੋਣ। ਇਸ ਦੌਰਾਨ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਹੈ ਕਿ ਇੱਕ ਵਾਰ ਜਿੱਤਣ ਤੋਂ ਬਾਅਦ ਸਿਆਸੀ ਆਗੂ ਆਮ ਲੋਕਾਂ ਦੀ ਭਲਾਈ ਲਈ ਵੱਡੇ ਉਪਰਾਲੇ ਕਰਨ ਦੀ ਥਾਂ ਅਗਲੀਆਂ ਚੋਣਾਂ ਜਿੱਤਣ ਲਈ ਸਰਗਰਮੀਆਂ ਸ਼ੁਰੂ ਕਰ ਦਿੰਦੇ ਹਨ, ਜਿਵੇਂ ਕਿ ਇਸ ਸਮੇਂ ਪੰਜਾਬ ਵਿੱਚ ਹੋ ਰਿਹਾ ਹੈ।

ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਹੋਣ ਵਿੱਚ ਇੱਕ ਸਾਲ ਦਾ ਸਮਾਂ ਪਿਆ ਹੈ ਪਰ ਚੋਣ ਮਾਹੌਲ ਹੁਣੇ ਤੋਂ ਬਣਨਾ ਸ਼ੁਰੂ ਹੋ ਗਿਆ ਹੈ। ਮਿਸ਼ਨ 2027 ਲਈ ਸਾਰੀਆਂ ਸਿਆਸੀ ਪਾਰਟੀਆਂ ਨੇ ਕਮਰ ਕੱਸ ਲਈ ਹੈ ਅਤੇ ਚੋਣ ਲੜਨ ਦੀਆਂ ਚਾਹਵਾਨ ਸਾਰੀਆਂ ਸਿਆਸੀ ਧਿਰਾਂ 'ਚੋਣ ਜੰਗ' ਵਿੱਚ ਨਿੱਤਰ ਕੇ ਆਹਮੋ ਸਾਹਮਣੇ ਆ ਗਈਆਂ ਹਨ। ਅਗਲੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਸਿਆਸੀ ਧਿਰਾਂ ਦਾ ਜੋਰ ਲੱਗਣਾ ਸ਼ੁਰੂ ਹੋ ਗਿਆ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਅਗਲੀਆਂ ਚੋਣਾਂ ਵਿੱਚ ਦਿਲਚਸਪ ਅਤੇ ਫ਼ਸਵੇਂ ਚੋਣ ਮੁਕਾਬਲੇ ਹੋਣਗੇ। ਇਸ ਦੇ ਨਾਲ ਹੀ ਅਗਲੀਆਂ ਚੋਣਾਂ ਸਬੰਧੀ ਪੰਜਾਬ ਦੇ ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੇ ਪਾਰਕਾਂ ਵਿੱਚ ਬੈਠੇ ਬਜ਼ੁਰਗਾਂ ਵਿੱਚ ਵੀ ਖੁੰਢ ਚਰਚਾ ਹੋਣੀ ਸ਼ੁਰੂ ਹੋ ਗਈ ਹੈ ਪਰ ਇਸ ਦੇ ਬਾਵਜੂਦ ਅਜੇ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਨਾ ਤਾਂ ਕੋਈ ਹਵਾ ਬਣੀ ਹੈ ਤੇ ਨਾ ਹੀ ਪੰਜਾਬ ਦੇ ਲੋਕਾਂ ਦਾ ਰੁਝਾਨ ਕਿਸੇ ਇੱਕ ਸਿਆਸੀ ਪਾਰਟੀ ਵੱਲ ਹੋਇਆ ਹੈ। ਜਿਸ ਕਰਕੇ ਅਜੇ ਇਹ ਕਹਿਣਾ ਮੁਸ਼ਕਿਲ ਹੈ ਕਿ ਪੰਜਾਬ ਦੀ ਸੱਤਾ ਦਾ ਅਗਲਾ ਸਰਦਾਰ ਕੌਣ ਬਣੇਗਾ ?

ਇਸ ਸਮੇਂ ਸਭ ਤੋਂ ਵਧੇਰੇ ਚਰਚਾ ਅਕਾਲੀ ਦਲ ਭਾਜਪਾ ਗੱਠਜੋੜ ਬਾਰੇ ਹੋ ਰਹੀ ਹੈ। ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਜਦੋਂ ਜੇਲ੍ਹ ਵਿੱਚ ਬੰਦ ਸਨ ਤਾਂ ਉਹਨਾਂ ਨਾਲ ਡੇਰਾ ਬਿਆਸ ਦੇ ਮੁਖੀ ਵੱਲੋਂ ਕੀਤੀ ਗਈ ਵਿਸ਼ੇਸ਼ ਮੁਲਾਕਾਤ ਨੇ ਨਵੀਂ ਚਰਚਾ ਛੇੜ ਦਿੱਤੀ। ਉਸ ਤੋਂ ਬਾਅਦ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆਂ ਵੱਲੋਂ ਨਸ਼ਿਆਂ ਖ਼ਿਲਾਫ਼ ਕੱਢੀ ਗਈ ਪੈਦਲ ਯਾਤਰਾ ਵਿੱਚ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਅਤੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਅਸ਼ਵਨੀ ਸ਼ਰਮਾ ਕਦਮ ਮਿਲਾ ਕੇ ਚੱਲਦੇ ਨਜ਼ਰ ਆਏ। ਉਹਨਾਂ ਦੇ ਅੱਗੇ ਅੱਗੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਚੱਲ ਰਹੇ ਸਨ। ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਇਸ ਯਾਤਰਾ ਤੋਂ ਦੂਰ ਰਹਿਣ ਕਰਕੇ ਅਕਾਲੀ ਦਲ ਭਾਜਪਾ ਦੇ ਮੁੜ ਤੋਂ ਬਗਲਗੀਰ ਹੋਣ ਦੀ ਚਰਚਾ ਛਿੜਨੀ ਸੁਭਾਵਿਕ ਹੈ।



ਅਕਾਲੀ ਦਲ ਬਾਦਲ ਅਤੇ ਭਾਜਪਾ ਵਿਚਾਲੇ ਲੰਬਾ ਸਮਾਂ ਸਿਆਸੀ ਸਾਂਝ ਰਹੀ ਹੈ ਜੋ ਕਿ ਸਾਲ 2020 ਵਿੱਚ ਕੇਂਦਰ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਬਿੱਲਾਂ ਕਾਰਨ ਟੁੱਟ ਗਈ ਸੀ। ਭਾਜਪਾ ਅਤੇ ਅਕਾਲੀ ਦਲ ਉਸ ਸਮੇਂ ਤੋਂ ਵੱਖ -ਵੱਖ ਰਾਹਾਂ ਉੱਪਰ ਚੱਲ ਰਹੇ ਹਨ। ਭਾਵੇਂ ਕਿ ਸਮੇਂ ਸਮੇਂ 'ਤੇ ਦੋਵਾਂ ਸਿਆਸੀ ਪਾਰਟੀਆਂ ਵਿਚਾਲੇ ਸਿਆਸੀ ਸਮਝੌਤਾ ਹੋਣ ਦੀ ਗੱਲ ਵੀ ਤੁਰਦੀ ਰਹਿੰਦੀ ਹੈ, ਪਰ ਇਹ ਗੱਲ ਅਜੇ ਪੂਰੀ ਨਹੀਂ ਹੋਈ। ਭਾਜਪਾ ਪੰਜਾਬ ਵਿੱਚ ਇਕੱਲਿਆਂ ਚੋਣਾਂ ਲੜ ਕੇ ਆਪਣਾ ਹਸ਼ਰ ਵੇਖ ਚੁੱਕੀ ਹੈ। ਇਸ ਦੇ ਨਾਲ ਹੀ ਭਾਜਪਾ ਪੰਜਾਬ ਵਿੱਚ ਸਿੱਖ ਪੱਤਾ ਵੀ ਖੇਡ ਚੁੱਕੀ ਹੈ, ਜਿਸ ਵਿੱਚ ਸਫਲਤਾ ਨਾ ਮਿਲਣ ਕਾਰਨ ਹੁਣ ਭਾਜਪਾ ਨੇ ਗੈਰ ਸਿੱਖਾਂ ਵੱਲ ਵਧੇਰੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਇਸ ਸਮੇਂ ਪੰਜਾਬ ਵਿੱਚ ਭਾਜਪਾ ਵੱਲੋਂ ਦਲਿਤ, ਹਿੰਦੂ, ਸ਼ਹਿਰੀ ਅਤੇ ਡੇਰਿਆਂ ਦੀਆਂ ਵੋਟਾਂ 'ਤੇ ਟੇਕ ਰੱਖੀ ਜਾ ਰਹੀ ਹੈ।

ਲੰਘੇ ਦਿਨੀਂ ਪੰਜਾਬ ਦੀ ਸਿਆਸਤ 'ਚ ਉਸ ਸਮੇਂ ਵੀ ਉਬਾਲ ਆ ਗਿਆ ਜਦੋਂ ਆਮ ਆਦਮੀ ਪਾਰਟੀ ਦੀ ਸੰਗਰੂਰ ਤੋਂ ਨੌਜਵਾਨ ਵਿਧਾਇਕਾ ਨਰਿੰਦਰ ਕੌਰ ਭਰਾਜ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ 'ਤੇ 'ਖ਼ਰੀਦੋ-ਫ਼ਰੋਖ਼ਤ' ਦੇ ਇਲਜ਼ਾਮ ਲਗਾਏ ਗਏ। ਇਹਨਾਂ ਇਲਜ਼ਾਮਾਂ ਨੇ ਸੂਬੇ ਦੇ ਸਿਆਸੀ ਤਾਪਮਾਨ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਇਸ ਨੂੰ 'ਸਿਆਸੀ ਪਖੰਡ' ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਉਕਤ ਵਿਧਾਇਕਾ ਨੂੰ ਜਾਣਦੇ ਤੱਕ ਨਹੀਂ। ਸਿਆਸੀ ਮਾਹਿਰ ਕਹਿੰਦੇ ਹਨ ਕਿ ਇਸ ਮਾਮਲੇ ਦੀ ਸੱਚਾਈ ਭਾਵੇਂ ਕੁਝ ਵੀ ਹੋਵੇ ਪਰ ਇਸ ਨੇ 'ਅਪਰੇਸ਼ਨ ਲੋਟਸ' ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ।

ਇਸੇ ਦੌਰਾਨ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੇਸ਼ਕਸ਼ ਕੀਤੀ ਹੈ ਕਿ ਜੇ ਕੈਪਟਨ ਮੁੜ ਕਾਂਗਰਸ ਵਿੱਚ ਆਉਣਾ ਚਾਹੁੰਦੇ ਹਨ ਤਾਂ ਹਾਈ ਕਮਾਨ ਵਿਚਾਰ ਕਰ ਸਕਦੀ ਹੈ। ਇਸ ਬਿਆਨ ਨੇ ਪੰਜਾਬ ਕਾਂਗਰਸ ਵਿਚਲੇ ਉਹਨਾਂ ਆਗੂਆਂ ਨੂੰ ਧੁੜਕੂ ਲਗਾ ਦਿੱਤਾ ਹੈ, ਜੋ ਮੁੱਖ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਹਨ। ਭਾਵੇਂ ਕੈਪਟਨ ਪਰਿਵਾਰ ਨੇ ਇਹਨਾਂ ਅਫ਼ਵਾਹਾਂ ਦਾ ਖੰਡਨ ਕੀਤਾ ਹੈ।

ਜੇ ਹੁਣ 'ਪੰਥਕ ਸਿਆਸਤ' ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਪੰਜਾਬ ਵਿੱਚ ਇੱਕ ਦਰਜਨ ਤੋਂ ਵਧੇਰੇ ਅਕਾਲੀ ਗਰੁੱਪ ਸਰਗਰਮ ਹਨ। ਸਾਰੇ ਅਕਾਲੀ ਗਰੁੱਪ ਆਪਣੇ ਆਪ ਨੂੰ ਅਸਲੀ ਅਕਾਲੀ ਦਲ ਕਹਿ ਰਹੇ ਹਨ ਪਰ 'ਤਕੜੀ' ਚੋਣ ਨਿਸ਼ਾਨ ਹੋਣ ਕਾਰਨ ਬਾਦਲ ਦਲ ਦਾ ਹੱਥ ਸਭ ਤੋਂ ਉੱਪਰ ਹੈ। ਦੂਜੇ ਪਾਸੇ ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਸਮੇਤ ਅਕਾਲੀ ਦਲ ਮਾਨ ਵੀ ਬਾਦਲ ਦਲ ਨੂੰ ਵੱਡੀ ਚੁਣੌਤੀ ਦੇ ਰਹੇ ਹਨ। ਧੜਿਆਂ 'ਚ ਵੰਡੀ ਅਕਾਲੀ ਸਿਆਸਤ ਨਾ ਤਾਂ ਪੰਥ ਦਾ ਕੁਝ ਸੁਆਰ ਰਹੀ ਹੈ ਤੇ ਨਾ ਹੀ ਇਹ ਸੱਤਾ ਪ੍ਰਾਪਤ ਕਰ ਸਕੀ ਹੈ। ਧੜੇਬੰਦੀ ਕਾਰਨ ਅਕਾਲੀ ਦਲ ਪੰਜਾਬ ਦੀ ਸੱਤਾ ਤੋਂ ਅਜੇ ਵੀ ਬਹੁਤ ਦੂਰ ਹੈ। ਹੁਣ ਆਉਣ ਵਾਲੀਆਂ ਅਗਲੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਜ਼ਰੂਰ ਅਸਲੀ ਤੇ ਨਕਲੀ ਅਕਾਲੀ ਦਲ ਦਾ ਫ਼ੈਸਲਾ ਕਰ ਦੇਣਗੇ ਕਿਉਂਕਿ ਪੰਥਕ ਵੋਟਾਂ ਜਿਹੜੇ ਪਾਸੇ ਉਲਾਰ ਹੋ ਜਾਣ ਉਸ ਸਿਆਸੀ ਪਾਰਟੀ ਦੀ ਜਿੱਤ ਹੋ ਸਕਦੀ ਹੈ। ਪਿਛਲੇ ਸਮੇਂ ਦੌਰਾਨ ਪੰਥਕ ਵੋਟਾਂ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵੱਲ ਵੀ ਭੁਗਤਦੀਆਂ ਰਹੀਆਂ, ਬਾਦਲ ਦਲ ਦੀ ਸਰਕਾਰ ਵੀ ਬਣਾਉਂਦੀਆਂ ਰਹੀਆਂ ਅਤੇ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪਾਰਟੀ ਦੇ ਆਗੂ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਵੀ ਭੁਗਤਦੀਆਂ ਰਹੀਆਂ। ਹੁਣ ਅਗਲੀਆਂ ਚੋਣਾਂ ਵਿੱਚ 'ਪੰਥਕ ਵੋਟਾਂ' ਕਿਸ ਪਾਰਟੀ ਨੂੰ ਹੁੰਗਾਰਾ ਭਰਦੀਆਂ ਹਨ, ਇਹ ਵੀ ਵੇਖਣ ਵਾਲੀ ਗੱਲ ਹੋਵੇਗੀ।

ਆਮ ਆਦਮੀ ਪਾਰਟੀ ਅਤੇ ਕਾਂਗਰਸ ਇਸ ਸਮੇਂ ਸ਼ਬਦੀ ਜੰਗ ਵਿੱਚ ਉਲਝੀਆਂ ਹੋਈਆਂ ਹਨ। ਇਹ ਸ਼ਬਦੀ ਜੰਗ ਸੀਨੀਅਰ ਕਾਂਗਰਸ ਨੇਤਾ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ ਖ਼ਿਲਾਫ਼ ਕੀਤੀ ਗਈ 'ਬੈਂਡ ਵਾਜੇ' ਵਾਲੀ ਟਿੱਪਣੀ ਤੋਂ ਸ਼ੁਰੂ ਹੋਈ। ਉਸ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਆਗੂ ਖੁੱਲ੍ਹ ਦੇ ਮੈਦਾਨ ਵਿੱਚ ਆ ਗਏ ਅਤੇ ਉਹਨਾਂ ਵੱਲੋਂ ਕਾਂਗਰਸ ਦੇ ਵੱਖ- ਵੱਖ ਆਗੂਆਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ ਗਏ। ਜਿਸ ਤਰੀਕੇ ਨਾਲ 'ਆਪ' ਤੇ ਕਾਂਗਰਸ ਆਗੂ ਆਪਸ ਵਿੱਚ ਮਿਹਣੋ ਮਿਹਣੀ ਹੋ ਰਹੇ ਹਨ, ਉਸ ਤੋਂ ਜਾਪਦਾ ਹੈ ਕਿ ਪੰਜਾਬ ਵਿੱਚ ਅਗਲੀਆਂ ਚੋਣਾਂ ਆਈਆਂ ਕਿ ਆਈਆਂ।

(ਬਾਕੀ ਸਫ਼ਾ 26 'ਤੇ)

# ਪੰਜਾਬੀ ਤਾਂ ਬੱਸ ਫ਼ੈਸਲਾ ਸੁਣਾਉਂਦੇ ਨੇ....

**ਬਲਰਾਜ ਪੰਨੂੰ**




ਸਿਆਸਤ ਦੇ ਵਿੱਚ ਉਬਾਲ ਆਉਣਾ ਸੁਭਾਵਿਕ ਗੱਲ ਹੈ ਪਰ ਜਿੱਥੋਂ ਤੱਕ ਪੰਜਾਬ ਦੀ ਸਿਆਸਤ ਦੀ ਗੱਲ ਹੈ ਉਹ 'ਤੇ ਉਬਲ਼ ਉਬਲ਼ ਕੇ ਆਪਣੇ ਕੰਢੇ ਲੂਹ ਰਹੀ ਹੈ। ਆਪਸ ਦੇ ਵਿੱਚ ਮਿਹਣੋ ਮਿਹਣੀ ਹੋਏ ਸਿਆਸਤਦਾਨ ਇਹ ਭੁੱਲ ਗਏ ਨੇ ਕਿ ਪੰਜਾਬ ਦੀ ਕਿਸਾਨੀ ਦੇ ਸਿਰ ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੋ ਰਹੀ ਹੈ। ਆਪਣੇ ਹੱਕ ਮੰਗਣ 'ਤੇ ਨੌਜਵਾਨਾਂ ਤੇ ਕਿਸਾਨਾਂ ਦੇ ਉੱਤੇ ਬੇਝਿਜਕ ਲਾਠੀਚਾਰਜ ਖਾਕੀ ਵਰਦੀ ਨੂੰ ਕਰਨ ਦੀ ਖੁੱਲ੍ਹ ਦਿੱਤੀ ਹੋਈ ਹੈ। ਨੌਜਵਾਨ ਪੀੜ੍ਹੀ ਨਿਰਾਸ਼ਾ 'ਚ ਡੁੱਬਦੀ ਜਾ ਰਹੀ ਹੈ ਤੇ ਗਲਤ ਹੀਲਿਆਂ ਵਸੀਲਿਆਂ ਦਾ ਹੱਥ-ਠੋਕਾ ਬਣ ਰਹੀ ਹੈ। 'ਅਪਰੇਸ਼ਨ ਪ੍ਰਹਾਰ' ਭਾਵੇਂ ਸਰਕਾਰ ਨੇ ਦੋ ਦੋ ਚਲਾਏ ਨੇ ਪਰ ਹਾਲੇ ਵੀ ਇਨਸਾਨ ਦੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ, ਪਤਾ ਨਹੀਂ ਕਿਹੜੇ ਮੋੜ 'ਤੇ ਕੋਈ ਬੇਕਿਰਕ ਜਿਹਾ ਇਨਸਾਨ ਉਨ੍ਹਾਂ ਦੀ ਜ਼ਿੰਦਗੀ ਰੂਪੀ ਵਹੀ ਖਾਤਾ ਬੰਦ ਕਰ ਦੇਵੇਗਾ। ਸਿੱਖਿਆ ਕ੍ਰਾਂਤੀ ਵਿੱਚ ਕੋਈ ਵੱਡੀ ਕ੍ਰਾਂਤੀ ਆਈ ਨਹੀਂ ਜਾਪਦੀ। ਇਸ ਦੀ ਤਾਜ਼ਾ ਉਦਾਹਰਣ ਇਹ ਹੈ ਕਿ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਮਾਛੀਵਾੜਾ ਸਾਹਿਬ ਦੇ ਸਰਕਾਰੀ ਸਕੂਲਾਂ 'ਚ ਅਚਨਚੇਤ ਛਾਪਾ ਮਾਰਨ ਗਏ ਤਾਂ ਆਪ ਸਰਕਾਰ ਦੀ ਸਿੱਖਿਆ ਕ੍ਰਾਂਤੀ ਨੇ ਮੂੰਹ ਚਿੜਾਉਂਦੇ ਹੋਏ ਇਹ ਜ਼ਾਹਿਰ ਕੀਤਾ ਕਿ 28 ਬੱਚਿਆਂ ਦੇ ਵਿਚੋਂ ਸਿਰਫ਼ 8 ਬੱਚੇ ਹੀ ਪੰਜਾਬੀ ਪੜ੍ਹ ਸਕੇ। ਸਮਝ ਨਹੀਂ ਆਉਂਦੀ ਕਿ ਵਿਦੇਸ਼ਾਂ ਤੋਂ ਟ੍ਰੇਨਿੰਗ ਲੈ ਕੇ ਆਏ ਪ੍ਰਿੰਸੀਪਲ ਤੇ ਟੀਚਰ ਚਾਰ ਸਾਲ ਦੇ ਵਿੱਚ 'ਕ੍ਰਾਂਤੀ' ਲਿਆਉਣ ਵਿੱਚ ਸਫ਼ਲ ਕਿਉਂ ਨਹੀਂ ਹੋ ਸਕੇ। ਅਸਲ ਵਿੱਚ ਟੀਚਰਾਂ ਦਾ ਵੀ ਕੀ ਕਸੂਰ ? ਮਰਦਮ ਸ਼ੁਮਾਰੀ ਦੇ ਲਈ ਵਿਚਾਰੇ ਗਲੀ ਗਲੀ ਭਟਕਦੇ ਰਹਿੰਦੇ ਨੇ ਤੇ ਜਾਂ ਫਿਰ ਹਾਕਮ ਸਰਕਾਰ ਦੀਆਂ ਰੈਲੀਆਂ ਦੇ ਵਿੱਚ ਭੀੜ ਵਧਾਉਣਾ ਉਨ੍ਹਾਂ ਦਾ ਮੁੱਖ ਕੰਮ ਹੈ। ਉਨ੍ਹਾਂ ਦੀ ਜ਼ਿੰਮੇਵਾਰੀ ਕੇਵਲ 'ਸਿੱਖਿਆ ਵਿੱਚ ਕ੍ਰਾਂਤੀ' ਲਿਆਉਣਾ ਨਹੀਂ ਸਗੋਂ ਸਰਕਾਰ ਦੇ ਹੋਰ ਕੰਮਾਂ ਵਿੱਚ ਵੀ ਕ੍ਰਾਂਤੀ ਲਿਆਉਣਾ ਹੈ।

ਜਿੱਥੋਂ ਤੱਕ ਗੱਲ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਹੈ ਤਾਂ ਲੰਘੇ ਦਿਨੀਂ ਆਮ ਆਦਮੀ ਪਾਰਟੀ ਦੀ ਮੋਗੇ ਦੀ ਰੈਲੀ ਚਰਚਾ ਦੇ ਵਿੱਚ ਰਹੀ। ਇਸ ਰੈਲੀ ਨੂੰ ਨਾਮ 'ਯੁੱਧ ਨਸ਼ਿਆਂ ਵਿਰੁੱਧ' ਦਿੱਤਾ ਗਿਆ ਪਰ ਜਿਸ ਤਰ੍ਹਾਂ ਸਰਕਾਰੀ ਮਸ਼ੀਨਰੀ ਦੀ ਰੱਜ ਕੇ ਦੁਰਵਰਤੋਂ ਹੋਈ, ਇਸ ਨੂੰ ਨਿੱਜੀ ਰੈਲੀ ਵੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਅਸਲ ਵਿੱਚ 2027 ਦੇ ਲਈ ਸਿਆਸੀ ਜ਼ਮੀਨ ਤਿਆਰ ਕਰਨ ਦੇ ਲਈ ਆਮ ਆਦਮੀ ਪਾਰਟੀ ਹੱਥ ਪੈਰ ਮਾਰ ਰਹੀ ਹੈ। 'ਆਪ' ਵਾਲਿਆਂ ਦੀ ਹਰ ਰੈਲੀ ਕੇਜਰੀਵਾਲ ਤੋਂ ਬਿਨਾਂ ਅਧੂਰੀ ਜਾਪਦੀ ਹੈ। ਦਿੱਲੀ ਦਰਬਾਰ ਹਰ ਗੱਲੇ ਕੱਥੇ ਪੰਜਾਬ ਦੇ ਵਿੱਚ ਆਪਣਾ ਲਾਮ ਲ਼ਸ਼ਕਰ ਲੈ ਕੇ ਪਹੁੰਚ ਜਾਂਦਾ ਹੈ ਤੇ ਪੰਜਾਬ ਦਾ ਮੁੱਖ ਮੰਤਰੀ ਵਿਚਾਰਾ ਮਾੜਚੂ ਜਿਹਾ ਇੱਕ ਖੂੰਜੇ ਲਗਾ ਦਿੱਤਾ ਜਾਂਦਾ ਹੈ ਜਾਂ ਬਿਮਾਰ ਕਰ ਦਿੱਤਾ ਜਾਂਦਾ ਹੈ। ਇੱਥੋਂ ਤੱਕ ਕਿ ਜੋ ਪ੍ਰੈਸ ਨੋਟ ਮੀਡੀਆ ਵਿੱਚ ਭੇਜੇ ਜਾਂਦੇ ਨੇ, ਉਨ੍ਹਾਂ ਵਿੱਚ ਵੀ ਰਾਜ ਦੇ ਮੁੱਖ ਮੰਤਰੀ ਦੀ ਜਗ੍ਹਾ ਸਭ ਤੋਂ ਥੱਲੇ ਤੇ ਕੇਜਰੀਵਾਲ ਦੇ ਬਿਆਨ ਸਭ ਤੋਂ ਉਪਰ ਲਿਖੇ ਹੁੰਦੇ ਹਨ। ਹਾਲਾਂ ਕਿ ਨਿਰਪੱਖ ਮੀਡੀਆ ਆਪਣੇ ਰਾਜ ਦੇ ਮੁੱਖ ਮੰਤਰੀ ਦੇ ਬਿਆਨ ਨੂੰ ਹੀ ਪਹਿਲ ਦਿੰਦੇ ਨੇ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਨੇ ਕਿ ਦਿੱਲੀ ਤੇ ਪੰਜਾਬ ਵਾਲਿਆਂ ਵਿੱਚ ਟਕਰਾਅ ਬਣਿਆ ਹੋਇਆ ਹੈ। ਚਲੋ ਇਹ ਤਾਂ ਉਹਨਾਂ ਦੀਆਂ ਨਿੱਜੀ ਗੱਲਾਂ ਨੇ ਪਰ ਇਹਨਾਂ ਰੈਲੀਆਂ ਵਿੱਚ ਪੰਜਾਬ ਦੀ ਪਟਵਾਰੀ ਯੂਨੀਅਨ ਬੜਾ ਕੁਰਲਾਈ ਹੈ। ਪਟਵਾਰੀ ਯੂਨੀਅਨ ਕਹਿ ਰਹੀ ਹੈ ਕਿ ਅਖੇ ਸਾਨੂੰ ਕੋਈ ਪਟਵਾਰ ਨਾਲ ਸਬੰਧਿਤ ਕੰਮ ਦਿਓ, ਰੈਲੀ ਵਿੱਚ ਕਿਉਂ ਸੱਦਿਐ। ਭਲੇ ਮਾਨਸੋ ਕੱਲੇ ਤੁਸੀਂ ਨਹੀਂ ਹੋ ਰੈਲੀ ਵਿੱਚ ਪੰਜਾਬ ਦਾ ਮਾਸਟਰ ਮਹਿਕਮਾ ਵੀ ਤਾਂ ਭੀੜ ਵਧਾਉਣ ਦੀ ਸ਼ੋਭਾ ਖੱਟਦਾ ਹੈ। ਅਸਲ ਵਿੱਚ ਜੋ ਭੁਲੇਖਾ ਆਪ ਪਾਰਟੀ ਪਾਲੀ ਬੈਠੀ ਹੈ, ਕਿ ਉਨ੍ਹਾਂ ਨੇ ਲੋਕ ਭਲਾਈ ਦੇ ਬਹੁਤ ਕੰਮ ਕੀਤੇ ਨੇ ਤੇ ਲੋਕ ਸਾਨੂੰ ਸੱਤਾ ਦੇ ਵਿੱਚ ਲੈ ਕੇ ਆਉਣਗੇ। ਅਸਲ ਵਿੱਚ ਇਹੋ ਜਿਹੀ ਨਾ ਤਾਂ ਕੋਈ ਹਵਾ ਹੈ ਤੇ ਨਾ ਹਨੇਰੀ। ਖੈਰ ਪੰਜਾਬ ਸਰਕਾਰ ਮਾਰਚ ਦੇ ਪਹਿਲੇ ਹਫ਼ਤੇ ਆਪਣਾ ਆਖਰੀ ਬਜਟ ਪੇਸ਼ ਕਰਨ ਜਾ ਰਹੀ ਹੈ। ਸੁਣਿਐ ਤਾਂ ਇਹ ਵੀ ਹੈ ਕਿ ਇਸ ਵਾਰ ਬੀਬੀਆਂ ਦੇ ਖਾਤੇ ਦੇ ਵਿੱਚ ਹਜ਼ਾਰ ਹਜ਼ਾਰ ਰੁਪਇਆ ਦੇ ਕੇ ਵੋਟ ਪੱਕੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਦੂਜੇ ਪਾਸੇ ਖ਼ਬਰ ਇਹ ਵੀ ਹੈ ਕਿ ਪੰਜਾਬ ਸਰਕਾਰ ਮਾਰਚ ਤੱਕ 12 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋਰ ਲੈ ਸਕਦੀ ਹੈ। ਪੰਜਾਬ ਸਰਕਾਰ ਨੂੰ ਆਮਦਨ ਕੋਈ ਨਹੀਂ, ਜ਼ਮੀਨਾਂ ਵੇਚੀਆਂ ਜਾ ਰਹੀਆਂ ਨੇ, ਸੋ ਤੁਹਾਡਾ ਹੀ ਸਿਰ ਤੇ ਤੁਹਾਡੀਆਂ ਹੀ ਜੁੱਤੀਆਂ। ਦੂਜੇ ਪਾਸੇ ਪਤਾ ਇਹ ਲੱਗਾ ਕਿ ਚਰਨਜੀਤ ਸਿੰਘ ਚੰਨੀ ਕਹਿੰਦੇ ਨੇ ਮੈਂ ਸਿਆਸਤ ਛੱਡ ਕੇ ਘਰੇ ਬੈਠ ਜਾਣਾ, ਕਿਉਂਕਿ ਮੈਨੂੰ ਪਾਰਟੀ ਵਾਲੇ ਖੁੱਲ੍ਹ ਕੇ ਬੋਲਣ ਨਹੀਂ ਦਿੰਦੇ। ਅਸਲ ਵਿੱਚ ਕਾਂਗਰਸ ਪਾਰਟੀ ਨੂੰ ਕੋਈ ਦੂਜੀ ਪਾਰਟੀ ਠਿੱਬੀ ਨਹੀਂ ਲਗਾ ਰਹੀ ਅਸਲ ਵਿੱਚ ਇਸ ਦੇ ਆਪਣੇ ਲੀਡਰ ਹੀ ਇੱਕ ਦੂਜੇ ਨਾਲ ਠਿੱਬੀਓ ਠਿੱਬੀ ਹੋਏ ਪਏ ਨੇ। ਹਾਲੇ ਗੋਹਲੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ ਭਾਵ ਚੋਣਾਂ ਹੋਈਆਂ ਨਹੀਂ, ਸਰਕਾਰ ਬਣੀ ਨਹੀਂ ਤੇ ਇਹ ਲੜ ਰਹੇ ਨੇ ਮੁੱਖ ਮੰਤਰੀ ਦੇ ਚਿਹਰੇ ਪਿੱਛੇ। ਪੰਜਾਬ ਦੀ ਕਾਂਗਰਸ ਦਾ ਤਾਂ ਰੱਬ ਹੀ ਰਾਖਾ ਪਰ ਇੱਕ ਗੱਲ ਇਹ ਵੀ ਸਾਹਮਣੇ ਆ ਰਹੀ ਹੈ ਕਿ 20 ਫਰਵਰੀ ਨੂੰ ਦਿੱਲੀ ਵਿੱਚ ਕਾਂਗਰਸ ਦੇ ਸਾਰੇ ਸਾਂਸਦਾਂ ਦੀ ਮੀਟਿੰਗ ਸੱਦੀ ਗਈ ਹੈ। ਇਹ ਮੀਟਿੰਗ ਦੇਸ਼ ਭਰ ਦੇ ਵਿੱਚ ਮਨਰੇਗਾ ਦੇ ਸਬੰਧ ਵਿੱਚ ਚਾਰ ਰੈਲੀਆਂ ਕੱਢਣ ਕਰਕੇ ਹੈ। ਇਹਨਾਂ ਰੈਲੀਆਂ ਦੀ ਕਮਾਂਡ ਰਾਹੁਲ ਗਾਂਧੀ ਤੇ ਪ੍ਰਿਯੰਕਾਂ ਗਾਂਧੀ ਸੰਭਾਲਣਗੇ। ਤੇ ਚਾਰ ਰੈਲੀਆਂ ਦੇ ਵਿਚੋਂ ਇੱਕ ਰੈਲੀ ਪੰਜਾਬ ਦੇ ਵਿੱਚ ਵੀ ਹੋਵੇਗੀ। ਪਤਾ ਨਹੀਂ ਪੰਜਾਬ ਦੀ ਲੀਡਰਸ਼ਿਪ ਹੁਣ ਇਹ ਰੈਲੀ ਵਾਲੇ ਦਿਨ ਵੀ ਮਿਹਣੋ ਮਿਹਣੀ ਹੋਵੇਗੀ ਜਾਂ ਏਕਤਾ ਵਿਖਾਏਗੀ।

ਉਧਰ ਸ਼੍ਰੋਮਣੀ ਅਕਾਲੀ ਦਲ ਨੇ 2027 ਦੇ ਲਈ ਵਾਅਦਿਆਂ ਦੀ ਝੜੀ ਲਗਾ ਦਿੱਤੀ ਹੈ। ਸੁਖਬੀਰ ਬਾਦਲ ਨੇ ਇੱਕ ਰੈਲੀ ਕਾਦੀਆਂ ਦੇ ਵਿੱਚ ਕੀਤੀ। ਮੁਹਿੰਮ ਦੀ ਸ਼ੁਰੂਆਤ 'ਪੰਜਾਬ ਬਚਾਓ ਤੇ ਸੁਖਬੀਰ ਬਾਦਲ ਲਿਆਓ' ਤੋਂ ਹੋਈ। ਅਕਾਲੀ ਪਾਰਟੀ ਦਾ ਚੋਣ ਮੈਨੀਫੈਸਟੋ ਹੁਣ ਤੋਂ ਹੀ ਸ਼ੁਰੂ ਹੋ ਗਿਆ। ਬੁਢਾਪਾ ਪੈਨਸ਼ਨ ਜੋ ਕਿ ਹੁਣ 1500 ਹੈ, ਇਸ ਨੂੰ 3100 ਕਰ ਦੇਣ ਦੀ ਗੱਲ ਕਹੀ। ਸੁਖਬੀਰ ਬਾਦਲ ਨੇ ਕਿਹਾ ਕਿ ਚਾਰ ਰੁਪਏ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਵਾਲੀ ਸਕੀਮ ਸਾਡੀ ਸਰਕਾਰ 'ਤੇ ਫੇਰ ਲੈ ਕੇ ਆਵੇਗੀ। ਸ਼ਗਨ ਸਕੀਮ 1 ਲੱਖ ਰੁਪਏ ਤੇ 10 ਲੱਖ ਰੁਪਏ ਦਾ ਨੌਜਵਾਨਾਂ ਨੂੰ ਬਿਨਾਂ ਵਿਆਜ ਤੋਂ ਲੋਨ ਦਿੱਤਾ ਜਾਵੇਗਾ। ਟਿਊਬ-ਵੈੱਲ ਕੁਨੈਕਸ਼ਨ ਮੁਫ਼ਤ ਪਰ ਇਹਨਾਂ ਸਾਰੇ ਵਾਅਦਿਆਂ ਦੇ ਵਿਚੋਂ ਇੱਕ ਵਾਅਦਾ ਨਵਾਂ ਤੇ ਦਿਲ ਟੁੰਬਵਾਂ ਵੀ ਲੱਗਿਆ ਜਦੋਂ ਸੁਖਬੀਰ ਬਾਦਲ ਨੇ ਕਿਹਾ ਕਿ ਨੌਕਰੀਆਂ ਵਿੱਚ ਪੰਜਾਬੀਆਂ ਨੂੰ ਪਹਿਲ ਦਿੱਤੀ ਜਾਵੇਗੀ। ਕੁਲ ਮਿਲਾ ਕੇ ਵਾਅਦਿਆਂ ਤੇ ਲਾਰਿਆਂ ਦਾ ਮਾਹੌਲ ਪੰਜਾਬ ਦੇ ਸਿਆਸਤਦਾਨ ਸਿਰਜ ਰਹੇ ਨੇ। ਸੋ ਖੁਸ਼ ਹੋ ਲਵੋ ਪੰਜਾਬੀਓ, ਤੁਹਾਨੂੰ ਆ ਜਿਹੜਾ ਕੁਝ ਸੱਤ ਅੱਠ ਮਹੀਨਿਆਂ ਦੇ ਵਿੱਚ ਮਿਲਣਾ, ਪਤਾ ਨਹੀਂ ਉਹ ਅਗਲੇ ਪੰਜ ਸਾਲਾਂ ਦੇ ਵਿੱਚ ਮਿਲੇ ਕਿ ਨਾ। ਵੈਸੇ ਇੱਕ ਗੱਲ ਹੈ ਕਿ ਪੰਜਾਬ ਵਾਸੀ ਨਾ ਤਾਂ ਇਹਨਾਂ ਦੇ ਲਾਰਿਆਂ ਵਿੱਚ ਉਲਝਦੇ ਨੇ ਤੇ ਨਾ ਹੀ ਇਹਨਾਂ ਦੇ ਵਾਅਦਿਆਂ ਦੀ ਕੋਈ ਤਵੱਕੋ ਰੱਖਦੇ ਨੇ। ਪੰਜਾਬੀ ਤਾਂ ਬੱਸ ਫੈਸਲਾ ਸੁਣਾਉਂਦੇ ਨੇ।

# ਕਾਂਗਰਸ ਵਿੱਚ ਚੰਨੀ ਦੀ ਨਰਾਜ਼ਗੀ ਅਤੇ ਜਾਤੀ ਵਿਵਾਦ ਦਾ ਸੰਕਟ ਕਿਉਂ ਵਧਿਆ ?

**➢ ਚੰਨੀ, ਰਾਜਾ ਵੜਿੰਗ ਅਤੇ ਲੀਡਰਸ਼ਿਪ ਖ਼ਿਲਾਫ਼ ਗੁੱਸੇ ਵਿੱਚ ਕਿਉਂ? ➢ ਕਾਂਗਰਸ ਦੀ ਆਪਸੀ ਖਿਚੋਤਾਣ ਦਾ ਫਾਇਦਾ ਭਾਜਪਾ ਨੂੰ ਹੋਣ ਦੀ ਸੰਭਾਵਨਾ**

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਕਾਂਗਰਸ ਵਿੱਚ ਅੰਦਰੂਨੀ ਫੁੱਟ ਅਤੇ ਲੀਡਰਸ਼ਿਪ ਦੇ ਮਤਭੇਦਾਂ ਨੇ ਪਾਰਟੀ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੱਡੀ ਚੁਣੌਤੀ ਵਿੱਚ ਘੇਰ ਲਿਆ ਹੈ। ਇੱਕ ਪਾਸੇ ਪਾਰਟੀ ਹਾਈਕਮਾਂਡ ਇਕਜੁੱਟਤਾ ਦਾ ਦਾਅਵਾ ਕਰ ਰਹੀ ਹੈ, ਤਾਂ ਦੂਜੇ ਪਾਸੇ ਸੀਨੀਅਰ ਆਗੂਆਂ ਵਿੱਚ ਆਪਸੀ ਖਿਚੋਤਾਣ ਨੇ ਪਾਰਟੀ ਨੂੰ ਅੰਦਰੂਨੀ ਜੰਗ ਦੇ ਕਗਾਰ ਤੇ ਖੜ੍ਹਾ ਕਰ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਨਰਾਜ਼ਗੀ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਨਖਿਧ ਮੰਨੇ ਜਾਣ ਵਾਲੇ ਬਿਆਨਾਂ ਅਤੇ ਹਾਈਕਮਾਂਡ ਦੀ ਚੁੱਪੀ ਨੇ ਪਾਰਟੀ ਨੂੰ ਵੱਡੇ ਸੰਕਟ ਵਿੱਚ ਘੇਰ ਲਿਆ ਹੈ। ਇਸ ਅੰਦਰੂਨੀ ਫੁੱਟ ਕਾਰਨ ਨਾ ਸਿਰਫ਼ ਕਾਂਗਰਸ ਦੀ ਚੋਣ ਜਿੱਤਣ ਦੀ ਸੰਭਾਵਨਾ ਘਟ ਰਹੀ ਹੈ, ਬਲਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਪੰਜਾਬ ਵਿੱਚ ਵੱਡੀ ਰਾਜਨੀਤਿਕ ਜਗ੍ਹਾ ਮਿਲਣ ਦੀ ਸੰਭਾਵਨਾ ਵਧ ਰਹੀ ਹੈ। ਪਾਰਟੀ ਨੇ ਇਸ ਸੰਕਟ ਨੂੰ ਨਿਪਟਾਉਣ ਲਈ 'ਡਿਨਰ ਡਿਪਲੋਮੇਸੀ' ਵਰਗੇ ਨਵੇਂ ਤਰੀਕੇ ਅਪਣਾਏ ਹਨ, ਪਰ ਕੀ ਇਹ ਕਾਫ਼ੀ ਹੋਵੇਗੀ ?

**ਪੰਜਾਬ ਕਾਂਗਰਸ ਵਿੱਚ ਫੁੱਟ ਕਿਉਂ ਪੈ ਰਹੀ ਹੈ ?**

ਇਹ ਸਵਾਲ ਅੱਜ ਕੱਲ੍ਹ ਪੰਜਾਬ ਦੀ ਰਾਜਨੀਤੀ ਵਿੱਚ ਗੂੰਜ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਕਾਂਗਰਸ ਨੇ ਪੰਜਾਬ ਵਿੱਚ ਵੱਡੀ ਜਿੱਤ ਹਾਸਲ ਕੀਤੀ ਸੀ, ਪਰ ਹੁਣ ਅੰਦਰੂਨੀ ਮਤਭੇਦਾਂ ਨੇ ਪਾਰਟੀ ਨੂੰ ਕਮਜ਼ੋਰ ਕਰ ਦਿੱਤਾ ਹੈ। ਮੁੱਖ ਕਾਰਨ ਹੈ ਲੀਡਰਸ਼ਿਪ ਵਿੱਚ ਅਹੰਕਾਰ ਅਤੇ ਨਿੱਜੀ ਹਿੱਤਾਂ ਦਾ ਟਕਰਾਅ। ਸਾਬਕਾ ਮੁੱਖ ਮੰਤਰੀ ਚੰਨੀ ਨੂੰ ਲੈ ਕੇ ਵਿਵਾਦ ਸਭ ਤੋਂ ਵੱਡਾ ਹੈ। ਚੰਨੀ ਨੇ ਹਾਲ ਹੀ ਵਿੱਚ ਇੱਕ ਮੀਟਿੰਗ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਬਦਨਾਮ ਕਰਨ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ, ਜੇਕਰ ਕਹੋ ਤਾਂ ਮੈਂ ਘਰ ਬੈਠ ਜਾਂਦਾ ਹਾਂ।




ਚੰਨੀ ਦੀ ਨਰਾਜ਼ਗੀ ਦਾ ਮੁੱਖ ਕਾਰਨ ਹੈ ਪਾਰਟੀ ਵਿੱਚ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾਣਾ ਹੈ। ਪਿਛਲੇ ਦਿਨੀਂ ਚੰਨੀ ਨੇ ਅਨੁਸੂਚਿਤ ਜਾਤੀ ਵਿੰਗ ਦੀ ਮੀਟਿੰਗ ਵਿੱਚ ਕਿਹਾ ਸੀ ਕਿ ਦਲਿਤਾਂ ਨੂੰ ਅਹੁਦੇ ਦੇਣ ਦੀ ਬਜਾਏ ਜੱਟਾਂ ਨੂੰ ਉੱਚ ਪਦਵੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਵੀਡੀਓ ਵਾਇਰਲ ਹੋ ਗਈ ਅਤੇ ਉਨ੍ਹਾਂ ਨੂੰ ਵਿਵਾਦ ਵਿੱਚ ਘੇਰ ਲਿਆ। ਚੰਨੀ ਨੂੰ ਲੱਗਦਾ ਹੈ ਕਿ ਇਹ ਸਭ ਪਾਰਟੀ ਵਿੱਚ ਉਨ੍ਹਾਂ ਦੇ ਵਿਰੋਧੀਆਂ ਦੀ ਕਰਤੂਤ ਹੈ, ਜਿਨ੍ਹਾਂ ਵਿੱਚ ਰਾਜਾ ਵੜਿੰਗ ਅਤੇ ਹੋਰ ਸੀਨੀਅਰ ਆਗੂ ਸ਼ਾਮਲ ਹਨ। ਚੰਨੀ ਦੀ ਨਰਾਜ਼ਗੀ ਨਾ ਸਿਰਫ਼ ਵੜਿੰਗ ਤੋਂ ਹੈ, ਬਲਕਿ ਪੂਰੀ ਲੀਡਰਸ਼ਿਪ ਤੋਂ ਹੈ ਜੋ ਉਨ੍ਹਾਂ ਨੂੰ ਸਾਬਕਾ ਮੁੱਖ ਮੰਤਰੀ ਵਜੋਂ ਪੂਰਾ ਸਨਮਾਨ ਨਹੀਂ ਦੇ ਰਹੀ।

ਰਾਜਸੀ ਮਾਹਿਰਾਂ ਅਨੁਸਾਰ ਪੰਜਾਬ ਵਿੱਚ ਕਾਂਗਰਸ ਦੀ ਮਜ਼ਬੂਤੀ ਉਸ ਦੀ ਏਕਤਾ ਤੇ ਨਿਰਭਰ ਕਰਦੀ ਹੈ। ਪਿਛਲੀਆਂ ਚੋਣਾਂ ਵਿੱਚ ਵੀ ਅੰਦਰੂਨੀ ਮਤਭੇਦਾਂ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਸੀ। ਅੱਜ ਜਦੋਂ ਆਮ ਆਦਮੀ ਪਾਰਟੀ (ਆਪ) ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਮਜ਼ਬੂਤ ਹਨ, ਤਾਂ ਕਾਂਗਰਸ ਦੀ ਫੁੱਟ ਸਿੱਧੇ ਤੌਰ 'ਤੇ ਭਾਜਪਾ ਨੂੰ ਫਾਇਦਾ ਪਹੁੰਚਾਏਗੀ। ਭਾਜਪਾ ਪਹਿਲਾਂ ਹੀ ਪੰਜਾਬ ਵਿੱਚ ਆਪਣੀ ਜੜ੍ਹਾਂ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹੈ। ਕਿਸਾਨ ਅੰਦੋਲਨ ਤੋਂ ਬਾਅਦ ਭਾਜਪਾ ਨੂੰ ਨੁਕਸਾਨ ਹੋਇਆ ਸੀ, ਪਰ ਹੁਣ ਕਾਂਗਰਸ ਦੀ ਅੰਦਰੂਨੀ ਜੰਗ ਨੇ ਉਨ੍ਹਾਂ ਨੂੰ ਨਵਾਂ ਮੌਕਾ ਦਿੱਤਾ ਹੈ। ਜੇਕਰ ਕਾਂਗਰਸ ਲੀਡਰਸ਼ਿਪ ਇਕਠੀ ਨਾ ਰਹੀ ਤਾਂ ਭਾਜਪਾ ਪੰਜਾਬ ਵਿੱਚ ਕਾਫੀ ਸੀਟਾਂ ਹਾਸਲ ਕਰ ਸਕਦੀ ਹੈ ਅਤੇ ਸਰਕਾਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਦੀ ਫੁੱਟ ਕਾਰਨ ਵੋਟਰਾਂ ਵਿੱਚ ਨਿਰਾਸ਼ਾ ਫੈਲ ਰਹੀ ਹੈ ਅਤੇ ਉਹ ਹੋਰ ਵਿਕਲਪਾਂ ਵੱਲ ਵੇਖ ਰਹੇ ਹਨ, ਜਿਸ ਵਿੱਚ ਭਾਜਪਾ ਸ਼ਾਮਲ ਹੈ।

**ਕਾਂਗਰਸ ਵੱਲੋਂ ਸੰਕਟ ਨੂੰ ਨਿਪਟਾਉਣ ਲਈ 'ਡਿਨਰ ਡਿਪਲੋਮੇਸੀ' ਦਾ ਸਹਾਰਾ**

ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵਿਵਾਦ ਮਿਟਾਉਣ ਲਈ ਡਿਨਰ ਡਿਪਲੋਮੇਸੀ ਦੀ ਸ਼ੁਰੂਆਤ ਕੀਤੀ ਹੈ ਅਤੇ ਲੰਘੀ ਰਾਤ ਸੀਨੀਅਰ ਆਗੂਆਂ ਨੂੰ ਰਾਤਰੀ ਭੋਜ ਦਿੱਤਾ ਸੀ। ਇਸ ਵਿੱਚ ਪੰਜਾਬ ਕਾਂਗਰਸ ਇੰਚਾਰਜ ਭੁਪੇਸ਼ ਬਘੇਲ, ਰਾਜਾ ਵੜਿੰਗ, ਚੰਨੀ ਅਤੇ ਹੋਰ ਆਗੂ ਸ਼ਾਮਲ ਹੋਏ ਸਨ। ਹਾਈਕਮਾਂਡ ਨੇ ਇਸ ਨੂੰ ਅਪਣਾਇਆ ਕਿਉਂਕਿ ਰਸਮੀ ਮੀਟਿੰਗਾਂ ਵਿੱਚ ਆਗੂ ਆਪਣੇ ਮਤਭੇਦ ਖੁੱਲ੍ਹ ਕੇ ਨਹੀਂ ਕਹਿੰਦੇ, ਪਰ ਅਜਿਹੇ ਗੈਰ-ਰਸਮੀ ਮੌਕਿਆਂ ਉਪਰ ਖੁਲ੍ਹੇ ਵਿਵਾਦ ਮਿਟਾਉਣ ਦਾ ਮੌਕਾ ਮਿਲਦਾ ਹੈ। ਬਾਜਵਾ ਦੀ ਕੋਠੀ ਵਿੱਚ ਹੋਈ ਇਸ ਮੀਟਿੰਗ ਵਿੱਚ ਆਗੂਆਂ ਨੇ ਇੱਕ-ਦੂਜੇ ਦੀ ਤਾਰੀਫ਼ ਵੀ ਕੀਤੀ ਅਤੇ ਤਣਾਅ ਦੇ ਮਾਹੌਲ ਨੂੰ ਸ਼ਾਂਤ ਕੀਤਾ। ਪਰ ਕੁਝ ਆਗੂ ਜਿਵੇਂ ਪਰਗਟ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਗੈਰਹਾਜ਼ਰ ਰਹੇ, ਜੋ ਇਸ ਨੂੰ ਅੰਸ਼ਕ ਸਫਲਤਾ ਹੀ ਮੰਨਦੇ ਹਨ। ਆਉਣ ਵਾਲੇ ਦਿਨਾਂ ਵਿੱਚ ਅਜਿਹੇ ਹੋਰ ਡਿਨਰ ਹੋਣਗੇ, ਜਿਸ ਨਾਲ ਪਾਰਟੀ ਇਕਜੁੱਟਤਾ ਦਾ ਸੰਦੇਸ਼ ਦੇਣਾ ਚਾਹੁੰਦੀ ਹੈ। ਇਹ ਡਿਪਲੋਮੇਸੀ ਅਗਾਮੀ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਏਕਤਾ ਵਿਖਾਉਣ ਲਈ ਅਪਣਾਈ ਗਈ ਹੈ, ਕਿਉਂਕਿ ਵਿਰੋਧੀ ਪਾਰਟੀਆਂ ਕਾਂਗਰਸ ਦੀ ਫੁੱਟ ਨੂੰ ਆਧਾਰ ਬਣਾਕੇ ਹਮਲੇ ਕਰ ਰਹੀਆਂ ਹਨ।

(ਬਾਕੀ ਸ਼ਫ਼ਾ 27 'ਤੇ)

# ਕੀ 'ਆਪ' ਹੱਥੋਂ ਪੰਜਾਬ ਨਿਕਲ ਜਾਵੇਗਾ?

## ਪੰਜਾਬ ਵਿੱਚ ਵਾਪਸੀ ਦੀ ਕੀ ਹੈ ਤਿਆਰੀ ਅਤੇ 'ਆਪ' ਦਾ ਪੰਜਾਬ ਵਿੱਚ ਕੀ ਹੈ ਭਵਿੱਖ ?

## ਅਰਵਿੰਦ ਕੇਜਰੀਵਾਲ ਦੀ ਪਰਦੇ ਪਿੱਛੇ ਕੀ ਹੈ ਰਣਨੀਤੀ ?


ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916



ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਤੇ ਸਾਬਕਾ ਦਿੱਲੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅੱਜ ਕੱਲ੍ਹ ਰਾਜਨੀਤਕ ਤੌਰ 'ਤੇ ਪਰਦੇ ਪਿੱਛੇ ਰਹਿੰਦੇ ਹੋਏ ਨਜ਼ਰ ਆ ਰਹੇ ਹਨ। ਦਿੱਲੀ ਵਿਧਾਨ ਸਭਾ ਚੋਣਾਂ ਵਿੱਚ 2025 ਵਿੱਚ ਭਾਰੀ ਹਾਰ ਤੋਂ ਬਾਅਦ ਉਨ੍ਹਾਂ ਨੇ ਆਪਣੇ ਆਪ ਨੂੰ ਸਾਹਮਣੇ ਤੋਂ ਹਟਾ ਲਿਆ ਹੈ ਅਤੇ ਪਾਰਟੀ ਨੂੰ ਨਵੇਂ ਸਿਰਿਉਂ ਤਿਆਰ ਕਰਨ ਦੀ ਰਣਨੀਤੀ ਘੜਨੀ ਸ਼ੁਰੂ ਕਰ ਦਿੱਤੀ ਹੈ। ਪਾਰਟੀ ਦੇ ਜਾਣਕਾਰ ਸੂਤਰਾਂ ਅਨੁਸਾਰ, ਕੇਜਰੀਵਾਲ ਦਾ ਇੱਕ ਸੂਤਰੀ ਏਜੰਡਾ ਹੈ – ਅਗਲੇ ਸਾਲ 2027 ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਵਾਪਸੀ ਅਤੇ ਸੱਤਾ ਬਚਾਉਣਾ ਹੈ। ਇਸ ਤੋਂ ਇਲਾਵਾ ਗੋਆ ਅਤੇ ਗੁਜਰਾਤ ਵਿੱਚ ਵੀ ਪਾਰਟੀ ਨੂੰ ਮਜ਼ਬੂਤ ਕਰਨਾ ਹੈ, ਜਿੱਥੇ ਅਗਲੇ ਸਾਲ ਹੀ ਚੋਣਾਂ ਹੋਣੀਆਂ ਹਨ।

ਦਿੱਲੀ ਵਿੱਚ ਹਾਰ ਤੋਂ ਬਾਅਦ ਕੇਜਰੀਵਾਲ ਨੇ ਆਪਣੇ ਨੂੰ ਜਾਣਬੁੱਝ ਕੇ ਪਰਦੇ ਪਿੱਛੇ ਰੱਖਿਆ ਸੀ। ਉਨ੍ਹਾਂ ਨੇ ਪਾਰਟੀ ਦੇ ਸੀਨੀਅਰ ਨੇਤਾਵਾਂ ਨੂੰ ਵੀ ਦਿੱਲੀ ਤੋਂ ਬਾਹਰ ਭੇਜ ਦਿੱਤਾ ਸੀ। ਮਨੀਸ਼ ਸਿਸੋਦੀਆ ਵਰਗੇ ਨੇਤਾ ਵੀ ਹੁਣ ਪੰਜਾਬ ਵਿੱਚ ਜ਼ਿਆਦਾ ਸਰਗਰਮ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਸੀ ਕਿ ਕੇਜਰੀਵਾਲ ਨੇ ਦਿੱਲੀ ਵਿੱਚ ਰੇਖਾ ਗੁਪਤਾ ਸਰਕਾਰ ਦੇ ਸਿਰਫ਼ ਤਿੰਨ ਮਹੀਨਿਆਂ ਦੇ ਕੰਮ ਨੂੰ ਵੇਖ ਕੇ ਫ਼ੈਸਲਾ ਕਰ ਲਿਆ ਸੀ ਕਿ ਇੱਥੇ ਆਪ ਦਾ ਟਿਕਾਣਾ ਸੰਭਵ ਨਹੀਂ । ਦਿੱਲੀ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ 2030 ਵਿੱਚ ਹਨ ਅਤੇ ਇਸ ਤੋਂ ਪਹਿਲਾਂ ਲੋਕ ਸਭਾ ਚੋਣਾਂ ਵੀ ਆਉਣਗੀਆਂ।

ਪੰਜਾਬ ਵਿੱਚ ਆਪ ਦੀ ਸਰਕਾਰ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਹੈ ਅਤੇ ਇਹ ਪਾਰਟੀ ਲਈ ਇੱਕਮਾਤਰ ਸੱਤਾਧਾਰੀ ਰਾਜ ਹੈ। 2022 ਵਿੱਚ 92 ਸੀਟਾਂ ਜਿੱਤ ਕੇ ਆਪ ਨੇ ਵੱਡੀ ਜਿੱਤ ਹਾਸਲ ਕੀਤੀ ਸੀ ਪਰ ਹੁਣ ਚੋਣਾਂ ਨੇੜੇ ਆਉਂਦਿਆਂ ਚੁਣੌਤੀਆਂ ਵਧ ਰਹੀਆਂ ਹਨ। ਕੇਜਰੀਵਾਲ ਨੇ ਸ਼ੁਰੂ ਵਿੱਚ ਪੰਜਾਬ ਵਿੱਚ ਬਹੁਤ ਸਰਗਰਮੀ ਨਾਲ ਕੰਮ ਕੀਤਾ ਸੀ। ਉਹ ਹਰ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨਾਲ ਨਜ਼ਰ ਆਉਂਦੇ ਸਨ ਅਤੇ ਮਾਨ ਉਨ੍ਹਾਂ ਦੇ ਨਾਲ ਅਸਿਸਟੈਂਟ ਵਾਂਗ ਚੱਲਦੇ ਨਜ਼ਰ ਆਉਂਦੇ ਸਨ। ਪਰ ਹੁਣ ਕੇਜਰੀਵਾਲ ਪੂਰੀ ਤਰ੍ਹਾਂ ਪਰਦੇ ਪਿੱਛੇ ਹੋ ਗਏ ਹਨ। ਪਾਰਟੀ ਸੂਤਰਾਂ ਅਨੁਸਾਰ ਇਹ ਜਾਣਬੁੱਝ ਕੇ ਕੀਤਾ ਗਿਆ ਹੈ ਤਾਂ ਜੋ ਪੰਜਾਬ ਵਿੱਚ ਲੋਕਲ ਲੀਡਰਸ਼ਿਪ ਨੂੰ ਮੌਕਾ ਮਿਲੇ ਅਤੇ ਰਿਮੋਟ ਕੰਟਰੋਲ ਦੇ ਇਲਜ਼ਾਮਾਂ ਤੋਂ ਬਚਿਆ ਜਾ ਸਕੇ। ਪਾਰਟੀ ਨੇ ਦਿੱਲੀ ਵਿੱਚ ਨਵਾਂ ਢਾਂਚਾ ਤਿਆਰ ਕਰਨ ਦਾ ਸੰਦੇਸ਼ ਵੀ ਦਿੱਤਾ ਹੈ। ਸੌਰਭ ਭਾਰਦਵਾਜ ਨੂੰ ਦਿੱਲੀ ਪ੍ਰਧਾਨ ਬਣਾਇਆ ਗਿਆ ਹੈ ਅਤੇ ਉਨ੍ਹਾਂ ਨੂੰ ਨਵੀਂ ਟੀਮ ਬਣਾਉਣ ਦੀ ਛੋਟ ਦਿੱਤੀ ਗਈ ਹੈ। ਆਤਿਸ਼ੀ ਨੂੰ ਗੋਆ ਦਾ ਪ੍ਰਭਾਰੀ ਬਣਾਇਆ ਗਿਆ ਹੈ, ਗੋਪਾਲ ਰਾਏ ਨੂੰ ਗੁਜਰਾਤ ਅਤੇ ਸੰਜੇ ਸਿੰਘ ਯੂਪੀ ਵਿੱਚ ਸਰਗਰਮ ਹਨ। ਰਾਘਵ ਚੱਢਾ ਪੰਜਾਬ ਤੋਂ ਰਾਜ ਸਭਾ ਮੈਂਬਰ ਹਨ ਪਰ ਉਹ ਜ਼ਿਆਦਾ ਸਮਾਂ ਮੁੰਬਈ ਵਿੱਚ ਬਿਤਾਉਂਦੇ ਹਨ। ਇਸ ਨਾਲ ਪੰਜਾਬ ਵਿੱਚ ਭਗਵੰਤ ਮਾਨ ਅਤੇ ਲੋਕਲ ਲੀਡਰਾਂ ਨੂੰ ਜ਼ਿਆਦਾ ਜ਼ਿੰਮੇਵਾਰੀ ਮਿਲ ਰਹੀ ਹੈ।

ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਲਈ ਕੇਂਦਰੀ ਅਥਾਰਟੀ ਅਤੇ ਰੀਜਨਲ ਆਟੋਨੋਮੀ ਵਿਚਕਾਰ ਬੈਲੰਸ ਬਣਾਉਣਾ ਬਹੁਤ ਜ਼ਰੂਰੀ ਹੈ। ਜੇ ਪੰਜਾਬ ਵਿੱਚ ਸਫ਼ਲਤਾ ਮਿਲੀ ਤਾਂ ਇਹ ਪਾਰਟੀ ਨੂੰ ਰਾਸ਼ਟਰੀ ਪੱਧਰ 'ਤੇ ਬਚਾਅ ਸਕਦੀ ਹੈ ਅਤੇ ਹਿਮਾਚਲ ਪ੍ਰਦੇਸ਼ ਵਰਗੇ ਰਾਜਾਂ ਵਿੱਚ ਵਿਸਥਾਰ ਵੀ ਕਰ ਸਕਦੀ ਹੈ। ਪਰ ਜੇ ਪੰਜਾਬ ਵਿੱਚ ਹਾਰ ਹੋਈ ਤਾਂ ਆਪ ਦੀ ਰਾਜਨੀਤਕ ਹੋਂਦ ਖਤਰੇ ਵਿੱਚ ਪੈ ਸਕਦੀ ਹੈ। ਆਪ ਨੂੰ ਆਪਣੀ ਰਣਨੀਤੀ ਬਦਲਣੀ ਪਵੇਗੀ। 'ਦਿੱਲੀ ਮਾਡਲ' ਨੂੰ ਛੱਡ ਕੇ ਹੁਣ 'ਪੰਜਾਬ ਮਾਡਲ' ਬਣਾਉਣਾ ਪਵੇਗਾ। ਭਗਵੰਤ ਮਾਨ ਸਰਕਾਰ ਨੂੰ ਸਿਹਤ, ਸਿੱਖਿਆ ਰੁਜ਼ਗਾਰ, ਖੇਤੀ ਅਤੇ ਬਿਜਲੀ ਵਰਗੇ ਖੇਤਰਾਂ ਵਿੱਚ ਵੱਡੀਆਂ ਸਫ਼ਲਤਾਵਾਂ ਦਿਖਾਉਣੀਆਂ ਪੈਣਗੀਆਂ।

**ਪੰਜਾਬ 2027: ਰਾਹ ਵਿੱਚ ਵੱਡੇ ਰੋੜੇ**

?ਭਾਵੇਂ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ 'ਆਪ' ਨੇ ਜਿੱਤ ਹਾਸਲ ਕੀਤੀ ਹੈ, ਪਰ ਵਿਧਾਨ ਸਭਾ ਦੀ ਰਾਹ ਇੰਨੀ ਸੌਖੀ ਨਹੀਂ ਹੈ:

5 ਸਾਲਾਂ ਦੇ ਰਾਜ ਤੋਂ ਬਾਅਦ ਵੋਟਰ ਹਮੇਸ਼ਾ ਹਿਸਾਬ ਮੰਗਦਾ ਹੈ। ਮੁਫ਼ਤ ਬਿਜਲੀ ਦਾ ਫ਼ੈਕਟਰ ਹੁਣ ਪੁਰਾਣਾ ਹੋ ਚੁੱਕਾ ਹੈ, ਲੋਕ ਹੁਣ ਬੁਨਿਆਦੀ ਢਾਂਚੇ ਅਤੇ ਪੱਕੀਆਂ ਨੌਕਰੀਆਂ ਦੀ ਮੰਗ ਕਰ ਰਹੇ ਹਨ।

ਹੁਣ ਤੱਕ 'ਆਪ' ਦਿੱਲੀ ਦੇ ਸਿੱਖਿਆ ਅਤੇ ਸਿਹਤ ਮਾਡਲ ਨੂੰ ਵੇਚ ਕੇ ਵੋਟਾਂ ਮੰਗਦੀ ਸੀ। ਪਰ ਦਿੱਲੀ ਵਿੱਚ ਹਾਰ ਨੇ ਸਾਬਤ ਕਰ ਦਿੱਤਾ ਕਿ ਇਹ ਮਾਡਲ ਕਾਰਗਰ ਨਹੀਂ ਹੈ, ਪੰਜਾਬ ਵਿੱਚ ਨਹੀਂ ਚਲ ਸਕਦਾ।

ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿੱਥੇ ਕਰਜ਼ਾ, ਨਸ਼ਾ ਅਤੇ ਬੇਰੁਜ਼ਗਾਰੀ ਵੱਡੇ ਮੁੱਦੇ ਹਨ। ਕੇਜਰੀਵਾਲ ਦੀ ਨਵੀਂ ਰਣਨੀਤੀ ਹੁਣ 'ਪੰਜਾਬ ਮਾਡਲ' 'ਤੇ ਕੇਂਦਰਿਤ ਹੈ, ਜਿੱਥੇ ਯੂਨੀਵਰਸਲ ਹੈਲਥਕੇਅਰ ਅਤੇ ਸਥਾਨਕ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕੀਤੀ ਜਾ ਰਹੀ ਹੈ।? ਦਿੱਲੀ ਵਿੱਚ ਲੱਗੇ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਨੇ ਪਾਰਟੀ ਦੇ 'ਕੱਟੜ ਇਮਾਨਦਾਰ' ਅਕਸ ਨੂੰ ਢਾਹ ਲਾਈ ਹੈ। ਪੰਜਾਬ ਵਿੱਚ ਵੀ ਜੇਕਰ ਕੋਈ ਵੱਡਾ ਸਕੈਮ ਸਾਹਮਣੇ ਆਉਂਦਾ ਹੈ, ਤਾਂ ਕੇਜਰੀਵਾਲ ਦੀ 'ਪਰਦੇ ਪਿੱਛੇ' ਦੀ ਰਣਨੀਤੀ ਫ਼ੇਲ੍ਹ ਹੋ ਸਕਦੀ ਹੈ।

ਪੰਜਾਬ ਦੀ ਸਿਆਸਤ ਵਿੱਚ ਕਿਸਾਨ ਜਥੇਬੰਦੀਆਂ ਅਤੇ ਧਾਰਮਿਕ ,ਪੰਥਕ ਮੁੱਦਿਆਂ ਦਾ ਵੱਡਾ ਰੋਲ ਹੈ। 'ਆਪ' ਨੂੰ ਇਨ੍ਹਾਂ ਦੋਵਾਂ ਮੋਰਚਿਆਂ 'ਤੇ ਸੰਤੁਲਨ ਬਣਾ ਕੇ ਰੱਖਣਾ ਪਵੇਗਾ। ਹੁਣ ਤੱਕ ਬੇਅਦਬੀ ਮਸਲੇ ਤੇ ਬੰਦੀ ਸਿੱਖਾਂ ਦੀ ਰਿਹਾਈ ਦੇ ਮਸਲੇ ਉਪਰ ਫ਼ੇਲ ਹੋਈ ਹੈ।

(ਬਾਕੀ ਸਫ਼ਾ 26 'ਤੇ)



## 'ਵਾਰਿਸ ਪੰਜਾਬ ਦੇ' ਅਤੇ ਨਵੇਂ ਅਕਾਲੀ ਦਲ ਦਾ ਸਿਆਸਤ ਉਪਰ ਕੀ ਪ੍ਰਭਾਵ ਹੈ ?





ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ 'ਵਾਰਿਸ ਪੰਜਾਬ ਦੇ' ਨੇ ਨੌਜਵਾਨਾਂ ਦੇ ਇੱਕ ਹਿੱਸੇ ਵਿੱਚ ਬਹੁਤ ਪ੍ਰਭਾਵ ਪਾਇਆ ਹੈ। ਇਹ ਜਥੇਬੰਦੀ ਸਿੱਧੀ ਚੋਣ ਸਿਆਸਤ ਵਿੱਚ ਨਹੀਂ ਹੈ, ਪਰ ਇਸ ਨੇ ਪੰਜਾਬ ਵਿੱਚ 'ਪੰਥਕ ਏਜੰਡੇ' ਨੂੰ ਮੁੜ ਤੋਂ ਕੇਂਦਰ ਵਿੱਚ ਲਿਆਂਦਾ ਹੈ। ਇਸ ਦਾ ਸਭ ਤੋਂ ਵੱਡਾ ਅਸਰ ਇਹ ਹੋਇਆ ਹੈ ਕਿ ਰਵਾਇਤੀ ਅਕਾਲੀ ਦਲ (ਬਾਦਲ) ਨੂੰ ਹੁਣ ਆਪਣੀ ਪੰਥਕ ਪਛਾਣ ਬਚਾਉਣ ਲਈ ਵਧੇਰੇ ਸਖ਼ਤ ਸਟੈਂਡ ਲੈਣਾ ਪੈ ਰਿਹਾ ਹੈ। ਜੇਕਰ ਇਹ ਲਹਿਰ ਸਿਆਸੀ ਰੂਪ ਲੈਂਦੀ ਹੈ (ਜਿਵੇਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਦੀ ਜਿੱਤ), ਤਾਂ ਇਹ ਰਵਾਇਤੀ ਪਾਰਟੀਆਂ ਦੀਆਂ ਵੋਟਾਂ ਵਿੱਚ ਵੱਡੀ ਸੰਨ੍ਹ ਲਾਏਗੀ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਸੁਧਾਰ ਲਹਿਰ) ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ, ਰਵੀਇੰਦਰ ਸਿੰਘ, ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਬੀਬੀ ਜਾਗੀਰ ਕੌਰ ਵਰਗੇ ਆਗੂ ਸ਼ਾਮਲ ਹਨ, ਇੱਕ ਨਵਾਂ ਬਦਲ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਧੜਾ ਉਨ੍ਹਾਂ ਵੋਟਰਾਂ ਨੂੰ ਖਿੱਚ ਸਕਦਾ ਹੈ ਜੋ ਅਕਾਲੀ ਦਲ ਦੀ ਵਿਚਾਰਧਾਰਾ ਨਾਲ ਤਾਂ ਜੁੜੇ ਹੋਏ ਹਨ ਪਰ ਬਾਦਲ ਪਰਿਵਾਰ ਤੋਂ ਨਾਰਾਜ਼ ਹਨ। ਇਤਿਹਾਸ ਗਵਾਹ ਹੈ ਕਿ ਅਕਾਲੀ ਦਲ ਤੋਂ ਟੁੱਟ ਕੇ ਬਣੇ ਧੜੇ (ਜਿਵੇਂ ਟੌਹੜਾ ਜਾਂ ਤਲਵੰਡੀ ਧੜਾ) ਲੰਬਾ ਸਮਾਂ

(ਬਾਕੀ ਸਫ਼ਾ 26 'ਤੇ)

## ਕੀ ਅਕਾਲੀ ਦਲ ਦਾ ਉਭਾਰ ਹੋ ਸਕੇਗਾ ?




ਅਕਾਲੀ ਦਲ ਦਾ ਉਭਾਰ ਹੋਵੇਗਾ ਜਾਂ ਨਹੀਂ, ਇਹ ਸਿਰਫ਼ 'ਆਪ' ਦੀ ਹਾਰ 'ਤੇ ਨਿਰਭਰ ਨਹੀਂ ਕਰਦਾ, ਸਗੋਂ ਅਕਾਲੀ ਦਲ ਦੀ ਆਪਣੀ ਅੰਦਰੂਨੀ ਸਥਿਤੀ 'ਤੇ ਨਿਰਭਰ ਕਰਦਾ ਹੈ।

ਇਸ ਦਾ ਇੱਕ ਡੂੰਘਾ ਵਿਸ਼ਲੇਸ਼ਣ ਹੇਠ ਲਿਖੇ ਨੁਕਤਿਆਂ ਰਾਹੀਂ ਕੀਤਾ ਜਾ ਸਕਦਾ ਹੈ:

**1. ਪੰਥਕ ਵੋਟ ਬੈਂਕ ਦੀ ਵਾਪਸੀ ਦੀ ਸੰਭਾਵਨਾ**

ਸਿੱਖ ਵੋਟਰ ਜੋ 'ਆਪ' ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ, ਉਹ ਕੁਦਰਤੀ ਤੌਰ 'ਤੇ ਇੱਕ ਮਜ਼ਬੂਤ ਖੇਤਰੀ ਬਦਲ ਦੀ ਤਲਾਸ਼ ਕਰਨਗੇ। ਜੇਕਰ ਬਾਦਲ ਅਕਾਲੀ ਦਲ ਇਹ ਸਾਬਤ ਕਰ ਦੇਵੇ ਕਿ ਉਹ ਹੀ ਪੰਜਾਬ ਦੇ ਹੱਕਾਂ (ਪਾਣੀ, ਚੰਡੀਗੜ੍ਹ ਅਤੇ ਬੰਦੀ ਸਿੰਘਾਂ) ਲਈ ਦਿੱਲੀ ਨਾਲ ਮੱਥਾ ਲਾ ਸਕਦਾ ਹੈ, ਤਾਂ ਉਸ ਦੀ ਵਾਪਸੀ ਸੰਭਵ ਹੈ। ਪਾਰਟੀ 'ਤੇ ਅਜੇ ਵੀ ਬੇਅਦਬੀ ਕਾਂਡ ਅਤੇ ਪਿਛਲੇ ਰਾਜ ਦੌਰਾਨ ਹੋਈਆਂ ਗਲਤੀਆਂ ਦੇ ਦਾਗ ਹਨ। ਜਦੋਂ ਤੱਕ ਸਿੱਖ ਸੰਗਤ ਪੂਰੀ ਤਰ੍ਹਾਂ ਮੁਆਫ਼ ਨਹੀਂ ਕਰਦੀ, ਉਭਾਰ ਮੁਸ਼ਕਿਲ ਹੈ।

**2. ਲੀਡਰਸ਼ਿਪ ਦਾ ਸੰਕਟ ਅਤੇ ਅੰਦਰੂਨੀ ਬਗਾਵਤ**

ਅਕਾਲੀ ਦਲ ਇਸ ਸਮੇਂ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਅੰਦਰੂਨੀ ਸੰਕਟ ਵਿੱਚੋਂ ਲੰਘ ਰਿਹਾ ਹੈ। ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਪਾਰਟੀ ਦੇ ਅੰਦਰ ਹੀ ਸੁਧਾਰ ਲਹਿਰ ਚੱਲ ਰਹੀ ਹੈ। ਜੇਕਰ ਪਾਰਟੀ ਦੋਫ਼ਾੜ ਹੁੰਦੀ ਹੈ, ਤਾਂ 'ਆਪ' ਤੋਂ ਨਾਰਾਜ਼ ਵੋਟ ਦਾ ਫ਼ਾਇਦਾ ਅਕਾਲੀ ਦਲ ਦੀ ਬਜਾਏ ਕਾਂਗਰਸ ਨੂੰ ਮਿਲ ਸਕਦਾ ਹੈ।

ਅਕਾਲੀ ਦਲ ਦੇ ਉਭਾਰ ਲਈ ਪਾਰਟੀ ਨੂੰ ਇੱਕ ਅਜਿਹੀ ਲੀਡਰਸ਼ਿਪ ਪੇਸ਼ ਕਰਨੀ ਪਵੇਗੀ ਜੋ ਨੌਜਵਾਨਾਂ ਨੂੰ ਖਿੱਚ ਸਕੇ ਅਤੇ ਜਿਸ ਦਾ ਅਕਸ ਸਾਫ਼ ਹੋਵੇ।

**3. 'ਆਪ' ਦੀ ਹਾਰ ਦਾ ਅਸਲ ਫ਼ਾਇਦੇਮੰਦ ਕੌਣ ?**

ਰਾਜਨੀਤੀ ਦਾ ਨਿਯਮ ਹੈ ਕਿ ਜਦੋਂ ਸੱਤਾਧਾਰੀ ਪਾਰਟੀ ਕਮਜ਼ੋਰ ਹੁੰਦੀ ਹੈ, ਤਾਂ ਵੋਟ ਵੰਡੀ ਜਾਂਦੀ ਹੈ।

ਕਾਂਗਰਸ ਦਾ ਫ਼ੈਕਟਰ: ਪੰਜਾਬ ਵਿੱਚ ਕਾਂਗਰਸ ਅਜੇ ਵੀ ਇੱਕ ਮਜ਼ਬੂਤ ਸੰਗਠਨ ਹੈ। ਜੇਕਰ ਅਕਾਲੀ ਦਲ ਕਮਜ਼ੋਰ ਰਹਿੰਦਾ ਹੈ, ਤਾਂ 'ਆਪ' ਦਾ ਐਂਟੀ-ਵੋਟ ਸਿੱਧਾ ਕਾਂਗਰਸ ਵੱਲ ਜਾ ਸਕਦਾ ਹੈ।

ਭਾਜਪਾ ਦੀ ਵਧਦੀ ਸਰਗਰਮੀ: ਭਾਜਪਾ ਵੀ ਪੰਜਾਬ ਵਿੱਚ ਸ਼ਹਿਰੀ ਅਤੇ ਸਿੱਖ ਵੋਟਾਂ ਤੇ ਦਲਿਤਾਂ ਵਿੱਚ ਸੰਨ੍ਹ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ।

**4. ਖੇਤਰੀ ਪਾਰਟੀ ਦੀ ਲੋੜ**

ਪੰਜਾਬ ਵਿੱਚ ਇੱਕ ਵੱਡਾ ਵਰਗ ਅਜਿਹਾ ਹੈ ਜੋ ਮੰਨਦਾ ਹੈ ਕਿ 'ਆਪ', 'ਕਾਂਗਰਸ' ਅਤੇ 'ਭਾਜਪਾ' ਤਿੰਨੋਂ ਦਿੱਲੀ ਤੋਂ ਚਲਦੀਆਂ ਹਨ। ਜੇਕਰ ਅਕਾਲੀ ਦਲ ਆਪਣੇ ਆਪ ਨੂੰ ਮੁੜ ਤੋਂ ਇੱਕ ਸ਼ੁੱਧ 'ਖੇਤਰੀ ਜਥੇਬੰਦੀ' ਵਜੋਂ ਸਥਾਪਿਤ ਕਰ ਲਵੇ, ਜੋ ਸਿਰਫ਼ ਪੰਜਾਬ ਦੇ ਹਿੱਤਾਂ ਦੀ ਗੱਲ ਕਰੇ, ਤਾਂ ਸਿੱਖ ਮਾਨਸਿਕਤਾ ਮੁੜ ਇਸ ਵੱਲ ਝੁਕ ਸਕਦੀ ਹੈ।

'ਆਪ' ਦੀ ਢਾਹ ਅਕਾਲੀ ਦਲ ਲਈ ਇੱਕ 'ਸੁਨਹਿਰੀ ਮੌਕਾ' ਹੈ, ਪਰ ਇਹ 'ਗਾਰੰਟੀ' ਨਹੀਂ ਹੈ। ਅਕਾਲੀ ਦਲ ਦਾ ਉਭਾਰ ਤਦ ਹੀ ਹੋਵੇਗਾ ਜੇਕਰ ਪਾਰਟੀ ਆਪਣੀਆਂ ਪੁਰਾਣੀਆਂ ਗਲਤੀਆਂ ਲਈ ਜਨਤਕ ਤੌਰ 'ਤੇ ਭਰੋਸਾ ਜਿੱਤ ਸਕੇ। ਅੰਦਰੂਨੀ ਕਲੇਸ਼ ਖਤਮ ਕਰਕੇ ਇੱਕਜੁੱਟ ਹੋਵੇ। ਅਕਾਲੀ ਦਲ ਸਿਰਫ਼ ਪੰਥਕ ਮੁੱਦੇ ਹੀ ਨਹੀਂ, ਸਗੋਂ ਪੰਜਾਬ ਦੀ ਆਰਥਿਕਤਾ ਅਤੇ ਨੌਜਵਾਨਾਂ ਦੇ ਭਵਿੱਖ ਦਾ ਰੋਡਮੈਪ ਪੇਸ਼ ਕਰੇ।

## ਅਕਾਲੀ ਦਲ ਦਾ ਭਵਿੱਖ ਕੀ ਹੋਵੇਗਾ ?

ਪੰਜਾਬ ਵਿੱਚ ਪਿਛਲੇ ਚਾਰ ਸਾਲਾਂ (2022-2026) ਦੇ ਸਫ਼ਰ ਵਿੱਚ ਸਿੱਖ ਸਮਾਜ ਦੇ ਇੱਕ ਵੱਡੇ ਹਿੱਸੇ ਵਿੱਚ ਪਾਰਟੀ ਪ੍ਰਤੀ ਅਸੰਤੁਸ਼ਟੀ ਪੈਦਾ ਹੋਈ ਹੈ। ਇਸ ਅਸੰਤੁਸ਼ਟੀ ਦੇ ਮੁੱਖ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਕਾਰਨ ਹੇਠ ਲਿਖੇ ਹਨ:

**1. ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ**

ਸਿੱਖ ਜਗਤ ਵਿੱਚ 'ਬੰਦੀ ਸਿੰਘਾਂ' (ਉਹ ਸਿੱਖ ਕੈਦੀ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ) ਦੀ ਰਿਹਾਈ ਇੱਕ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਹੈ। ਦਿੱਲੀ ਵਿੱਚ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਸੈਂਟੈਂਸ ਰਿਵਿਊ ਬੋਰਡ' ਵੱਲੋਂ ਪ੍ਰੋਫ਼ੈਸਰ ਦਵਿੰਦਰਪਾਲ ਸਿੰਘ ਭੁੱਲਰ ਵਰਗੇ ਕੈਦੀਆਂ ਦੀ ਰਿਹਾਈ 'ਤੇ ਲਗਾਤਾਰ ਲਗਾਈ ਗਈ ਰੋਕ ਨੇ ਸਿੱਖ ਪੰਥ ਵਿੱਚ ਗੁੱਸਾ ਪੈਦਾ ਕੀਤਾ। ਪੰਜਾਬ ਵਿੱਚ ਸਰਕਾਰ ਹੋਣ ਦੇ ਬਾਵਜੂਦ 'ਆਪ' ਇਸ ਮੁੱਦੇ 'ਤੇ ਕੇਂਦਰ ਜਾਂ ਦਿੱਲੀ ਪ੍ਰਸ਼ਾਸਨ 'ਤੇ ਦਬਾਅ ਬਣਾਉਣ ਵਿੱਚ ਅਸਫ਼ਲ ਰਹੀ ਹੈ।

**2. ਬੇਅਦਬੀ ਅਤੇ ਇਨਸਾਫ਼ ਵਿੱਚ ਦੇਰੀ**

2022 ਦੀਆਂ ਚੋਣਾਂ ਵਿੱਚ 'ਆਪ' ਨੇ ਵਾਅਦਾ ਕੀਤਾ ਸੀ ਕਿ ਉਹ ਬੇਅਦਬੀ ਦੇ ਮਾਮਲਿਆਂ (ਬਰਗਾੜੀ ਅਤੇ ਬਹਿਬਲ ਕਲਾਂ) ਵਿੱਚ ਤੁਰੰਤ ਇਨਸਾਫ਼ ਦਿਵਾਉਣਗੇ। ਭਾਵੇਂ ਕੁਝ ਚਾਰਜਸ਼ੀਟਾਂ ਦਾਖਲ ਹੋਈਆਂ, ਪਰ ਸਿੱਖ ਸੰਗਤ ਨੂੰ ਲੱਗਦਾ ਹੈ ਕਿ ਅਸਲ 'ਵੱਡੇ ਦੋਸ਼ੀ' ਅਜੇ ਵੀ ਕਾਨੂੰਨ ਦੀ ਪਕੜ ਤੋਂ ਬਾਹਰ ਹਨ। ਨਿਆਂ ਪ੍ਰਕਿਰਿਆ ਦੀ ਸੁਸਤ ਰਫ਼ਤਾਰ ਨੇ 'ਬਦਲਾਅ' ਦੇ ਦਾਅਵੇ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

**3. 'ਦਿੱਲੀ ਦਖਲਅੰਦਾਜ਼ੀ' ਅਤੇ ਰਿਮੋਟ ਕੰਟਰੋਲ**

ਸਿੱਖ ਮਾਨਸਿਕਤਾ ਹਮੇਸ਼ਾ 'ਪੰਜਾਬੀਅਤ'

(ਬਾਕੀ ਸਫ਼ਾ 26 'ਤੇ)

# ਅਮਰੀਕਾ ਵੱਲੋਂ ਨਵੇਂ ਨਜ਼ਰਬੰਦੀ ਕੇਂਦਰ ਬਣਾਉਣ ਦੀ ਤਿਆਰੀ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ਵੱਡੀ ਗਿਣਤੀ ਵਿੱਚ ਨਵੇਂ ਨਜ਼ਰਬੰਦੀ ਕੇਂਦਰ ਬਣਾਉਣ ਦੀ ਤਿਆਰੀ ਕਰ ਰਿਹਾ ਹੈ। ਇਸਦਾ ਉਦੇਸ਼ ਅਮਰੀਕਾ ਵਿੱਚ ਰਹਿ ਰਹੇ ਵਿਅਕਤੀਆਂ ਨੂੰ ਬਿਨਾਂ ਸਹੀ ਦਸਤਾਵੇਜ਼ਾਂ ਦੇ ਹਿਰਾਸਤ ਵਿੱਚ ਰੱਖਣਾ ਹੈ। ਇਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਹਿਰਾਸਤ ਵਿੱਚ ਲਿਆ ਜਾਵੇਗਾ, ਫਿਰ ਉਨ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੇਲੂ ਦੇਸ਼ਾਂ ਵਿੱਚ ਭੇਜ ਦਿੱਤਾ ਜਾਵੇਗਾ। ਨਿਊ ਹੈਂਪਸ਼ਾਇਰ ਦੇ ਗਵਰਨਰ ਕੈਲੀ ਅਯੋਟੇ ਦੇ ਦਫ਼ਤਰ ਦੀ ਇੱਕ ਯੋਜਨਾ ਅਨੁਸਾਰ, ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ਆਈਸੀਈ) ਇਸ ਸਾਲ ਦੇ ਅੰਤ ਤੱਕ ਹਜ਼ਾਰਾਂ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਰੱਖਣ ਅਤੇ ਉਨ੍ਹਾਂ ਦੀ ਪ੍ਰਕਿਰਿਆ ਕਰਨ ਲਈ 38.3 ਬਿਲੀਅਨ ਡਾਲਰ ਖਰਚ ਕਰਨ ਦੀ ਤਿਆਰੀ ਕਰ ਰਿਹਾ ਹੈ। ਫਿਰ ਇਨ੍ਹਾਂ ਵਿਅਕਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ।

**ਕੀ ਹੈ ਨਜ਼ਰਬੰਦੀ ਕੇਂਦਰਾਂ ਦੀ ਪੂਰੀ ਯੋਜਨਾ?**

ਯੋਜਨਾ ਅਨੁਸਾਰ, ਆਈਸੀਈ 16 ਇਮਾਰਤਾਂ ਖਰੀਦੇਗਾ, ਉਨ੍ਹਾਂ ਦਾ ਨਵੀਨੀਕਰਨ ਕਰੇਗਾ ਅਤੇ ਉਨ੍ਹਾਂ ਨੂੰ 'ਖੇਤਰੀ ਪ੍ਰੋਸੈਸਿੰਗ ਕੇਂਦਰਾਂ' ਵਿੱਚ ਬਦਲ ਦੇਵੇਗਾ। ਇਨ੍ਹਾਂ ਕੇਂਦਰਾਂ ਵਿੱਚ ਔਸਤਨ 3 ਤੋਂ 7 ਦਿਨਾਂ ਲਈ 1,000 ਤੋਂ 1,500 ਲੋਕਾਂ ਨੂੰ ਰੱਖਿਆ ਜਾਵੇਗਾ। ਇਸ ਤੋਂ ਇਲਾਵਾ, ਅੱਠ ਵੱਡੇ ਨਜ਼ਰਬੰਦੀ ਕੇਂਦਰ ਬਣਾਏ ਜਾਣਗੇ, ਜੋ ਲਗਭਗ 60 ਦਿਨਾਂ ਲਈ 7,000 ਤੋਂ 10,000 ਲੋਕਾਂ ਨੂੰ ਰੱਖਣ ਦੇ ਸਮਰੱਥ ਹੋਣਗੇ। ਇਹ ਵੱਡੇ ਕੇਂਦਰ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਪ੍ਰਵਾਸੀਆਂ ਲਈ ਮੁੱਖ ਸਥਾਨ ਹੋਣਗੇ। 935 10 ਹੋਰ ਪਹਿਲਾਂ ਤੋਂ ਮੌਜੂਦ ਸਹੂਲਤਾਂ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਵੇਗਾ ਜਿੱਥੇ ਏਜੰਸੀ ਪਹਿਲਾਂ ਤੋਂ ਕੰਮ ਕਰ ਰਹੀ ਹੈ।



ਯੋਜਨਾ ਵਿੱਚ ਕਿਹਾ ਗਿਆ ਹੈ ਕਿ ਆਈਸੀਈ 2026 ਤੱਕ 12,000 ਨਵੇਂ ਏਜੰਟਾਂ ਨੂੰ ਨਿਯੁਕਤ ਕਰੇਗਾ। ਇਸ ਸਮੇਂ ਤੋਂ ਬਾਅਦ ਗ੍ਰਿਫਤਾਰੀਆਂ ਵਧਣ ਦੀ ਉਮੀਦ ਹੈ, ਜਿਸ ਨਾਲ ਹੋਰ ਨਜ਼ਰਬੰਦੀ ਕੇਂਦਰਾਂ ਦੀ ਜ਼ਰੂਰਤ ਪਵੇਗੀ। ਦਸਤਾਵੇਜ਼ ਦੇ ਅਨੁਸਾਰ, ਇਹ ਨਵਾਂ ਮਾਡਲ ਆਈਸੀਆਈ ਨੂੰ ਇਕਰਾਰਨਾਮੇ ਵਾਲੇ ਕੇਂਦਰਾਂ ਦੀ ਗਿਣਤੀ ਘਟਾਉਣ, ਕੁੱਲ ਬਿਸਤਰੇ ਦੀ ਸਮਰੱਥਾ ਵਧਾਉਣ, ਨਜ਼ਰਬੰਦੀ ਪ੍ਰਬੰਧਨ ਵਿੱਚ ਸੁਧਾਰ ਕਰਨ ਅਤੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਵਿੱਚ ਮਦਦ ਕਰੇਗਾ।

**ਕੇਂਦਰਾਂ 'ਚ ਕਿਹੜੀਆਂ-ਕਿਹੜੀਆਂ ਸਹੂਲਤਾਂ ਹੋਣਗੀਆਂ?**

ਆਈਸੀਈ ਠੇਕੇਦਾਰਾਂ ਦੀ ਮਦਦ ਨਾਲ ਇਮਾਰਤਾਂ ਦਾ ਨਵੀਨੀਕਰਨ ਕਰੇਗਾ। ਇਹਨਾਂ ਕੇਂਦਰਾਂ ਵਿੱਚ ਨਜ਼ਰਬੰਦੀ ਸੈੱਲ,ਮੈਡੀਕਲ ਅਤੇ ਦੰਦਾਂ ਦੀਆਂ ਸੇਵਾਵਾਂ

ਕੈਂਟੀਨ, ਲਾਬੀਆਂ ਅਤੇ ਮਨੋਰੰਜਨ ਖੇਤਰ, ਡਾਰਮਿਟੋਰੀਅਮ, ਕਚਹਿਰੀਆਂ ਦੀਆਂ ਸਹੂਲਤਾਂ ਸ਼ਾਮਲ ਹੋਣਗੀਆਂ।

ਦਸਤਾਵੇਜ਼ ਦਾਅਵਾ ਕਰਦਾ ਹੈ ਕਿ ਇਹ ਕੇਂਦਰ 'ਸੁਰੱਖਿਅਤ ਅਤੇ ਮਨੁੱਖੀ ਨਾਗਰਿਕ ਨਜ਼ਰਬੰਦੀ' ਨੂੰ ਯਕੀਨੀ ਬਣਾਉਣਗੇ।

**ਕੀ ਫੰਡ ਮਿਲ ਚੁੱਕਾ ਹੈ?**

ਇਨ੍ਹਾਂ ਨਜ਼ਰਬੰਦੀ ਕੇਂਦਰਾਂ ਲਈ ਫੰਡਿੰਗ ਜੁਲਾਈ 2025 ਵਿੱਚ ਰਿਪਬਲਿਕਨ-ਨਿਯੰਤਰਿਤ ਕਾਂਗਰਸ ਦੁਆਰਾ ਪਾਸ ਕੀਤੇ ਗਏ ਇੱਕ ਵੱਡੇ ਖਰਚ ਪੈਕੇਜ ਤੋਂ ਆਵੇਗੀ। 'ਇੱਕ ਵੱਡਾ ਸੁੰਦਰ ਬਿੱਲ' ਨਾਮਕ ਇਹ ਪੈਕੇਜ, ਇਮੀਗ੍ਰੇਸ਼ਨ ਲਾਗੂ ਕਰਨ ਲਈ 170 ਬਿਲੀਅਨ ਡਾਲਰ ਪ੍ਰਦਾਨ ਕਰਦਾ ਹੈ, ਜਿਸ ਵਿੱਚੋਂ 45 ਬਿਲੀਅਨ ਡਾਲਰ ਨਜ਼ਰਬੰਦੀ ਲਈ ਰੱਖੇ ਗਏ ਹਨ। ਇਸ ਦੇ ਮੁਕਾਬਲੇ, ਵਿੱਤੀ ਸਾਲ 2024 ਦੇ ਬਜਟ ਵਿੱਚ ਇਮੀਗ੍ਰੇਸ਼ਨ ਨਜ਼ਰਬੰਦੀ ਲਈ 3.4 ਬਿਲੀਅਨ ਡਾਲਰ ਅਲਾਟ ਕੀਤੇ ਗਏ ਸਨ। ਇਹ ਖਰਚ ਵਿੱਚ ਇੱਕ ਮਹੱਤਵਪੂਰਨ ਵਾਧਾ ਦਰਸਾਉਂਦਾ ਹੈ।

**ਇਨ੍ਹਾਂ ਕੇਂਦਰਾਂ ਦੀ ਲੋੜ ਕਿਉਂ ਪਈ?**

ਦਸਤਾਵੇਜ਼ ਅਨੁਸਾਰ, ਇਹ ਸਾਰੀਆਂ ਸਹੂਲਤਾਂ ਨਵੰਬਰ 2026 ਦੇ ਅੰਤ ਤੱਕ ਕਾਰਜਸ਼ੀਲ ਹੋ ਜਾਣਗੀਆਂ। ਇਸ ਨਾਲ ਆਈਸੀਈ ਦੀ ਕੁੱਲ ਬਿਸਤਰੇ ਦੀ ਸਮਰੱਥਾ 92,600 ਹੋ ਜਾਵੇਗੀ। ਸਰਕਾਰੀ ਅੰਕੜਿਆਂ ਦੇ ਅਨੁਸਾਰ, ਜਨਵਰੀ 2025 ਵਿੱਚ ਡੋਨਾਲਡ ਟਰੰਪ ਦੇ ਦੁਬਾਰਾ ਅਹੁਦਾ ਸੰਭਾਲਣ ਤੋਂ ਬਾਅਦ 935 ਹਿਰਾਸਤ ਵਿੱਚ ਲੋਕਾਂ ਦੀ ਗਿਣਤੀ ਲਗਭਗ 74% ਵਧ ਗਈ ਹੈ। ਵਰਤਮਾਨ ਵਿੱਚ ਇਹ ਗਿਣਤੀ 68,000 ਤੋਂ ਵੱਧ ਦੱਸੀ ਜਾ ਰਹੀ ਹੈ।

**ਅੱਗੇ ਹੋਰ ਸਖ਼ਤੀ ਦੇ ਸੰਕੇਤ**

ਡੋਨਾਲਡ ਟਰੰਪ ਦੇ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਵਾਧਾ ਹੋਇਆ ਹੈ। ਪ੍ਰਸ਼ਾਸਨ ਨੇ ਵੱਡੇ ਸ਼ਹਿਰਾਂ ਵਿੱਚ ਇਮੀਗ੍ਰੇਸ਼ਨ ਏਜੰਟਾਂ ਦੀ ਗਿਣਤੀ ਵਧਾ ਦਿੱਤੀ ਹੈ, ਗੈਰ-ਕਾਨੂੰਨੀ ਪ੍ਰਵਾਸੀਆਂ ਦੀਆਂ ਗ੍ਰਿਫ਼ਤਾਰੀਆਂ ਤੇਜ਼ ਕਰ ਦਿੱਤੀਆਂ ਹਨ, ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਵਾਲਿਆਂ ਵਿਰੁੱਧ ਸਖ਼ਤ ਰੁਖ਼ ਅਪਣਾਇਆ ਹੈ, ਅਤੇ ਲੱਖਾਂ ਪ੍ਰਵਾਸੀਆਂ ਦੀ ਅਸਥਾਈ ਕਾਨੂੰਨੀ ਸਥਿਤੀ ਨੂੰ ਰੱਦ ਕਰ ਦਿੱਤਾ ਹੈ। ਆਉਣ ਵਾਲੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਵਿਰੋਧ ਦੇ ਸੰਕੇਤਾਂ ਦੇ ਬਾਵਜੂਦ, ਟਰੰਪ ਪ੍ਰਸ਼ਾਸਨ ਇਸ ਸਾਲ ਇਮੀਗ੍ਰੇਸ਼ਨ ਕਾਰਵਾਈ ਨੂੰ ਹੋਰ ਤੇਜ਼ ਕਰਨ ਦੀ ਤਿਆਰੀ ਕਰ ਰਿਹਾ ਹੈ। ਕਾਂਗਰਸ ਨੇ ਹਜ਼ਾਰਾਂ ਏਜੰਟਾਂ ਨੂੰ ਨਿਯੁਕਤ ਕਰਨ, ਕਿਸੇ ਵੀ ਸਮੇਂ 100,000 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲੈਣ ਅਤੇ ਸੰਭਾਵੀ ਇਮੀਗ੍ਰੇਸ਼ਨ ਅਪਰਾਧੀਆਂ ਦੀ ਨਿਗਰਾਨੀ ਵਧਾਉਣ ਲਈ ਆਈਸੀਈ ਨੂੰ ਫੰਡ ਦਿੱਤਾ ਹੈ।

## ਇਰਾਨ 'ਚ ਸੱਤਾ ਤਬਦੀਲੀ ਜ਼ਰੂਰੀ : ਟਰੰਪ



ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਰਾਨ ਵਿੱਚ ਸ਼ਾਸਨ ਤਬਦੀਲੀ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਟਰੰਪ ਦੀਆਂ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਅਮਰੀਕਾ ਅਤੇ ਇਰਾਨ ਵਿਚਕਾਰ ਤਣਾਅ ਲਗਾਤਾਰ ਵਧ ਰਿਹਾ ਹੈ ਅਤੇ ਅਮਰੀਕੀ ਪ੍ਰਸ਼ਾਸਨ ਇਰਾਨ ਵਿਰੁੱਧ ਫ਼ੌਜੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਿਹਾ ਹੈ। ਟਰੰਪ ਨੇ ਇਹ ਟਿੱਪਣੀਆਂ ਉੱਤਰੀ ਕੈਰੋਲੀਨਾ ਦੇ ਫੋਰਟ ਬ੍ਰੈਗ ਵਿਖੇ ਫ਼ੌਜੀਆਂ ਨਾਲ ਮੁਲਾਕਾਤ ਤੋਂ ਥੋੜ੍ਹੀ ਦੇਰ ਬਾਅਦ ਕੀਤੀਆਂ ਅਤੇ ਦਿਨ ਦੇ ਸ਼ੁਰੂ ਵਿੱਚ ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਉਹ ਇਰਾਨ ਵਿਰੁੱਧ ਸੰਭਾਵੀ ਫ਼ੌਜੀ ਕਾਰਵਾਈ ਲਈ ਪੱਛਮੀ ਏਸ਼ੀਆ ਵਿੱਚ ਦੂਜਾ ਜਹਾਜ਼ ਵਾਹਕ ਤਾਇਨਾਤ ਕਰ ਰਹੇ ਹਨ।

ਇਰਾਨ ਵਿੱਚ ਇਸਲਾਮੀ ਸ਼ਾਸਨ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਵਿੱਚ, ਟਰੰਪ ਨੇ ਕਿਹਾ, 'ਇਸ ਤੋਂ ਵਧੀਆ ਕੁਝ ਨਹੀਂ ਹੋ ਸਕਦਾ। ਉਹ 47 ਸਾਲਾਂ ਤੋਂ ਗੱਲ ਕਰ ਰਹੇ ਹਨ।' ਟਰੰਪ ਨੇ ਪਹਿਲਾਂ ਕਿਹਾ ਸੀ ਕਿ ਦੁਨੀਆ ਦਾ ਸਭ ਤੋਂ ਵੱਡਾ ਜਹਾਜ਼ ਵਾਹਕ, ਯੂਐੱਸਐੱਸ ਗੈਰਾਲਡ ਆਰ. ਫੋਰਡ, ਕੈਰੇਬੀਅਨ ਤੋਂ ਪੱਛਮੀ ਏਸ਼ੀਆ ਭੇਜਿਆ ਜਾ ਰਿਹਾ ਹੈ, ਜਿੱਥੇ ਅਮਰੀਕੀ ਜੰਗੀ ਜਹਾਜ਼ ਅਤੇ ਫ਼ੌਜੀ ਹਥਿਆਰ ਪਹਿਲਾਂ ਹੀ ਮੌਜੂਦ ਹਨ। ਇਹ ਤਾਇਨਾਤੀ ਟਰੰਪ ਦੇ ਇਸ਼ਾਰੇ ਤੋਂ ਕੁਝ ਦਿਨ ਬਾਅਦ ਆਈ ਹੈ ਕਿ ਈਰਾਨ ਨਾਲ ਗੱਲਬਾਤ ਦਾ ਇੱਕ ਹੋਰ ਦੌਰ ਜਲਦੀ ਹੀ ਆ ਸਕਦਾ ਹੈ, ਹਾਲਾਂਕਿ ਇਹ ਗੱਲਬਾਤ ਅਸਫਲ ਰਹੀ।

ਇਸ ਹਫ਼ਤੇ, ਤਹਿਰਾਨ ਦੇ ਇੱਕ ਉੱਚ ਸੁਰੱਖਿਆ ਅਧਿਕਾਰੀ ਨੇ ਓਮਾਨ ਅਤੇ ਕਤਰ ਦਾ ਦੌਰਾ ਕੀਤਾ ਅਤੇ ਉੱਥੇ ਅਮਰੀਕੀ ਵਿਚੋਲਿਆਂ ਨਾਲ ਗੱਲਬਾਤ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਦੂਜੇ ਜਹਾਜ਼ ਵਾਹਕ ਬਾਰੇ ਪੱਤਰਕਾਰਾਂ ਨੂੰ ਕਿਹਾ, 'ਜੇਕਰ ਅਸੀਂ ਕਿਸੇ ਸਮਝੌਤੇ 'ਤੇ ਨਹੀਂ ਪਹੁੰਚ ਸਕਦੇ ਤਾਂ (**ਬਾਕੀ ਸਫ਼ਾ 27 'ਤੇ**)

## ਅਮਰੀਕਾ ਨੇ ਸੀਰੀਆ ਨੂੰ ਦਿੱਤਾ 'ਅਲ-ਤਾਨਫ਼' ਫ਼ੌਜੀ ਅੱਡੇ ਦਾ ਕੰਟਰੋਲ



ਦਮਿਸ਼ਕ/ਏ.ਟੀ.ਨਿਊਜ਼: ਸੀਰੀਆ ਦੇ ਰੱਖਿਆ ਮੰਤਰਾਲੇ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸੀਰੀਆਈ ਸਰਕਾਰੀ ਫ਼ੌਜਾਂ ਨੇ ਦੇਸ਼ ਦੇ ਪੂਰਬੀ ਹਿੱਸੇ ਵਿੱਚ ਸਥਿਤ 'ਅਲ-ਤਾਨਫ਼' ਫ਼ੌਜੀ ਅੱਡੇ 'ਤੇ ਪੂਰੀ ਤਰ੍ਹਾਂ ਕੰਟਰੋਲ ਕਰ ਲਿਆ ਹੈ। ਇਹ ਫ਼ੌਜੀ ਅੱਡਾ ਕਈ ਸਾਲਾਂ ਤੋਂ ਇਸਲਾਮਿਕ ਸਟੇਟ ਵਿਰੁੱਧ ਜੰਗ ਦੇ ਹਿੱਸੇ ਵਜੋਂ ਅਮਰੀਕੀ ਫ਼ੌਜਾਂ ਦੇ ਕਬਜ਼ੇ ਹੇਠ ਸੀ।

**ਰਣਨੀਤਕ ਮਹੱਤਤਾ ਤੇ ਤਾਲਮੇਲ**

ਅਲ-ਤਾਨਫ਼ ਬੇਸ ਜਾਰਡਨ ਤੇ ਇਰਾਕ ਦੀਆਂ ਸਰਹੱਦਾਂ ਦੇ ਬਹੁਤ ਨੇੜੇ ਇੱਕ ਅਹਿਮ ਰਣਨੀਤਕ ਸਥਾਨ 'ਤੇ ਸਥਿਤ ਹੈ। ਸੀਰੀਆ ਦੇ ਰੱਖਿਆ ਮੰਤਰਾਲੇ ਅਨੁਸਾਰ, ਇਸ ਅੱਡੇ ਦੀ ਸਪੁਰਦਗੀ ਅਮਰੀਕੀ ਫ਼ੌਜ ਦੇ ਨਾਲ ਸਹੀ ਤਾਲਮੇਲ ਤਹਿਤ ਕੀਤੀ ਗਈ ਹੈ ਅਤੇ ਹੁਣ ਸੀਰੀਆਈ ਫ਼ੌਜਾਂ ਇਸ ਅੱਡੇ ਅਤੇ ਇਸ ਦੇ ਆਲੇ-ਦੁਆਲੇ ਦੇ ਖੇਤਰ ਨੂੰ ਸੁਰੱਖਿਅਤ ਕਰ ਰਹੀਆਂ ਹਨ। ਹਾਲਾਂਕਿ, ਅਮਰੀਕੀ ਫ਼ੌਜ ਵੱਲੋਂ ਇਸ ਬਿਆਨ 'ਤੇ ਅਜੇ ਤੱਕ ਕੋਈ ਤੁਰੰਤ ਪ੍ਰਤੀਕਿਰਿਆ ਨਹੀਂ ਆਈ ਹੈ।

**ਸਮਝੌਤੇ ਤੋਂ ਬਾਅਦ ਤਾਇਨਾਤੀ**

ਮੰਤਰਾਲੇ ਨੇ ਦੱਸਿਆ ਕਿ ਅਲ-ਤਾਨਫ਼ ਗੈਰੀਸਨ ਦੇ ਆਲੇ-ਦੁਆਲੇ ਦੇ ਰੇਗਿਸਤਾਨੀ ਇਲਾਕੇ 'ਚ ਸੀਰੀਆਈ ਸੈਨਿਕ ਤਾਇਨਾਤ ਕਰ ਦਿੱਤੇ ਗਏ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਸਰਹੱਦੀ ਗਾਰਡ ਵੀ ਤਾਇਨਾਤ ਕੀਤੇ ਜਾਣਗੇ। ਇਹ ਤਾਇਨਾਤੀ ਪਿਛਲੇ ਮਹੀਨੇ ਸਰਕਾਰ ਅਤੇ ਅਮਰੀਕਾ ਸਮਰਥਿਤ ਸੀਰੀਆਈ ਡੈਮੋਕਰੇਟਿਕ ਫ਼ੋਰਸਿਜ਼ ਵਿਚਕਾਰ ਹੋਏ ਉਸ ਸਮਝੌਤੇ ਤੋਂ ਬਾਅਦ ਹੋਈ ਹੈ, ਜਿਸ ਤਹਿਤ ਉਹ ਫ਼ੌਜ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋਏ ਸਨ।

**ਬਦਲਦੇ ਸਿਆਸੀ ਹਾਲਾਤ**

ਸੀਰੀਆ ਦੇ ਅੰਤਰਿਮ ਰਾਸ਼ਟਰਪਤੀ ਅਹਿਮਦ ਅਲ-ਸ਼ਰਾਅ ਲਗਾਤਾਰ ਦੇਸ਼ ਵਿੱਚ ਆਪਣਾ ਕੰਟਰੋਲ ਵਧਾ ਰਹੇ ਹਨ। ਦਸੰਬਰ 2024 ਵਿੱਚ ਬਸ਼ਰ ਅਸਦ ਦੀ ਸਰਕਾਰ ਦੇ ਪਤਨ ਤੋਂ ਬਾਅਦ, ਇਰਾਨ ਸਮਰਥਿਤ ਸਮੂਹਾਂ ਦੁਆਰਾ ਇਸ ਅੱਡੇ 'ਤੇ ਕੀਤੇ ਜਾਣ ਵਾਲੇ ਡਰੋਨ ਹਮਲਿਆਂ ਵਿੱਚ ਵੀ ਭਾਰੀ ਕਮੀ ਆਈ ਹੈ। ਇਸ ਦੇ ਨਾਲ ਹੀ, ਪਿਛਲੇ ਕੁਝ ਹਫ਼ਤਿਆਂ ਤੋਂ ਅਮਰੀਕੀ ਫ਼ੌਜ ਨੇ ਉੱਤਰ-ਪੂਰਬੀ ਸੀਰੀਆ ਦੀਆਂ ਜੇਲ੍ਹਾਂ ਤੋਂ ਹਜ਼ਾਰਾਂ ਆਈਐੱਸ ਕੈਦੀਆਂ ਨੂੰ ਇਰਾਕ ਭੇਜਣਾ ਸ਼ੁਰੂ ਕਰ ਦਿੱਤਾ ਹੈ, ਜਿੱਥੇ ਉਨ੍ਹਾਂ'ਤੇ ਮੁਕੱਦਮਾ ਚਲਾਇਆ ਜਾਵੇਗਾ।

**ਅਮਰੀਕੀ ਸੈਨਿਕਾਂ ਦੀ ਸਥਿਤੀ**

ਸੀਰੀਆ 'ਚ ਅਮਰੀਕੀ ਸੈਨਿਕਾਂ ਦੀ ਗਿਣਤੀ ਪਿਛਲੇ ਸਮੇਂ ਦੌਰਾਨ ਬਦਲਦੀ ਰਹੀ ਹੈ। ਅਕਤੂਬਰ 2023 ਵਿੱਚ ਇਜ਼ਰਾਇਲ-ਹਮਾਸ ਟਕਰਾਅ ਤੋਂ ਬਾਅਦ, ਖੇਤਰ ਵਿੱਚ ਅਮਰੀਕੀ ਹਿੱਤਾਂ 'ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਇਹ ਗਿਣਤੀ 2,000 ਤੋਂ ਪਾਰ ਹੋ ਗਈ ਸੀ। ਹਾਲਾਂਕਿ, ਹੁਣ ਸੀਰੀਆ ਵਿੱਚ ਅਮਰੀਕੀ ਸੈਨਿਕਾਂ ਦੀ ਗਿਣਤੀ ਘਟਾ ਕੇ ਲਗਭਗ 900 ਕਰ ਦਿੱਤੀ ਗਈ ਹੈ।

## ਇਮੀਗ੍ਰੇਸ਼ਨ ਅਦਾਲਤ ਵੱਲੋਂ ਤੁਰਕੀ ਦੇ ਵਿਦਿਆਰਥੀ ਨੂੰ ਦੇਸ਼ ਨਿਕਾਲ਼ਾ ਦੇਣ ਉੱਪਰ ਰੋਕ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਇੱਕ ਇਮੀਗ੍ਰੇਸ਼ਨ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੁਆਰਾ ਤੁਰਕੀ ਦੀ ਇੱਕ ਵਿਦਿਆਰਥਣ ਨੂੰ ਦੇਸ਼ ਨਿਕਾਲ਼ਾ ਦੇਣ ਦੀਆਂ ਕੋਸ਼ਿਸ਼ਾਂ ਉੱਪਰ ਰੋਕ ਲਾ ਦਿੱਤੀ ਹੈ। ਰੂਮੇਸਾ ਓਜ਼ਟਰਕ ਨਾਮੀ ਵਿਦਿਆਰਥਣ ਨੂੰ ਟਫ਼ਟਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅਖ਼ਬਾਰ ਲਈ ਫ਼ਲਸਤੀਨ ਪੱਖੀ ਲੇਖ ਲਿਖਣ ਕਾਰਨ ਮਾਰਚ 2025 ਵਿੱਚ ਬੋਸਟਨ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਲੇਖ ਵਿੱਚ ਉਸ ਨੇ ਇਜ਼ਰਾਇਲ- ਗ਼ਾਜ਼ਾ ਜੰਗ ਬਾਰੇ ਸਕੂਲ ਦੇ ਪ੍ਰਤੀਕਰਮ ਦੀ ਨਿੰਦਾ ਕੀਤੀ ਸੀ। ਮਈ 2025 ਵਿੱਚ ਇੱਕ ਸੰਘੀ ਅਦਾਲਤ ਨੇ ਉਸ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ ਸੀ। ਫ਼ਰੀਡਮ ਆਫ਼ ਦਾ ਪ੍ਰੈਸ ਫ਼ਾਊਂਡੇਸ਼ਨ ਚੀਫ਼ ਆਫ਼ ਐਡਵੋਕੇਸੀ ਸੇਠ ਸਟਰਨ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਮਾਮਲਾ ਪ੍ਰੈਸ ਦੀ ਆਜ਼ਾਦੀ ਦੀ ਉਲੰਘਣਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਟਰੰਪ ਪ੍ਰਸ਼ਾਸਨ ਆਪਣੀ ਕਾਰਵਾਈ ਦਾ ਕਾਰਨ ਦੱਸਣ ਲਈ ਵੀ ਤਿਆਰ ਨਹੀਂ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

## ਸਪਾਟਲਾਈਟ ਤੋਂ ਪਰੇ

# ਸਤਿੰਦਰ ਸਰਤਾਜ ਦੀ ਕਵਿਤਾ, ਦਰਸ਼ਨ ਅਤੇ ਪ੍ਰਦਰਸ਼ਨ ਦਾ ਸਫ਼ਰ

## ਯਾਦਗਾਰੀ ਹੋ ਨਿਬੜਿਆ ਸਰਤਾਜ ਦਾ ਦਿੱਲੀ ਵਾਲਾ ਸ਼ੋਅ








## ਸਤਿੰਦਰ ਸਰਤਾਜ ਦੇ ਦਿੱਲੀ ਕੰਸਰਟ ਨੂੰ ਤਕਰੀਬਨ 200,000 ਦਰਸ਼ਕ ਮਿਲੇ - ਸਟੇਡੀਅਮ ਵਿੱਚ 52,000 ਤੇ ਆਨਲਾਈਨ 150,000

ਨਵੀਂ ਦਿੱਲੀ/ਏ.ਟੀ.ਨਿਊਜ਼: ਜਦੋਂ ਕਵਿਤਾ ਸਟੇਡੀਅਮਾਂ ਨੂੰ ਭਰ ਦਿੰਦੀ ਹੈ, ਤਾਂ ਸੰਗੀਤ ਸਦੀਵੀ ਹੋ ਜਾਂਦਾ ਹੈ। ਤਮਾਸ਼ੇ ਵਾਲੇ ਪਰਫਾਰਮੈਂਸ ਅਤੇ ਉੱਚ-ਊਰਜਾ ਵਾਲੇ ਪੌਪ ਪ੍ਰੋਡਕਸ਼ਨ ਦੇ ਦਬਦਬੇ ਵਾਲੇ ਯੁੱਗ ਵਿੱਚ, ਸਤਿੰਦਰ ਸਰਤਾਜ ਨੇ ਇੱਕ ਅਜਿਹਾ ਕੈਰੀਅਰ ਬਣਾਇਆ ਹੈ ਜੋ ਇਸ ਧਾਰਨਾ ਨੂੰ ਚੁਣੌਤੀ ਦਿੰਦਾ ਹੈ ਕਿ ਪੈਮਾਨਾ ਆਤਮਾ ਦੀ ਕੀਮਤ 'ਤੇ ਆਉਣਾ ਚਾਹੀਦਾ ਹੈ। ਪੰਜਾਬੀ ਗਾਇਕ, ਕਵੀ ਅਤੇ ਵਿਦਵਾਨ ਅੱਜ ਦੇ ਭਾਰਤੀ ਸੰਗੀਤ ਵਿੱਚ ਸਾਹਿਤ ਅਤੇ ਸੁਰ ਨੂੰ ਉਨ੍ਹਾਂ ਪ੍ਰਦਰਸ਼ਨਾਂ ਵਿੱਚ ਬੁਣਨ ਲਈ ਵੱਖਰਾ ਹੈ ਜੋ ਨਜ਼ਦੀਕੀ ਅਤੇ ਸ਼ਾਨਦਾਰ ਦੋਵੇਂ ਮਹਿਸੂਸ ਕਰਦੇ ਹਨ।

ਸ਼ਾਸਤਰੀ ਸੰਗੀਤ ਅਤੇ ਸੂਫੀ ਦਰਸ਼ਨ ਦੇ ਰੁਝਾਨਾਂ ਤੋਂ ਬਹੁਤ ਪ੍ਰਭਾਵਿਤ, ਸਰਤਾਜ ਗੀਤਕਾਰੀ ਨੂੰ ਇੱਕ ਸੰਗੀਤਕ ਅਤੇ ਸਾਹਿਤਕ ਅਨੁਸ਼ਾਸਨ ਦੋਵਾਂ ਵਜੋਂ ਵੇਖਦਾ ਹੈ। ਉਸਦੀਆਂ ਰਚਨਾਵਾਂ ਅਕਸਰ ਪਛਾਣ, ਅਧਿਆਤਮਿਕਤਾ ਅਤੇ ਮਨੁੱਖੀ ਸਬੰਧ ਦੇ ਵਿਸ਼ਿਆਂ ਦੀ ਪੜਚੋਲ ਕਰਦੀਆਂ ਹਨ, ਜੋ ਸਾਲਾਂ ਦੇ ਅਕਾਦਮਿਕ ਅਧਿਐਨ ਅਤੇ ਕਲਾਤਮਕ ਆਤਮ-ਨਿਰੀਖਣ ਨੂੰ ਦਰਸਾਉਂਦੀਆਂ ਹਨ। ਮਹੱਤਵਪੂਰਨ ਰੁਝਾਨਾਂ ਦਾ ਪਿੱਛਾ ਕਰਨ ਦੀ ਬਜਾਏ, ਉਸਨੇ ਕਾਵਿਕ ਕਠੋਰਤਾ ਅਤੇ ਭਾਵਨਾਤਮਕ ਇਮਾਨਦਾਰੀ ਦੁਆਰਾ ਪਰਿਭਾਸ਼ਿਤ ਕੰਮ ਦਾ ਇੱਕ ਸਮੂਹ ਬਣਾਇਆ ਹੈ, ਜਿਸ ਨਾਲ ਉਸਨੂੰ ਪੀੜ੍ਹੀਆਂ ਵਿੱਚ ਇੱਕ ਵਫ਼ਾਦਾਰ ਅਤੇ ਵਿਭਿੰਨ ਦਰਸ਼ਕ ਪ੍ਰਾਪਤ ਹੋਏ ਹਨ। ਇਹ ਕਲਾਤਮਕ ਦ੍ਰਿਸ਼ਟੀਕੋਣ ਹਾਲ ਹੀ ਵਿੱਚ ਜਵਾਹਰ ਲਾਲ ਨਹਿਰੂ ਸਟੇਡੀਅਮ ਵਿੱਚ ਇੱਕ ਪ੍ਰਦਰਸ਼ਨ ਦੌਰਾਨ ਪੂਰੀ ਤਰ੍ਹਾਂ ਪ੍ਰਦਰਸ਼ਿਤ ਹੋਇਆ, ਜਿੱਥੇ 52,000 ਤੋਂ ਵੱਧ ਲੋਕ ਪੂਰੀ ਤਰ੍ਹਾਂ ਬੈਠਣ ਵਾਲੇ ਸੰਗੀਤ ਸਮਾਰੋਹ ਲਈ ਇਕੱਠੇ ਹੋਏ ਸਨ।

ਸਰਤਾਜ ਲਈ, ਇਹ ਪ੍ਰੋਗਰਾਮ ਸਿਰਫ ਪੈਮਾਨੇ ਵਿੱਚ ਇੱਕ ਮੀਲ ਪੱਥਰ ਨਹੀਂ ਸੀ, ਸਗੋਂ ਉਸਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਵਿਸ਼ਵਾਸ ਦਾ ਪ੍ਰਤੀਬਿੰਬ ਵੀ ਸੀ ਕਿ ਸੰਗੀਤ ਨੂੰ ਸੋਚਣ ਲਈ ਮਜਬੂਰ ਕਰਨਾ ਚਾਹੀਦਾ ਹੈ। ਸਰੋਤਿਆਂ ਨੇ ਸ਼ਾਮ ਨੂੰ ਇੱਕ ਸਾਂਝਾ ਸੱਭਿਆਚਾਰਕ ਅਨੁਭਵ ਦੱਸਿਆ, ਜੋ ਧਿਆਨ ਦੀ ਸ਼ਾਂਤੀ ਅਤੇ ਸਮੂਹਿਕ ਭਾਵਨਾਵਾਂ ਨਾਲ ਭਰਿਆ ਹੋਇਆ ਸੀ। ਇਹ ਦਰਸਾਉਂਦਾ ਸੀ ਕਿ ਉਸਦਾ ਕੰਮ ਰਵਾਇਤੀ ਮਨੋਰੰਜਨ ਤੋਂ ਕਿਤੇ ਪਰੇ ਕਿਵੇਂ ਪਹੁੰਚਦਾ ਹੈ। ਉਸਦੀ ਸਮਾਵੇਸ਼ੀ ਪਹੁੰਚ ਨੂੰ ਦਰਸਾਉਂਦੇ ਹੋਏ, ਸੰਗੀਤ ਸਮਾਰੋਹ ਨੂੰ ਉਸਦੀ ਨਿੱਜੀ ਬੇਨਤੀ 'ਤੇ ਯੂਟਿਊਬ 'ਤੇ ਲਾਈਵਸਟ੍ਰੀਮ ਕੀਤਾ ਗਿਆ, ਜਿਸ ਨਾਲ ਔਨਲਾਈਨ 150,000 ਵਾਧੂ ਦਰਸ਼ਕ ਨਾਲ ਜੁੜੇ ਲਗਭਗ 200,000 ਲੋਕਾਂ ਤੱਕ ਪਹੁੰਚਦੇ ਹੋਏ, ਪ੍ਰਦਰਸ਼ਨ ਨੇ ਸਰਤਾਜ ਦੀ ਕਲਾਤਮਕ ਇਮਾਨਦਾਰੀ ਨੂੰ ਪਹੁੰਚਯੋਗਤਾ ਨਾਲ ਸੰਤੁਲਿਤ ਕਰਨ ਦੀ ਯੋਗਤਾ ਦਾ ਪ੍ਰਦਰਸ਼ਨ ਕੀਤਾ। ਉਸਨੇ ਲਗਾਤਾਰ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਅਰਥਪੂਰਨ ਸੰਗੀਤ ਸਥਾਨਾਂ ਤੋਂ ਪਾਰ ਹੋਣਾ ਚਾਹੀਦਾ ਹੈ ਅਤੇ ਉਹਨਾਂ ਸਾਰਿਆਂ ਤੱਕ ਪਹੁੰਚਣਾ ਚਾਹੀਦਾ ਹੈ ਜੋ ਇਸਦੀ ਇੱਛਾ ਰੱਖਦੇ ਹਨ।

ਡਾ. ਸਰਤਾਜ ਨੇ ਕਿਹਾ, 'ਸੰਗੀਤ ਕਿਸੇ ਜਗ੍ਹਾ ਦੇ ਮਾਲਕ ਹੋਣ ਬਾਰੇ ਨਹੀਂ ਹੈ। ਇਹ ਹਰ ਉਸ ਦਿਲ ਦਾ ਹੈ ਜੋ ਇਸਦੀ ਇੱਛਾ ਰੱਖਦਾ ਹੈ। ਭਾਵੇਂ ਕੋਈ ਸਟੇਡੀਅਮ ਤੱਕ ਨਹੀਂ ਪਹੁੰਚ ਸਕਦਾ, ਸੰਗੀਤ ਫਿਰ ਵੀ ਉਨ੍ਹਾਂ ਤੱਕ ਪਹੁੰਚਣਾ ਚਾਹੀਦਾ ਹੈ।' ਇਹ ਬਿਆਨ ਉਸਦੇ ਕੈਰੀਅਰ ਦੇ ਇੱਕ ਮਾਰਗਦਰਸ਼ਕ ਸਿਧਾਂਤ ਨੂੰ ਦਰਸਾਉਂਦਾ ਹੈ। ਪ੍ਰਸਾਰਣ ਨੂੰ ਸੀਮਤ ਕਰਨ ਵਾਲੇ ਬਹੁਤ ਸਾਰੇ ਪ੍ਰਮੁੱਖ ਕਲਾਕਾਰਾਂ ਦੇ ਉਲਟ, ਉਸਨੇ ਵਾਰ-ਵਾਰ ਵਿਲੱਖਣਤਾ ਨਾਲੋਂ ਸੰਪਰਕ ਨੂੰ ਤਰਜੀਹ ਦਿੱਤੀ ਹੈ, ਤਕਨਾਲੋਜੀ ਨੂੰ ਰੁਕਾਵਟ ਦੀ ਬਜਾਏ ਇੱਕ ਪੁਲ ਵਜੋਂ ਦੇਖਿਆ ਹੈ। ਦਰਸ਼ਕ ਸਰਤਾਜ ਨੂੰ ਇੱਕ ਅਜਿਹੇ ਕਲਾਕਾਰ ਵਜੋਂ ਦੇਖਦੇ ਹਨ ਜੋ ਆਸਾਨ ਸ਼੍ਰੇਣੀਆਂ ਤੋਂ ਪਾਰ ਜਾਂਦਾ ਹੈ। ਉਹ ਆਪਣੀ ਸਮੱਗਰੀ ਖੁਦ ਲਿਖਦਾ ਹੈ, ਫਾਰਮੂਲੇਕ ਪ੍ਰੋਡਕਸ਼ਨ ਤੋਂ ਪਰਹੇਜ਼ ਕਰਦਾ ਹੈ ਅਤੇ ਇੱਕ ਧਿਆਨ ਵਾਲੀ ਮੌਜੂਦਗੀ ਨਾਲ ਪ੍ਰਦਰਸ਼ਨ ਕਰਦਾ ਹੈ ਜੋ ਵੱਡੇ ਅਖਾੜਿਆਂ ਨੂੰ ਨਿੱਜੀ ਵਟਾਂਦਰੇ ਦੇ ਸਥਾਨਾਂ ਵਿੱਚ ਬਦਲ ਦਿੰਦਾ ਹੈ। ਉਸਦੀ ਆਵਾਜ਼, ਜਿਸਨੂੰ ਅਕਸਰ ਵਿਚਾਰਸ਼ੀਲ ਅਤੇ ਨਿੱਘੇ ਵਜੋਂ ਦਰਸਾਇਆ ਜਾਂਦਾ ਹੈ, ਵਿੱਚ ਇੱਕ ਸੱਚਾਈ ਹੈ ਜੋ ਸਰੋਤਿਆਂ ਨੂੰ ਬੋਲ ਅਤੇ ਆਵਾਜ਼ ਦੋਵਾਂ ਨਾਲ ਡੂੰਘਾਈ ਨਾਲ ਜੁੜਨ ਲਈ ਪ੍ਰੇਰਿਤ ਕਰਦੀ ਹੈ।

ਉਸਦੇ ਦਿੱਲੀ ਸ਼ੋਅ ਦੇ ਆਲੇ ਦੁਆਲੇ ਦਾ ਮਾਹੌਲ ਉਸਦੀ ਅਪੀਲ ਦੀ ਵਿਸ਼ਾਲਤਾ ਨੂੰ ਦਰਸਾਉਂਦਾ ਹੈ। ਪਰਿਵਾਰ ਇਕੱਠੇ ਹੋਏ, ਛੋਟੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਪ੍ਰਸ਼ੰਸਕਾਂ ਤੱਕ ਦੇ ਦਰਸ਼ਕਾਂ ਦੇ ਨਾਲ, ਸਤਿਕਾਰ ਅਤੇ ਸਾਂਝੀ ਪ੍ਰਸ਼ੰਸਾ 'ਤੇ ਅਧਾਰਿਤ ਇੱਕ ਸ਼ਾਂਤਮਈ ਮਾਹੌਲ ਬਣਾਉਂਦੇ ਹਨ। ਅਜਿਹੇ ਦ੍ਰਿਸ਼ ਉਸ ਭਾਈਚਾਰੇ ਨੂੰ ਦਰਸਾਉਂਦੇ ਹਨ ਜਿਸਨੂੰ ਉਸਨੇ ਸਾਲਾਂ ਦੇ ਇਕਸਾਰ ਕਲਾਤਮਕ ਦ੍ਰਿਸ਼ਟੀਕੋਣ ਦੁਆਰਾ ਪਾਲਿਆ ਹੈ, ਜਿੱਥੇ ਸੰਗੀਤ ਸਮਾਰੋਹ ਉਤਸੁਕਤਾ ਅਤੇ ਭਾਵਨਾ ਨਾਲ ਜੁੜੇ ਸਰੋਤਿਆਂ ਦੇ ਇਕੱਠ ਵਜੋਂ ਕੰਮ ਕਰਦੇ ਹਨ।



ਜਿਵੇਂ-ਜਿਵੇਂ ਭਾਰਤੀ ਲਾਈਵ ਸੰਗੀਤ ਵਿਕਸਤ ਹੁੰਦਾ ਹੈ, ਸਰਤਾਜ ਦਾ ਚਾਲ-ਚਲਣ ਵਿਚਾਰਸ਼ੀਲ ਕਲਾਤਮਕਤਾ ਲਈ ਵਧਦੀ ਭੁੱਖ ਵੱਲ ਇਸ਼ਾਰਾ ਕਰਦਾ ਹੈ। ਉਸਦੇ ਹਾਲੀਆ ਸਟੇਡੀਅਮ ਪ੍ਰਦਰਸ਼ਨ ਨੂੰ ਇੱਕ ਇਤਿਹਾਸਕ ਪਲ ਵਜੋਂ ਯਾਦ ਕੀਤਾ ਜਾ ਸਕਦਾ ਹੈ, ਪਰ ਇਸਨੂੰ ਇੱਕ ਵੱਡੀ ਕਹਾਣੀ ਦੇ ਹਿੱਸੇ ਵਜੋਂ ਸਭ ਤੋਂ ਵਧੀਆ ਸਮਝਿਆ ਜਾਂਦਾ ਹੈ। ਕਵਿਤਾ, ਦਰਸ਼ਨ ਅਤੇ ਕਲਾ ਪ੍ਰਤੀ ਦ੍ਰਿੜ ਵਚਨਬੱਧਤਾ ਰਾਹੀਂ, ਸਤਿੰਦਰ ਸਰਤਾਜ ਇੱਕ ਅਜਿਹੀ ਜਗ੍ਹਾ ਬਣਾ ਰਹੇ ਹਨ ਜਿੱਥੇ ਸੰਗੀਤ ਸਿਰਫ਼ ਤਾੜੀਆਂ ਹੀ ਨਹੀਂ, ਸਗੋਂ ਸਵੈ-ਚਿੰਤਨ ਨੂੰ ਵੀ ਸੱਦਾ ਦਿੰਦਾ ਹੈ।

## ਮਾਈਕ੍ਰੋਸਾਫਟ ਏ.ਆਈ. ਮੁਖੀ ਨੇ ਦਿੱਤੀ ਚਿਤਾਵਨੀ

# ਅਗਲੇ 18 ਮਹੀਨਿਆਂ ਵਿੱਚ ਖ਼ਤਮ ਹੋ ਸਕਦੀਆਂ ਨੇ ਲੱਖਾਂ ਨੌਕਰੀਆਂ !



ਬਘੇਲ ਸਿੰਘ ਧਾਲੀਵਾਲ

## ਕੀ ਹੈ ਅਸਲੀਅਤ ਅਤੇ ਕੀ ਹੈ ਕੌਮਾਂਤਰੀ ਮਾਹਿਰਾਂ ਦੀ ਰਾਏ ?

ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਤੇਜ਼ ਰਫ਼ਤਾਰ ਨੇ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਮਾਈਕ੍ਰੋਸਾਫਟ ਦੇ ਏ.ਆਈ. ਮੁਖੀ ਮੁਸਤਫਾ ਸੁਲੇਮਾਨ ਨੇ ਹਾਲ ਹੀ ਵਿੱਚ ਫਾਈਨੈਂਸ਼ੀਅਲ ਟਾਈਮਜ਼ ਨਾਲ ਇੰਟਰਵਿਊ ਵਿੱਚ ਇੱਕ ਚੌਂਕਾਉਣ ਵਾਲੀ ਭਵਿੱਖਬਾਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਗਲੇ 12 ਤੋਂ 18 ਮਹੀਨਿਆਂ (ਭਾਵ ਲਗਭਗ ਡੇਢ ਸਾਲ) ਵਿੱਚ ਵ੍ਹਾਈਟ-ਕਾਲਰ ਨੌਕਰੀਆਂ ਦੇ ਜ਼ਿਆਦਾਤਰ ਕੰਮ ਪੂਰੀ ਤਰ੍ਹਾਂ ਏ.ਆਈ. ਨਾਲ ਹੋ ਸਕਦੇ ਹਨ। ਇਸ ਵਿੱਚ ਵਕੀਲ, ਅਕਾਊਂਟੈਂਟ, ਪ੍ਰੋਜੈਕਟ ਮੈਨੇਜਰ, ਮਾਰਕੀਟਿੰਗ ਪੇਸ਼ੇਵਰ ਅਤੇ ਹੋਰ ਡੈਸਕ-ਆਧਾਰਿਤ ਕੰਮ ਸ਼ਾਮਲ ਹਨ। ਇਹ ਬਿਆਨ ਏ.ਆਈ. ਦੇ ਤੇਜ਼ ਵਿਕਾਸ ਅਤੇ ਕੰਪਨੀਆਂ ਵਿੱਚ ਛਾਂਟੀ ਦੇ ਮਾਹੌਲ ਵਿੱਚ ਆਇਆ ਹੈ, ਜਿਸ ਨੇ ਲੱਖਾਂ ਲੋਕਾਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਹੈ।

**ਮੁਸਤਫਾ ਸੁਲੇਮਾਨ ਨੇ ਕੀ ਦਿੱਤੀ ਚਿਤਾਵਨੀ ?**

ਮੁਸਤਫਾ ਸੁਲੇਮਾਨ, ਜੋ ਕਿ ਡੀਪਮਾਈਂਡ ਦੇ ਸਹਿ-ਸੰਸਥਾਪਕ ਵੀ ਰਹਿ ਚੁੱਕੇ ਹਨ ਅਤੇ ਪਿਛਲੇ 18 ਮਹੀਨਿਆਂ ਤੋਂ ਮਾਈਕ੍ਰੋਸਾਫਟ ਏ.ਆਈ. ਦੇ ਸੀ.ਈ.ਓ. ਹਨ, ਨੇ ਕਿਹਾ ਕਿ ਏ.ਆਈ. ਮਾਡਲ ਹੁਣ ਇੰਨੇ ਤੇਜ਼ੀ ਨਾਲ ਸੁਧਰ ਰਹੇ ਹਨ ਕਿ ਉਹ ਖੋਜ, ਵਿਸ਼ਲੇਸ਼ਣ, ਡਰਾਫਟਿੰਗ, ਸੰਖੇਪੀਕਰਨ ਅਤੇ ਕੋਡਿੰਗ ਵਰਗੇ ਕੰਮ ਮਨੁੱਖਾਂ ਨਾਲੋਂ ਬਿਹਤਰ ਅਤੇ ਤੇਜ਼ ਕਰ ਸਕਦੇ ਹਨ। ਉਨ੍ਹਾਂ ਦੇ ਅਨੁਸਾਰ, 'ਪ੍ਰੋਫੈਸ਼ਨਲ-ਗ੍ਰੇਡ ਏਜੀਆਈ' (ਪੇਸ਼ੇਵਰ ਪੱਧਰ ਦੀ ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ) ਜਲਦੀ ਹੀ ਆ ਜਾਵੇਗੀ, ਜੋ ਕੰਪਿਊਟਰ 'ਤੇ ਬੈਠ ਕੇ ਕੰਮ ਕਰਨ ਵਾਲੇ ਜ਼ਿਆਦਾਤਰ ਪੇਸ਼ੇਵਰਾਂ ਦੇ ਕੰਮ ਨੂੰ ਆਪਣੇ ਆਪ ਕਰ ਦੇਵੇਗੀ।

ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ ਅੱਜ ਦੇ ਏ.ਆਈ. ਮਾਡਲ ਜ਼ਿਆਦਾਤਰ ਮਨੁੱਖੀ ਕੋਡਰਾਂ ਨਾਲੋਂ ਵਧੀਆ ਕੋਡਿੰਗ ਕਰ ਰਹੇ ਹਨ। ਇਸ ਤਰ੍ਹਾਂ ਦੇ ਬਦਲਾਅ ਕਾਨੂੰਨ, ਵਿੱਤ, ਮਾਰਕੀਟਿੰਗ ਅਤੇ ਪ੍ਰਸ਼ਾਸਨ ਵਰਗੇ ਖੇਤਰਾਂ ਵਿੱਚ ਬਹੁਤ ਜਲਦੀ ਦਿਖਾਈ ਦੇਣਗੇ। ਸੁਲੇਮਾਨ ਨੇ ਇਹ ਵੀ ਮੰਨਿਆ ਕਿ ਏ.ਆਈ. ਉਤਪਾਦਕਤਾ ਵਧਾਏਗਾ ਅਤੇ ਲਾਗਤਾਂ ਘਟਾਏਗਾ, ਪਰ ਇਸ ਨਾਲ ਬਹੁਤ ਸਾਰੀਆਂ ਨੌਕਰੀਆਂ ਪ੍ਰਭਾਵਿਤ ਹੋਣਗੀਆਂ। ਉਨ੍ਹਾਂ ਨੇ 'ਹਿਊਮੈਨਿਸਟ ਸੁਪਰਇੰਟੈਲੀਜੈਂਸ' ਦੀ ਵਕਾਲਤ ਕੀਤੀ, ਜਿਸ ਵਿੱਚ ਏ.ਆਈ. ਨੂੰ ਖਾਸ ਖੇਤਰਾਂ (ਜਿਵੇਂ ਮੈਡੀਕਲ ਅਤੇ ਊਰਜਾ) ਲਈ ਵਰਤਿਆ ਜਾਵੇ, ਨਾ ਕਿ ਅਸੀਮਤ ਆਜ਼ਾਦੀ ਨਾਲ।




**ਏ.ਆਈ. ਕਾਰਨ ਨੌਕਰੀਆਂ ਨੂੰ ਖਤਰਾ: ਕੀ ਕਹਿੰਦੀਆਂ ਹਨ ਕੌਮਾਂਤਰੀ ਰਿਪੋਰਟਾਂ**

ਵਰਲਡ ਇਕਨਾਮਿਕ ਫੋਰਮ ਦੀ 'ਫਿਊਚਰ ਆਫ ਜੌਬਸ ਰਿਪੋਰਟ 2025' ਮੁਤਾਬਕ, 2030 ਤੱਕ ਦੁਨੀਆਂ ਭਰ ਵਿੱਚ 22% ਜੌਬ ਮਾਰਕੀਟ ਬਦਲ ਜਾਵੇਗੀ। ਇਸ ਵਿੱਚ 9.2 ਕਰੋੜ ਨੌਕਰੀਆਂ ਖਤਮ ਹੋ ਸਕਦੀਆਂ ਹਨ, ਜਦਕਿ 17 ਕਰੋੜ ਤੋਂ ਵੱਧ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ, ਨੈੱਟ ਵਾਧਾ 7.8 ਕਰੋੜ ਨੌਕਰੀਆਂ ਦਾ ਹੋਵੇਗਾ। ਏਆਈ ਅਤੇ ਆਟੋਮੇਸ਼ਨ ਸਭ ਤੋਂ ਵੱਡੇ ਕਾਰਨ ਹਨ।

ਰਿਪੋਰਟ ਵਿੱਚ ਸਭ ਤੋਂ ਵੱਧ ਖਤਰੇ ਵਾਲੀਆਂ ਨੌਕਰੀਆਂ ਵਿੱਚ ਡਾਕਖਾਨੇ ਦੇ ਕਲਰਕ, ਬੈਂਕ ਟੈਲਰ, ਡੇਟਾ ਐਂਟਰੀ ਕਲਰਕ, ਰਿਟੇਲ ਕੈਸ਼ੀਅਰ, ਐਡਮਿਨਿਸਟ੍ਰੇਟਿਵ ਅਸਿਸਟੈਂਟ, ਅਕਾਊਂਟਿੰਗ ਕਲਰਕ, ਟੈਲੀਮਾਰਕੀਟਰ, ਬੇਸਿਕ ਆਈਟੀ ਸਪੋਰਟ ਅਤੇ ਹੋਰ ਰੁਟੀਨ ਕੰਮ ਸ਼ਾਮਲ ਹਨ। ਭਾਰਤ ਵਿੱਚ ਵੀ ਟੈਕ ਕੰਪਨੀਆਂ ਵਿੱਚ ਛਾਂਟੀ ਜਾਰੀ ਹਨ – ਅਮੇਜ਼ਨ, ਗੂਗਲ, ਮੈਟਾ ਅਤੇ ਹੋਰਾਂ ਨੇ ਹਜ਼ਾਰਾਂ ਨੌਕਰੀਆਂ ਘਟਾਈਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਰਿਪੀਟੇਟਿਵ, ਰੂਲ-ਬੇਸਡ ਅਤੇ ਡਿਜੀਟਲ ਕੰਮਾਂ 'ਤੇ ਸਭ ਤੋਂ ਵੱਧ ਅਸਰ ਪਵੇਗਾ।

**ਮਾਹਿਰਾਂ ਦੀ ਰਾਏ: ਏਆਈ ਨੌਕਰੀਆਂ ਖਤਮ ਕਰੇਗਾ ਜਾਂ ਨਵੇਂ ਮੌਕੇ ਪੈਦਾ ਕਰੇਗਾ ?**

ਮਾਹਿਰਾਂ ਵਿੱਚ ਰਾਏ ਵੰਡੀ ਹੋਈ ਹੈ। ਕੁਝ ਜਿਵੇਂ ਮੈਟ ਸ਼ੂਮਰ ਅਤੇ ਐਨਥ੍ਰੋਪਿਕ ਦੇ ਸੀਈਓ ਡੈਰੀਓ ਅਮੋਦੇਈ ਕਹਿੰਦੇ ਹਨ ਕਿ ਏ.ਆਈ. ਦਾ ਬਦਲਾਅ ਕੋਵਿਡ ਵਰਗਾ ਤੇਜ਼ ਅਤੇ ਡਰਾਉਣ ਵਾਲਾ ਹੋ ਸਕਦਾ ਹੈ। ਏ.ਆਈ. ਹੁਣ ਖੁਦ ਨਵੇਂ ਏ.ਆਈ. ਬਣਾ ਰਿਹਾ ਹੈ (ਜਿਵੇਂ ਓਪਨਏਆਈ ਦਾ ਜੀਪੀਟੀ-5.3 ਕੋਡੈਕਸ), ਜਿਸ ਨਾਲ ਤਰੱਕੀ ਹੋਰ ਤੇਜ਼ ਹੋ ਰਹੀ ਹੈ।

ਪਰ ਇਤਿਹਾਸ ਵੱਲ ਵੇਖੀਏ ਤਾਂ ਕੰਪਿਊਟਰ, ਏ.ਟੀ.ਐੱਮ. ਅਤੇ ਮੋਬਾਈਲ ਨੇ ਵੀ ਨੌਕਰੀਆਂ ਬਦਲੀਆਂ ਸਨ, ਪਰ ਨਵੇਂ ਮੌਕੇ ਵੀ ਪੈਦਾ ਕੀਤੇ। ਏ.ਆਈ. ਨੂੰ 'ਏ.ਆਈ. + ਮਨੁੱਖ' ਵਰਸਿਜ਼ 'ਮਨੁੱਖ' ਵਜੋਂ ਵੇਖਣਾ ਬਿਹਤਰ ਹੈ। ਜੋ ਲੋਕ ਏ.ਆਈ. ਨੂੰ ਟੂਲ ਵਜੋਂ ਵਰਤਣਾ ਸਿੱਖ ਲੈਣਗੇ, ਉਹ ਅੱਗੇ ਵਧਣਗੇ। ਪ੍ਰੋਡਕਟੀਵਿਟੀ ਵਧੇਗੀ – ਡਾਕਟਰ ਜਲਦੀ ਡਾਇਗਨੋਸਿਸ ਕਰ ਸਕਣਗੇ, ਕਿਸਾਨ ਫਸਲਾਂ ਵਧਾ ਸਕਣਗੇ ਅਤੇ ਵਿਦਿਆਰਥੀ ਬਿਹਤਰ ਸਿੱਖ ਸਕਣਗੇ।

ਮਾਹਿਰਾਂ ਦਾ ਸੁਝਾਅ ਹੈ ਕਿ ਏ.ਆਈ. ਤੋਂ ਡਰੋ ਨਹੀਂ, ਇਸ ਨੂੰ ਅਪਣਾਓ। ਲਾਈਫਲੌਂਗ ਲਰਨਿੰਗ ਜ਼ਰੂਰੀ ਹੈ। ਨਵੀਆਂ ਸਕਿਲਾਂ ਸਿੱਖੋ ਜਿਵੇਂ ਪ੍ਰੌਂਪਟ ਇੰਜੀਨੀਅਰਿੰਗ, ਡੇਟਾ ਐਨਾਲਿਸਿਸ ਅਤੇ ਏ.ਆਈ. ਟੂਲਸ ਦੀ ਵਰਤੋਂ। ਸਾਫਟ ਸਕਿਲਸ ਜਿਵੇਂ ਕ੍ਰਿਟੀਕਲ ਥਿੰਕਿੰਗ, ਇਮੋਸ਼ਨਲ ਇੰਟੈਲੀਜੈਂਸ ਅਤੇ ਕਮਿਊਨੀਕੇਸ਼ਨ 'ਤੇ ਫੋਕਸ ਕਰੋ – ਏ.ਆਈ. ਇਹਨਾਂ ਨੂੰ ਪੂਰੀ ਤਰ੍ਹਾਂ ਨਹੀਂ ਨਕਲ ਕਰ ਸਕਦਾ। ਭਾਰਤ ਵਿੱਚ ਵੀ ਗਲੋਬਲ ਏ.ਆਈ. ਸਮਿਟ ਅਤੇ ਵਧਦੇ ਡੇਟਾ ਸੈਂਟਰਾਂ ਨਾਲ ਮੌਕੇ ਵਧ ਰਹੇ ਹਨ। ਜੇ ਅਸੀਂ ਅਪਸਕਿਲਿੰਗ 'ਤੇ ਧਿਆਨ ਦੇਈਏ ਤਾਂ ਏਆਈ ਸੰਕਟ ਨਹੀਂ, ਮੌਕਾ ਬਣ ਸਕਦਾ ਹੈ। ਪਰ ਜੇ ਨਹੀਂ ਤਾਂ ਲੱਖਾਂ ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ। ਸਮਾਂ ਆ ਗਿਆ ਹੈ ਕਿ ਅਸੀਂ ਤਿਆਰ ਹੋਈਏ – ਕਿਉਂਕਿ ਬਦਲਾਅ ਆ ਰਿਹਾ ਹੈ ਅਤੇ ਬਹੁਤ ਤੇਜ਼ੀ ਨਾਲ!

## ਗਾਜ਼ਾ ਵਿੱਚ ਮੌਤ ਦਾ ਨਵਾਂ ਰੂਪ

# ਵੈਕਿਊਮ ਬੰਬ ਦੇ ਧਮਾਕਿਆਂ ਕਾਰਨ 2800 ਤੋਂ ਵੱਧ ਲੋਕ ਭਾਫ਼ ਬਣਕੇ ਉੱਡੇ

## ਇਜ਼ਰਾਇਲ ਨਹੀਂ ਕਰ ਰਿਹਾ ਅੰਤਰਰਾਸ਼ਟਰੀ ਕਾਨੂੰਨਾਂ ਦੀ ਪ੍ਰਵਾਹ

ਗਾਜ਼ਾ ਦੀ ਜੰਗ ਹੁਣ ਸਿਰਫ਼ ਇਮਾਰਤਾਂ ਦੇ ਡਿੱਗਣ ਜਾਂ ਗੋਲੀਆਂ ਚੱਲਣ ਤੱਕ ਸੀਮਤ ਨਹੀਂ ਰਹੀ, ਸਗੋਂ ਇਹ 'ਵੈਪੋਰਾਈਜ਼ੇਸ਼ਨ' ਅਰਥਾਤ ਭਾਫ਼ ਬਣਨ ਦੇ ਇੱਕ ਅਜਿਹੇ ਪੜਾਅ 'ਤੇ ਪਹੁੰਚ ਗਈ ਹੈ ਜਿੱਥੇ ਮੌਤ ਤੋਂ ਬਾਅਦ ਦਫ਼ਨਾਉਣ ਲਈ ਸਰੀਰ ਵੀ ਨਸੀਬ ਨਹੀਂ ਹੋ ਰਹੇ। ਅਲ ਜਜ਼ੀਰਾ ਦੀ ਜਾਂਚ ਮੁਤਾਬਕ, ਇਜ਼ਰਾਇਲ ਵੱਲੋਂ ਵਰਤੇ ਗਏ ਆਧੁਨਿਕ ਅਮਰੀਕੀ ਹਥਿਆਰਾਂ ਨੇ ਅਜਿਹਾ ਕਹਿਰ ਢਾਹਿਆ ਹੈ ਕਿ ਹਜ਼ਾਰਾਂ ਲੋਕ ਪਲਾਂ ਵਿੱਚ ਹਵਾ ਵਿੱਚ ਵਿਲੀਨ ਹੋ ਗਏ ਸਨ।

ਵੈਕਿਊਮ ਬੰਬ ਕੀ ਹੈ ਅਤੇ ਇਹ ਕਿਵੇਂ ਕੰਮ ਕਰਦਾ ਹੈ ?

ਵੈਕਿਊਮ ਬੰਬ ਨੂੰ ਦੁਨੀਆ ਦੇ ਸਭ ਤੋਂ ਘਾਤਕ ਗੈਰ-ਪਰਮਾਣੂ ਹਥਿਆਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਸ ਨੂੰ 'ਥਰਮੋਬੈਰਿਕ' ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਗਰਮੀ ਅਤੇ ਦਬਾਅ ਦੇ ਸਿਧਾਂਤ 'ਤੇ ਕੰਮ ਕਰਦਾ ਹੈ।

ਇਹ ਬੰਬ ਦੋ ਪੜਾਵਾਂ ਵਿੱਚ ਫ਼ਟਦਾ ਹੈ। ਪਹਿਲੇ ਧਮਾਕੇ ਵਿੱਚ, ਇਹ ਇੱਕ ਬਹੁਤ ਹੀ ਬਾਰੀਕ ਈਂਧਣ ਦਾ ਬੱਦਲ ਹਵਾ ਵਿੱਚ ਫ਼ੈਲਾ ਦਿੰਦਾ ਹੈ। ਇਹ ਬੱਦਲ ਇਮਾਰਤਾਂ ਦੀਆਂ ਦਰਾਰਾਂ, ਬੰਕਰਾਂ ਅਤੇ ਸੁਰੰਗਾਂ ਦੇ ਅੰਦਰ ਤੱਕ ਵੜ ਜਾਂਦਾ ਹੈ। ਦੂਜੇ ਧਮਾਕੇ ਵਿੱਚ, ਇਸ ਬੱਦਲ ਨੂੰ ਅੱਗ ਲਗਾਈ ਜਾਂਦੀ ਹੈ। ਜਦੋਂ ਇਹ ਈਂਧਣ ਜਲਦਾ ਹੈ, ਤਾਂ ਇਹ ਆਲੇ-ਦੁਆਲੇ ਦੀ ਸਾਰੀ ਆਕਸੀਜਨ ਨੂੰ ਇਕਦਮ ਸੋਖ ਲੈਂਦਾ ਹੈ। ਇਸ ਨਾਲ ਇੱਕ ਅਸਥਾਈ 'ਵੈਕਿਊਮ' (ਖਲਾਅ) ਪੈਦਾ ਹੁੰਦਾ ਹੈ। ਇਹ ਖਲਾਅ ਇੰਨਾ ਸ਼ਕਤੀਸ਼ਾਲੀ ਹੁੰਦਾ ਹੈ ਕਿ ਇਹ ਇਨਸਾਨੀ ਫ਼ੇਫੜਿਆਂ ਵਿੱਚੋਂ ਹਵਾ ਖਿੱਚ ਲੈਂਦਾ ਹੈ ਅਤੇ ਅੰਦਰੂਨੀ ਅੰਗਾਂ ਨੂੰ ਪਾੜ ਦਿੰਦਾ ਹੈ।

ਇਨ੍ਹਾਂ ਹਮਲਿਆਂ ਦੌਰਾਨ ਤਾਪਮਾਨ 2500 ਡਿਗਰੀ ਸੀ ਤੋਂ 3500 ਡਿਗਰੀ ਸੀ ਤੱਕ ਪਹੁੰਚ ਜਾਂਦਾ ਹੈ। ਵਿਗਿਆਨਕ ਤੌਰ 'ਤੇ, ਮਨੁੱਖੀ ਸਰੀਰ ਜਿਸ ਵਿੱਚ 70% ਪਾਣੀ ਹੁੰਦਾ ਹੈ, ਇੰਨੀ ਜ਼ਿਆਦਾ ਗਰਮੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਸੈਕੰਡਾਂ ਵਿੱਚ ਭਾਫ਼ ਬਣ ਕੇ ਉੱਡ ਜਾਂਦਾ ਹੈ।

ਗਾਜ਼ਾ ਸਿਵਲ ਡਿਫ਼ੈਂਸ ਦੇ ਅੰਕੜੇ ਅਤੇ 'ਵੈਪੋਰਾਈਜ਼ਡ' ਸ਼੍ਰੇਣੀ

ਗਾਜ਼ਾ ਵਿੱਚ ਸਿਵਲ ਡਿਫ਼ੈਂਸ ਦੇ ਅਧਿਕਾਰੀਆਂ ਨੇ ਇੱਕ ਨਵੀਂ ਅਤੇ ਦਰਦਨਾਕ ਸ਼੍ਰੇਣੀ ਬਣਾਈ ਹੈ – 'ਵੈਪੋਰਾਈਜ਼ਡ'। ਅਕਤੂਬਰ 2023 ਤੋਂ ਹੁਣ ਤੱਕ 2,842 ਲੋਕਾਂ ਨੂੰ ਇਸ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

ਇਹ ਉਹ ਲੋਕ ਹਨ ਜੋ ਹਮਲੇ ਦੇ ਸਮੇਂ ਮੌਕੇ 'ਤੇ ਮੌਜੂਦ ਸਨ, ਪਰ ਹਮਲੇ ਤੋਂ ਬਾਅਦ ਉਨ੍ਹਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਮਿਲਿਆ। ਮਲਬੇ ਵਿੱਚੋਂ ਨਾ ਤਾਂ ਕੋਈ ਹੱਡੀ ਮਿਲੀ ਅਤੇ ਨਾ ਹੀ ਕੋਈ ਅੰਗ। ਸਿਰਫ਼ ਕੱਪੜਿਆਂ ਦੇ ਜਲੇ ਹੋਏ ਟੁਕੜੇ ਜਾਂ ਕੰਧਾਂ 'ਤੇ ਖੂਨ ਦੇ ਧੱਬੇ ਹੀ ਬਾਕੀ ਬਚੇ। ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਐਲੂਮੀਨੀਅਮ ਅਤੇ ਮੈਗਨੀਸ਼ੀਅਮ ਵਰਗੀਆਂ ਧਾਤਾਂ ਨੂੰ ਬੰਬਾਂ ਵਿੱਚ ਮਿਲਾਇਆ ਜਾਂਦਾ ਹੈ, ਤਾਂ ਉਹ ਅੱਗ ਦੀ ਤੀਬਰਤਾ ਨੂੰ ਇੰਨਾ ਵਧਾ ਦਿੰਦੀਆਂ ਹਨ ਕਿ ਸਰੀਰਕ ਢਾਂਚਾ ਪੂਰੀ ਤਰ੍ਹਾਂ ਨਸ਼ਟ ਹੋ ਜਾਂਦਾ ਹੈ।

**ਅਮਰੀਕੀ ਹਥਿਆਰਾਂ ਦੀ ਭੂਮਿਕਾ**

ਰਿਪੋਰਟ ਵਿੱਚ ਸਾਫ਼ ਤੌਰ 'ਤੇ ਅਮਰੀਕਾ ਦੁਆਰਾ ਸਪਲਾਈ ਕੀਤੇ ਗਏ ਹਥਿਆਰਾਂ ਦੇ ਨਾਂਅ ਲਏ ਗਏ ਹਨ, ਜੋ ਇਸ ਤਬਾਹੀ ਦਾ ਮੁੱਖ ਕਾਰਨ ਬਣੇ:

**ਐਮਕੇ-84 (ਦਾ ਹੈਮਰ):** ਇਹ 2000 ਪੌਂਡ ਦਾ ਬੰਬ ਹੈ ਜੋ ਟ੍ਰਾਈਟੋਨਲ ਨਾਲ ਭਰਿਆ ਹੁੰਦਾ ਹੈ। ਇਹ ਇੰਨਾ ਸ਼ਕਤੀਸ਼ਾਲੀ ਹੈ ਕਿ ਇਹ ਸੈਂਕੜੇ ਮੀਟਰ ਦੇ ਘੇਰੇ ਵਿੱਚ ਸਭ ਕੁਝ ਸੁਆਹ ਕਰ ਸਕਦਾ ਹੈ।

**ਬੀਐਲਯੂ-109 (ਬੰਕਰ ਬਸਟਰ ):** ਇਹ ਬੰਕਰਾਂ ਨੂੰ ਤੋੜਨ ਲਈ ਵਰਤਿਆ ਜਾਂਦਾ ਹੈ। ਇਹ ਜ਼ਮੀਨ ਦੇ ਅੰਦਰ ਜਾਂ ਇਮਾਰਤ ਦੇ ਅੰਦਰ ਵੜ ਕੇ ਫ਼ਟਦਾ ਹੈ, ਜਿਸ ਨਾਲ ਅੰਦਰ ਮੌਜੂਦ ਲੋਕਾਂ ਨੂੰ ਬਚਣ ਦਾ ਕੋਈ ਮੌਕਾ ਨਹੀਂ ਮਿਲਦਾ।

**ਜੀਬੀਯੂ39 (ਸਮਾਲ ਡਾਇਮੀਟਰ ਬੰਬ ):** ਇਹ ਇੱਕ ਸਟੀਕ ਨਿਸ਼ਾਨੇ ਵਾਲਾ ਬੰਬ ਹੈ। ਅਲ-ਤਾਬੀਨ ਸਕੂਲ ਵਰਗੀਆਂ ਥਾਵਾਂ 'ਤੇ ਇਸ ਦੇ ਅਵਸ਼ੇਸ਼ ਮਿਲੇ ਹਨ। ਇਹ ਘੱਟ ਜਗ੍ਹਾ ਵਿੱਚ ਬਹੁਤ ਜ਼ਿਆਦਾ ਤਾਪਮਾਨ ਪੈਦਾ ਕਰਨ ਲਈ ਬਣਾਇਆ ਗਿਆ ਹੈ।

**ਮਨੁੱਖੀ ਤ੍ਰਾਸਦੀ: ਅਲ-ਤਾਬੀਨ ਸਕੂਲ ਦੀ ਮਿਸਾਲ**

ਅਗਸਤ 2024 ਵਿੱਚ ਗਾਜ਼ਾ ਸ਼ਹਿਰ ਦੇ ਅਲ-ਤਾਬੀਨ ਸਕੂਲ 'ਤੇ ਹੋਇਆ ਹਮਲਾ ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ। ਉੱਥੇ ਸੈਂਕੜੇ ਲੋਕ ਪਨਾਹ ਲਏ ਹੋਏ ਸਨ। ਹਮਲੇ ਤੋਂ ਬਾਅਦ ਜੋ ਮੰਜ਼ਰ ਸੀ, ਉਹ ਰੂਹ ਕੰਬਾਊ ਸੀ। ਯਾਸਮੀਨ ਮਹਾਨੀ ਵਰਗੀਆਂ ਮਾਵਾਂ ਆਪਣੇ ਬੱਚਿਆਂ ਦੀ ਭਾਲ ਵਿੱਚ ਖਾਲੀ ਹੱਥ ਰਹਿ ਗਈਆਂ। ਉੱਥੇ ਕੋਈ 'ਲਾਸ਼' ਨਹੀਂ ਸੀ, ਸਿਰਫ਼ ਸੜਿਆ ਹੋਇਆ ਮਲਬਾ ਸੀ। ਗਾਜ਼ਾ ਦੇ ਬੁਲਾਰੇ ਮਹਿਮੂਦ ਬਸਾਲ ਅਨੁਸਾਰ, ਜਦੋਂ ਕੋਈ ਸਰੀਰ ਨਹੀਂ ਮਿਲਦਾ, ਤਾਂ ਅਸੀਂ ਪਰਿਵਾਰ ਦੇ ਦਾਅਵੇ ਅਤੇ ਮੌਕੇ ਦੇ ਹਾਲਾਤਾਂ ਦੇ ਅਧਾਰ 'ਤੇ 'ਨਿਸ਼ਕਾਸਨ ਵਿਧੀ' ਰਾਹੀਂ ਉਨ੍ਹਾਂ ਨੂੰ ਮ੍ਰਿਤਕ ਐਲਾਨਦੇ ਹਾਂ।

**ਕਾਨੂੰਨੀ ਅਤੇ ਨੈਤਿਕ ਸਵਾਲ**

ਇਹ ਰਿਪੋਰਟ ਅੰਤਰਰਾਸ਼ਟਰੀ ਭਾਈਚਾਰੇ ਲਈ ਇੱਕ ਵੱਡੀ ਚੁਣੌਤੀ ਹੈ। ਰਿਹਾਇਸ਼ੀ ਇਲਾਕਿਆਂ ਅਤੇ ਸਕੂਲਾਂ ਵਿੱਚ ਅਜਿਹੇ ਹਥਿਆਰਾਂ ਦੀ ਵਰਤੋਂ ਕਰਨਾ, ਜੋ ਇਨਸਾਨੀ ਸਰੀਰ ਨੂੰ ਮਿਟਾ ਦੇਣ, ਸਿੱਧੇ ਤੌਰ 'ਤੇ ਜੰਗੀ ਅਪਰਾਧਾਂ ਦੇ ਦਾਇਰੇ ਵਿੱਚ ਆਉਂਦਾ ਹੈ। ਅੰਤਰਰਾਸ਼ਟਰੀ ਨਿਆਂ ਅਦਾਲਤ ਵਿੱਚ ਇਜ਼ਰਾਇਲ ਵਿਰੁੱਧ ਨਸਲਕੁਸ਼ੀ ਦਾ ਮਾਮਲਾ ਪਹਿਲਾਂ ਹੀ ਚੱਲ ਰਿਹਾ ਹੈ। ਇਹ ਨਵੀਂ ਰਿਪੋਰਟ ਉਨ੍ਹਾਂ ਸਬੂਤਾਂ ਨੂੰ ਹੋਰ ਮਜ਼ਬੂਤ ਕਰਦੀ ਹੈ ਕਿ ਹਮਲਿਆਂ ਦਾ ਮਕਸਦ ਸਿਰਫ਼ ਹਮਾਸ ਨੂੰ ਖਤਮ ਕਰਨਾ ਨਹੀਂ, ਸਗੋਂ ਵੱਡੇ ਪੈਮਾਨੇ 'ਤੇ ਮਨੁੱਖੀ ਜੀਵਨ ਨੂੰ ਮਿਟਾਉਣਾ ਹੈ।

ਵੈਕਿਊਮ ਬੰਬਾਂ ਦੀ ਵਰਤੋਂ ਨੇ ਯੁੱਧ ਦੀ ਨੈਤਿਕਤਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਜੇਕਰ 2800 ਲੋਕ ਬਿਨਾਂ ਕਿਸੇ ਨਿਸ਼ਾਨ ਦੇ ਗਾਇਬ ਹੋ ਗਏ ਹਨ, ਤਾਂ ਇਹ ਆਧੁਨਿਕ ਇਤਿਹਾਸ ਦੇ ਸਭ ਤੋਂ ਭਿਆਨਕ ਕਾਂਡਾਂ ਵਿੱਚੋਂ ਇੱਕ ਹੈ। ਇਹ ਸਿਰਫ਼ ਇਜ਼ਰਾਇਲ ਅਤੇ ਫ਼ਲਸਤੀਨ ਦਾ ਮਾਮਲਾ ਨਹੀਂ, ਸਗੋਂ ਪੂਰੀ ਮਨੁੱਖਤਾ ਲਈ ਇੱਕ ਚਿਤਾਵਨੀ ਹੈ ਕਿ ਕਿਵੇਂ ਤਕਨਾਲੋਜੀ ਦੀ ਵਰਤੋਂ 'ਸਮੂਹਿਕ ਵਿਨਾਸ਼' ਲਈ ਕੀਤੀ ਜਾ ਰਹੀ ਹੈ।



**ਅੰਤਰਰਾਸ਼ਟਰੀ ਕਾਨੂੰਨ ਅਤੇ ਵੈਕਿਊਮ ਬੰਬਾਂ ਦੀ ਵਰਤੋਂ ਜਨੇਵਾ ਕਨਵੈਨਸ਼ਨ ਦੀ ਉਲੰਘਣਾ: ਇੱਕ ਵਿਸ਼ਲੇਸ਼ਣ**

ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਦਾ ਮੁੱਖ ਮਕਸਦ ਜੰਗ ਦੇ ਦੌਰਾਨ ਆਮ ਨਾਗਰਿਕਾਂ ਦੀ ਰੱਖਿਆ ਕਰਨਾ ਅਤੇ ਅਜਿਹੇ ਹਥਿਆਰਾਂ 'ਤੇ ਰੋਕ ਲਗਾਉਣਾ ਹੈ ਜੋ 'ਬੇਲੋੜੀ ਪੀੜ' ਦਿੰਦੇ ਹਨ। 1949 ਦੀਆਂ ਜਨੇਵਾ ਕਨਵੈਨਸ਼ਨਾਂ ਅਤੇ ਉਨ੍ਹਾਂ ਦੇ ਵਾਧੂ ਪ੍ਰੋਟੋਕੋਲ ਸਪੱਸ਼ਟ ਕਰਦੇ ਹਨ ਕਿ ਜੰਗ ਵਿੱਚ ਕਿਹੜੇ ਹਥਿਆਰ ਅਤੇ ਤਰੀਕੇ ਵਰਤੇ ਜਾ ਸਕਦੇ ਹਨ।

ਕਨਵੈਨਸ਼ਨ ਮੁਤਾਬਕ, ਮਰਨ ਵਾਲੇ ਹਰ ਵਿਅਕਤੀ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਸਨਮਾਨਜਨਕ ਤਰੀਕੇ ਨਾਲ ਸੰਭਾਲਣਾ ਚਾਹੀਦਾ ਹੈ। ਜਦੋਂ ਵੈਕਿਊਮ ਬੰਬ ਸਰੀਰ ਨੂੰ 'ਭਾਫ਼' ਬਣਾ ਦਿੰਦੇ ਹਨ, ਤਾਂ ਇਹ ਮ੍ਰਿਤਕ ਦੇ ਪਛਾਣ ਦੇ ਅਧਿਕਾਰ ਅਤੇ ਪਰਿਵਾਰ ਦੇ 'ਜਾਨਣ ਦੇ ਅਧਿਕਾਰ' ਦੀ ਸਿੱਧੀ ਉਲੰਘਣਾ ਹੈ।

ਕਾਨੂੰਨ ਕਹਿੰਦਾ ਹੈ ਕਿ ਹਮਲਾ ਸਿਰਫ਼ ਫ਼ੌਜੀ ਠਿਕਾਣਿਆਂ 'ਤੇ ਹੋਣਾ ਚਾਹੀਦਾ ਹੈ। ਥਰਮੋਬੈਰਿਕ ਹਥਿਆਰ ਇੰਨੇ ਵਿਆਪਕ ਹੁੰਦੇ ਹਨ ਕਿ ਉਹ ਇੱਕ ਵਾਰ ਫ਼ਟਣ ਤੋਂ ਬਾਅਦ ਇਹ ਫ਼ਰਕ ਨਹੀਂ ਕਰ ਸਕਦੇ ਕਿ ਕੌਣ ਹਮਾਸ ਦਾ ਲੜਾਕੂ ਹੈ ਅਤੇ ਕੌਣ ਬੱਚਾ ਜਾਂ ਔਰਤ। ਹੇਗ ਕਨਵੈਨਸ਼ਨ ਅਤੇ ਜਨੇਵਾ ਪ੍ਰੋਟੋਕੋਲ ਅਜਿਹੇ ਹਥਿਆਰਾਂ ਦੀ ਵਰਤੋਂ ਦੀ ਮਨਾਹੀ ਕਰਦੇ ਹਨ ਜੋ ਮਨੁੱਖੀ ਸਰੀਰ ਨੂੰ ਅਜਿਹੇ ਤਰੀਕੇ ਨਾਲ ਨੁਕਸਾਨ ਪਹੁੰਚਾਉਂਦੇ ਹਨ ਜਿਸ ਨਾਲ ਮੌਤ ਬੇਹੱਦ ਦਰਦਨਾਕ ਹੋਵੇ। ਵੈਕਿਊਮ ਬੰਬ ਇਨਸਾਨ ਦੇ ਫ਼ੇਫੜਿਆਂ ਨੂੰ ਪਾੜ ਦਿੰਦੇ ਹਨ ਅਤੇ ਸਰੀਰ ਦੇ ਅੰਦਰੂਨੀ ਅੰਗਾਂ ਨੂੰ ਉੱਚ ਦਬਾਅ ਨਾਲ ਕੁਚਲ ਦਿੰਦੇ ਹਨ। ਇਸ ਨੂੰ ਅੰਤਰਰਾਸ਼ਟਰੀ ਕਾਨੂੰਨ ਵਿੱਚ 'ਅਣਮਨੁੱਖੀ' ਮੰਨਿਆ ਜਾਂਦਾ ਹੈ।

(ਬਾਕੀ ਸਫ਼ਾ 26 'ਤੇ)



# ਖੇਡਾਂ ਦੀ 'ਨਰਸਰੀ' ਵਜੋਂ ਉਭਰੇਗਾ ਪੰਜਾਬ !

## ਕਿੰਨਾ ਕੁ ਲਾਹੇਵੰਦ ਰਹੇਗਾ 'ਪੰਜਾਬ ਕ੍ਰਿਕਟ ਲੀਗ' ਸ਼ੁਰੂ ਕਰਨ ਦਾ ਵੱਡਾ ਫੈਸਲਾ?

### ਕੀ ਪੰਜਾਬ ਨੂੰ ਖੇਡਾਂ 'ਚ ਅੱਵਲ ਬਣਾਉਣ ਦਾ ਪੂਰਾ ਹੋ ਸਕੇਗਾ ਮੁੱਖ ਮੰਤਰੀ ਦਾ ਸੁਪਨਾ ?

### ਸ਼ਹੀਦਾਂ ਦੇ ਬੁੱਤਾਂ ਵਾਂਗੂੰ ਫ਼ੁੱਲਾਂ ਦੇ ਹਾਰਾਂ ਜੋਗੇ ਨਾ ਰਹਿ ਜਾਣ ਖਿਡਾਰੀ

ਜਗਮੋਹਨ ਸਿੰਘ ਲੱਕੀ

ਇੱਕ ਸਮਾਂ ਅਜਿਹਾ ਵੀ ਸੀ ਜਦੋਂ ਪੰਜਾਬ ਦੇ ਖਿਡਾਰੀਆਂ ਦੀ ਪੂਰੇ ਵਿਸ਼ਵ ਵਿੱਚ ਵੱਖਰੀ ਹੀ ਸ਼ਾਨ ਹੁੰਦੀ ਸੀ। ਪੰਜਾਬ ਦੇ ਖਿਡਾਰੀਆਂ ਊਧਮ ਸਿੰਘ, ਬਲਬੀਰ ਸਿੰਘ, ਸੁਰਜੀਤ ਸਿੰਘ, ਮਿਲਖਾ ਸਿੰਘ ਅਤੇ ਹੋਰਨਾਂ ਖਿਡਾਰੀਆਂ ਦੀ ਵਾਰਾਂ ਮੇਲਿਆਂ ਵਿੱਚ ਢਾਡੀ ਗਾਇਆ ਕਰਦੇ ਸਨ। ਵਿਸ਼ਵ ਦੀਆਂ ਪ੍ਰਸਿੱਧ ਅਖ਼ਬਾਰਾਂ ਦੇ ਪਹਿਲੇ ਪੰਨਿਆਂ 'ਤੇ ਪੰਜਾਬੀ ਖਿਡਾਰੀਆਂ ਦੀਆਂ ਖੇਡ ਪ੍ਰਾਪਤੀਆਂ ਦਾ ਜ਼ਿਕਰ ਹੁੰਦਾ ਸੀ ਅਤੇ ਵੱਡੇ ਆਲਮੀ ਮੁਕਾਬਲਿਆਂ ਵਿੱਚ ਸੋਨ ਤਗਮੇ ਜਿੱਤ ਦੇ ਪੰਜਾਬੀ ਖਿਡਾਰੀਆਂ ਦੀਆਂ ਤਸਵੀਰਾਂ ਛਪਦੀਆਂ ਹੁੰਦੀਆਂ ਸਨ। ਫੇਰ ਅਜਿਹਾ ਸਮਾਂ ਵੀ ਆਇਆ ਕਿ ਪੰਜਾਬ ਖੇਡਾਂ ਦੇ ਖੇਤਰ ਵਿੱਚ ਬਹੁਤ ਪਿੱਛੜ ਗਿਆ। ਇੱਥੋਂ ਤੱਕ ਕਿ ਪੰਜਾਬ ਦਾ ਗੁਆਂਢੀ ਸੂਬਾ ਹਰਿਆਣਾ ਵੀ ਪੰਜਾਬ ਨੂੰ ਖੇਡਾਂ ਦੇ ਖੇਤਰ ਵਿੱਚ ਪਿੱਛੇ ਛੱਡ ਗਿਆ। ਪੰਜਾਬ ਦੇ ਖੇਡਾਂ ਵਿੱਚ ਪਿਛੜਨ ਦੇ ਇੱਕ ਨਹੀਂ ਸਗੋਂ ਅਨੇਕਾਂ ਕਾਰਨ ਸਨ, ਜਿਨ੍ਹਾਂ ਕਾਰਨ ਪੰਜਾਬ ਇੱਕ ਵਾਰ ਤਾਂ ਬਿਲਕੁਲ ਨੁਕਰੇ ਲੱਗ ਗਿਆ। ਸਭ ਤੋਂ ਵੱਡਾ ਕਾਰਨ ਪੰਜਾਬ ਦੇ ਹਾਲਾਤ ਖਰਾਬ ਹੋਣਾ ਸੀ। ਪੰਜਾਬ ਦੇ ਵਿੱਚ ਚੱਲੇ ਕਾਲੇ ਦੌਰ ਦੌਰਾਨ ਪੰਜਾਬ ਵਿੱਚ ਖੇਡ ਮੇਲੇ ਹੋਣੇ ਬੰਦ ਹੋ ਗਏ ਸਨ ਅਤੇ ਸੀਨੀਅਰ ਖਿਡਾਰੀ ਆਪਣੀ ਜ਼ਿੰਦਗੀ ਬਚਾਉਣ ਲਈ ਪੰਜਾਬ ਤੋਂ ਵਿਦੇਸ਼ਾਂ ਜਾਂ ਹੋਰਨਾਂ ਸੂਬਿਆਂ ਵੱਲ ਪਰਵਾਸ ਕਰ ਗਏ ਸਨ। ਅਨੇਕਾਂ ਖਿਡਾਰੀ ਉਸ ਸਮੇਂ ਖੇਡ ਮੈਦਾਨਾਂ ਤੋਂ ਦੂਰ ਹੋ ਗਏ ਸਨ। ਸਭ ਨੂੰ ਆਪਣੀ ਜਾਨ ਬਚਾਉਣ ਦੀ ਚਿੰਤਾ ਲੱਗੀ ਹੋਈ ਸੀ, ਜਿਸ ਕਰਕੇ ਖੇਡਾਂ ਵੱਲ ਕਿਸੇ ਦਾ ਧਿਆਨ ਨਾ ਗਿਆ।



ਪੰਜਾਬ ਵਿੱਚ ਲੰਬਾ ਸਮਾਂ ਰਾਸ਼ਟਰਪਤੀ ਰਾਜ ਰਹਿਣ ਤੋਂ ਬਾਅਦ ਸਮੇਂ ਸਮੇਂ 'ਤੇ ਵਾਰੋ ਵਾਰੀ ਕਾਂਗਰਸ ਅਤੇ ਅਕਾਲੀ ਸਰਕਾਰਾਂ ਬਣੀਆਂ ਪਰ ਇਹਨਾਂ ਸਰਕਾਰਾਂ ਵੱਲੋਂ ਵੀ ਖੇਡਾਂ ਵੱਲ ਉਚਿਤ ਤੇ ਲੋੜੀਂਦਾ ਧਿਆਨ ਨਾ ਦੇਣ ਕਾਰਨ ਪੰਜਾਬ ਖੇਡਾਂ ਦੇ ਖੇਤਰ ਵਿੱਚ ਪਿੱਛੜਿਆ ਰਿਹਾ। ਭਾਵੇਂ ਅਕਾਲੀ-ਭਾਜਪਾ ਸਰਕਾਰ ਸਮੇਂ ਸੁਖਬੀਰ ਸਿੰਘ ਬਾਦਲ ਦੇ ਅਗਵਾਈ ਹੇਠ ਵਰਲਡ ਕਬੱਡੀ ਕੱਪ ਸ਼ੁਰੂ ਹੋਇਆ, ਵੱਡੇ ਇਨਾਮ ਦਿੱਤੇ ਗਏ, ਸਟੇਡੀਅਮ ਬਣੇ ਅਤੇ ਖਿਡਾਰੀਆਂ ਨੂੰ ਨੌਕਰੀਆਂ ਵੀ ਮਿਲੀਆਂ ਪਰ ਉਸ ਸਮੇਂ ਸਿਰਫ਼ ਕਬੱਡੀ ਨੂੰ ਉਤਸ਼ਾਹਿਤ ਕੀਤਾ ਗਿਆ ਜਿਸ ਕਾਰਨ ਹੋਰਨਾਂ ਖੇਡਾਂ ਨੁਕਰੇ ਲੱਗ ਗਈਆਂ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਇੰਡੋ ਪਾਕਿ ਖੇਡਾਂ ਕਰਵਾਈਆਂ ਪਰ ਫੇਰ ਵੀ ਇਹਨਾਂ ਦੋਵਾਂ ਪਾਰਟੀਆਂ ਦੀਆਂ ਸਰਕਾਰਾਂ ਸਮੇਂ ਅਨੇਕਾਂ ਕਾਰਨਾਂ ਕਰਕੇ ਪੰਜਾਬ ਦੇ ਖੇਡ ਜਗਤ ਨੂੰ ਉਹ ਹੁਲਾਰਾ ਨਾ ਮਿਲਿਆ, ਜਿਸ ਦੀ ਉਸ ਨੂੰ ਵੱਡੀ ਲੋੜ ਸੀ। ਹੁਣ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਨੇ ਪੰਜਾਬ ਨੂੰ ਖੇਡਾਂ ਵਿੱਚ ਅੱਵਲ ਲਿਆਉਣ ਲਈ ਯਤਨ ਕਰਨੇ ਸ਼ੁਰੂ ਕੀਤੇ ਹਨ, ਜਿਸ ਕਾਰਨ ਪੰਜਾਬ ਦੇ ਖੇਡ ਜਗਤ ਨੇ ਮੁੜ ਅੰਗੜਾਈ ਭਰੀ ਹੈ।



ਹੁਣ ਪੰਜਾਬ ਦੇ ਖੇਡ ਜਗਤ ਵਿੱਚ ਠੰਡੀ ਹਵਾ ਦਾ ਬੁੱਲ੍ਹਾ ਆਇਆ ਹੈ ਅਤੇ ਪੰਜਾਬ ਦੇ ਖੇਡ ਜਗਤ ਦੇ ਨਵੀਆਂ ਉਚਾਈਆਂ ਨੂੰ ਛੂਹਣ ਦੀ ਆਸ ਬਣ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਪੰਜਾਬ ਨੂੰ ਖੇਡਾਂ ਦੀ ਨਰਸਰੀ ਵਜੋਂ ਉਭਾਰਨ ਲਈ ਯਤਨਸ਼ੀਲ ਹੋ ਗਏ ਹਨ। ਇਸ ਉਦੇਸ਼ ਦੀ ਪ੍ਰਾਪਤੀ ਲਈ ਪੰਜਾਬ ਵਿੱਚ ਪੰਜਾਬ ਸਰਕਾਰ ਵੱਲੋਂ ਸਭ ਤੋਂ ਪਹਿਲਾਂ ਨਵੀਂ ਖੇਡ ਨੀਤੀ ਬਣਾਈ ਗਈ। ਉਸ ਤੋਂ ਬਾਅਦ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਅਹਿਮ ਪ੍ਰਾਪਤੀਆਂ ਕਰਨ ਵਾਲੇ ਅਤੇ ਤਗਮੇ ਜਿੱਤਣ ਵਾਲੇ ਖਿਡਾਰੀਆਂ ਨੂੰ ਵੱਡੇ ਇਨਾਮਾਂ ਨਾਲ ਸਨਮਾਨ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ, ਜਿਸ ਕਾਰਨ ਖਿਡਾਰੀਆਂ ਵਿੱਚ ਹੌਂਸਲਾ ਵਧਿਆ। ਸੀਨੀਅਰ ਖਿਡਾਰੀਆਂ ਨੂੰ ਤਗਮੇ ਜਿੱਤ ਦੇ ਅਤੇ ਉਹਨਾਂ ਨੂੰ ਲੱਖਾਂ ਕਰੋੜਾਂ ਦੇ ਸਰਕਾਰੀ ਇਨਾਮ ਮਿਲਦੇ ਵੇਖ ਕੇ ਉਭਰਦੇ ਖਿਡਾਰੀਆਂ ਵਿੱਚ ਵੀ ਖੇਡਾਂ ਵਿੱਚ ਮੱਲਾਂ ਮਾਰਨ ਦਾ ਜਜ਼ਬਾ ਪੈਦਾ ਹੋਇਆ। ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ 'ਪੰਜਾਬ ਕ੍ਰਿਕਟ ਲੀਗ' ਸ਼ੁਰੂ ਕਰਨ ਦਾ ਵੱਡਾ ਫੈਸਲਾ ਲਿਆ ਹੈ। ਪਿਛਲੇ ਦਿਨੀਂ ਖੇਡ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿੱਚ ਇਸ ਪ੍ਰੋਜੈਕਟ ਨੂੰ ਪ੍ਰਵਾਨਗੀ ਦਿੱਤੀ ਗਈ। ਇਹ ਲੀਗ ਇੰਡੀਅਨ ਪ੍ਰੀਮੀਅਰ ਲੀਗ ਦੇ ਮਾਡਲ 'ਤੇ ਆਧਾਰਿਤ ਹੋਵੇਗੀ, ਜਿਸ ਵਿੱਚ ਜ਼ਿਲ੍ਹਾ ਅਤੇ ਖੇਤਰੀ ਪੱਧਰ (ਮਾਝਾ, ਮਾਲਵਾ ਅਤੇ ਦੋਆਬਾ) ਦੀਆਂ ਟੀਮਾਂ ਹਿੱਸਾ ਲੈਣਗੀਆਂ। ਸਰਕਾਰ ਇਸ ਉਪਰਾਲੇ ਲਈ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਨਾਲ ਤਾਲਮੇਲ ਕਰੇਗੀ ਤਾਂ ਜੋ ਉਭਰਦੇ ਖਿਡਾਰੀਆਂ ਨੂੰ ਪੇਸ਼ੇਵਰ ਮੰਚ ਮੁਹੱਈਆ ਕਰਵਾ ਕੇ ਕੌਮੀ ਤੇ ਕੌਮਾਂਤਰੀ ਪੱਧਰ ਤੱਕ ਪਹੁੰਚਾਇਆ ਜਾ ਸਕੇ।

> ਇਹ ਠੀਕ ਹੈ ਕਿ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਮੌਜੂਦਾ ਸਰਕਾਰ ਖੇਡਾਂ ਵੱਲ ਵਿਸ਼ੇਸ਼ ਧਿਆਨ ਦੇਣ ਲੱਗੀ ਹੈ, ਪਰ ਇਹ ਕੰਮ ਏਨਾ ਸੌਖਾਲਾ ਨਹੀਂ ਹੈ, ਜਿੰਨਾ ਕਿ ਦਿਖਾਈ ਦਿੰਦਾ ਹੈ। ਪੰਜਾਬ ਦੇ ਖੇਡ ਜਗਤ ਵਿੱਚ ਵੀ ਭ੍ਰਿਸ਼ਟਾਚਾਰ ਅਤੇ ਭਾਈਭਤੀਜਾਵਾਦ ਆਪਣੀਆਂ ਜੜ੍ਹਾਂ ਬਣਾਈ ਬੈਠੇ ਹਨ, ਜਿੰਨੀ ਦੇਰ ਖੇਡ ਜਗਤ ਵਿਚੋਂ ਭ੍ਰਿਸ਼ਟਾਚਾਰ ਅਤੇ ਭਾਈਭਤੀਜਾਵਾਦ ਨੂੰ ਪੂਰੀ ਤਰ੍ਹਾਂ ਦੂਰ ਨਹੀਂ ਕੀਤਾ ਜਾਂਦਾ, ਉਨੀ ਦੇਰ ਪੰਜਾਬ ਦਾ ਖੇਡ ਜਗਤ ਲੋੜੀਂਦੀ ਤਰੱਕੀ ਨਹੀਂ ਕਰ ਸਕਦਾ।

ਮੁੱਖ ਮੰਤਰੀ ਨੇ ਇਮਰਾਨ ਖਾਨ ਅਤੇ ਅਰਜੁਨ ਰਣਤੁੰਗਾ ਵਰਗੇ ਦਿੱਗਜਾਂ ਦੀ ਮਿਸਾਲ ਦਿੰਦਿਆਂ ਕਿਹਾ ਹੈ ਕਿ ਇਸ ਲੀਗ ਰਾਹੀਂ ਪੰਜਾਬ ਕ੍ਰਿਕਟ ਦੀ 'ਨਰਸਰੀ' ਵਜੋਂ ਉਭਰੇਗਾ। ਸਿਰਫ਼ ਕ੍ਰਿਕਟ ਹੀ ਨਹੀਂ, ਸਗੋਂ ਹਾਕੀ, ਵਾਲੀਬਾਲ, ਫੁੱਟਬਾਲ ਅਤੇ ਕਬੱਡੀ ਵਰਗੀਆਂ ਖੇਡਾਂ ਦੀਆਂ ਵੀ ਜ਼ਿਲ੍ਹਾ ਪੱਧਰੀ ਲੀਗਾਂ ਕਰਵਾਈਆਂ ਜਾਣਗੀਆਂ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਦੀ ਪੁਰਾਣੀ ਖੇਡ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ ਅਤੇ ਨੌਜਵਾਨਾਂ ਦੀ ਊਰਜਾ ਨੂੰ ਮੈਦਾਨਾਂ ਵੱਲ ਮੋੜ ਕੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਕੀਤੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਮੁਹਿੰਮ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਦੇ ਰਾਹ ਤੋਂ ਮੋੜ ਕੇ ਦੇਸ਼ ਲਈ ਮੈਡਲ ਜਿੱਤਣ ਦੇ ਕਾਬਲ ਬਣਾਉਣਾ ਹੈ।

ਪੰਜਾਬ ਦੇ ਖੇਡ ਜਗਤ ਦਾ ਹਾਲ ਇਹ ਹੈ ਕਿ ਸਰਕਾਰ ਵੱਲੋਂ ਖਿਡਾਰੀਆਂ ਲਈ ਭੇਜਿਆ ਇੱਕ ਰੁਪਇਆ ਖਿਡਾਰੀਆਂ ਤੱਕ ਪਹੁੰਚਦੇ ਪਹੁੰਚਦੇ ਚੁਆਨੀ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਖਿਡਾਰੀਆਂ ਨੂੰ ਮਿਲਦਾ ਖਾਣ ਪੀਣ ਦਾ ਸਮਾਨ ਅਕਸਰ ਕੋਚ ਅਤੇ ਖੇਡ ਮਾਹਿਰ ਖਾ ਪੀ ਜਾਂਦੇ ਹਨ। ਇਸੇ ਕਾਰਨ ਕੋਚਾਂ ਅਤੇ ਖਿਡਾਰੀਆਂ ਦੀ ਸਿਹਤ ਵਿੱਚ ਵੱਡਾ ਅੰਤਰ ਹੁੰਦਾ ਹੈ। ਜਿਥੇ ਕੋਚ ਹੱਟੇ ਕੱਟੇ ਅਤੇ ਭਲਵਾਨ ਕਿਸਮ ਦੇ ਵੇਖੇ ਜਾਂਦੇ ਹਨ, ਉਥੇ ਖਿਡਾਰੀ ਪਤਲੇ ਛਟਾਂਕ ਜਿਹੇ ਸਰੀਰ ਵਾਲੇ ਦਿਖਾਈ ਦਿੰਦੇ ਹਨ, ਜੋਕਿ ਖਿਡਾਰੀਆਂ ਨੂੰ ਮਿਲਦੀ ਖੁਰਾਕ ਵਿੱਚ ਹੁੰਦੇ ਵਿਤਕਰੇ ਦਾ ਵੱਡਾ ਸਬੂਤ ਹੁੰਦੇ ਹਨ। ਅਕਸਰ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਚੰਗੇ ਖਿਡਾਰੀ ਖੇਡ ਮੈਦਾਨਾਂ ਵਿੱਚ ਪਸੀਨਾ ਵਹਾਉਂਦੇ ਰਹਿ ਜਾਂਦੇ ਹਨ ਪਰ ਸਿਫ਼ਾਰਸੀ ਖਿਡਾਰੀਆਂ ਨੂੰ ਟੀਮਾਂ ਵਿੱਚ ਭਰਤੀ ਕਰਕੇ ਅਹਿਮ ਮੁਕਾਬਲਿਆਂ ਵਿੱਚ ਭੇਜ ਦਿੱਤਾ ਜਾਂਦਾ ਹੈ। ਸਿਫ਼ਾਰਿਸੀ ਖ਼ਿਡਾਰੀਆਂ ਸਹਾਰੇ ਵੱਡੇ ਖੇਡ ਮੁਕਾਬਲੇ ਜਿੱਤੇ ਨਹੀਂ ਜਾ ਸਕਦੇ। ਇਸ ਕਾਰਨ ਵੀ ਖੇਡਾਂ ਵਿੱਚ ਪੰਜਾਬ ਕਾਫੀ ਪਿੱਛੜਦਾ ਗਿਆ ਹੈ। ਪੰਜਾਬ ਦੇ ਖੇਡ ਜਗਤ ਵਿੱਚ ਭਾਈਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਦੀ ਖੇਡ ਸਕੂਲ ਪੱਧਰ ਤੋਂ ਹੋ ਜਾਂਦੀ ਹੈ, ਜਦੋਂ ਚੰਗੇ ਸਕੂਲੀ ਖਿਡਾਰੀਆਂ ਦੀ ਥਾਂ ਮੈਡਮਾਂ ਅਤੇ ਮਾਸਟਰਾਂ ਦੇ ਬੱਚਿਆਂ ਜਾਂ ਉਹਨਾਂ ਦੇ ਭਤੀਜੇ ਭਤੀਜੀਆਂ ਨੂੰ ਖੇਡ ਟੀਮਾਂ ਵਿੱਚ ਪਾ ਕੇ ਵੱਖ ਵੱਖ ਟੂਰਨਾਮੈਂਟ ਖੇਡਣ ਲਈ ਭੇਜ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸਕੂਲਾਂ ਦੇ ਖਿਡਾਰੀਆਂ ਲਈ ਭੇਜਿਆ ਪੈਸਾ ਕਈ ਵਾਰ ਸਕੂਲ ਪ੍ਰਬੰਧਕ ਜਾਂ ਪ੍ਰਿੰਸੀਪਲ ਹੀ ਰੱਖ ਲੈਂਦੇ ਹਨ ਅਤੇ ਖਿਡਾਰੀਆਂ ਨੂੰ ਇਹ ਪੈਸਾ ਨਹੀਂ ਮਿਲਦਾ ਜਾਂ ਘੱਟ ਮਿਲਦਾ ਹੈ। ਇਸ ਕਾਰਨ ਵੀ ਪੰਜਾਬ ਦਾ ਖੇਡ ਜਗਤ ਨੀਵਾਣਾ ਵੱਲ ਗਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਨੇ ਜੇ ਪੰਜਾਬ ਨੂੰ ਹੁਣ ਖੇਡ ਨਰਸਰੀ ਬਣਾਉਣ ਅਤੇ ਖੇਡਾਂ ਵਿੱਚ ਪੰਜਾਬ ਨੂੰ ਅੱਵਲ ਨੰਬਰ ਸੂਬਾ ਬਣਾਉਣ ਦਾ ਬੀੜਾ ਚੁੱਕਿਆ ਹੈ ਤਾਂ ਉਹਨਾਂ ਨੂੰ ਖੇਡ ਜਗਤ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਭਾਈਭਤੀਜਾਵਾਦ ਨੂੰ ਵੀ ਨੱਥ ਪਾਉਣੀ ਪਵੇਗੀ। ਇਸ ਤੋਂ ਇਲਾਵਾ ਖੇਡ ਜਗਤ ਦੀਆਂ ਕਮਜੋਰੀਆਂ ਅਤੇ ਚੋਰ ਮੋਰੀਆਂ ਵੀ ਦੂਰ ਕਰਨੀਆਂ ਪੈਣਗੀਆਂ। ਪੰਜਾਬ ਦੇ ਖੇਡ ਜਗਤ ਵਿੱਚ ਇਸ ਸਮੇਂ ਚੰਗੇ ਸੁਧਾਰਾਂ ਦੀ ਵੱਡੀ ਲੋੜ ਹੈ, ਜਿਸ ਲਈ ਮੁੱਖ ਮੰਤਰੀ ਪੰਜਾਬ ਨੂੰ ਖੁਦ ਯਤਨ ਕਰਨੇ ਚਾਹੀਦੇ ਹਨ।



# ਨਿਖਿਲ ਗੁਪਤਾ ਨੇ ਅਮਰੀਕੀ ਅਦਾਲਤ ਵਿੱਚ ਕੀ ਗੁਨਾਹ ਕਬੂਲ ਕੀਤਾ ?

## ਗੁਪਤਾ ਨੂੰ ਕਿੰਨੀ ਸਜ਼ਾ ਮਿਲਣ ਦੀ ਸੰਭਾਵਨਾ

## 'ਭਾਈ ਨਿੱਝਰ ਵੀ ਨਿਸ਼ਾਨੇ 'ਤੇ ਸੀ', ਗੁਪਤਾ ਨੇ ਅੰਡਰਕਵਰ ਏਜੰਟ ਕੋਲ ਕੀਤਾ ਸੀ ਦਾਅਵਾ

ਬੀਤੇ ਦਿਨੀ ਨਿਊਯਾਰਕ ਦੀ ਮੈਨਹਟਨ ਫੈਡਰਲ ਅਦਾਲਤ ਵਿੱਚ 54 ਸਾਲਾ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਆਪਣੇ ਤਿੰਨ ਵੱਡੇ ਦੋਸ਼ ਪੂਰੀ ਤਰ੍ਹਾਂ ਮੰਨ ਲਏ ਸਨ। ਉਸ ਨੇ ਅਦਾਲਤ ਵਿੱਚ ਜੱਜ ਸਾਰਾ ਨੈੱਟਬਰਨ ਅੱਗੇ ਕਿਹਾ ਸੀ ਕਿ ਉਸ ਨੇ 2023 ਵਿੱਚ ਇੱਕ ਵਿਅਕਤੀ ਨੂੰ 15,000 ਅਮਰੀਕੀ ਡਾਲਰ ਦਿੱਤੇ ਸਨ ਜਿਸ ਨੂੰ ਉਹ ਕਤਲ ਕਰਨ ਵਾਲਾ (ਹਿੱਟਮੈਨ) ਸਮਝਦਾ ਸੀ। ਇਹ ਪੈਸੇ ਨਿਊਯਾਰਕ ਵਿੱਚ ਰਹਿਣ ਵਾਲੇ ਸਿੱਖਸ ਫਾਰ ਜਸਟਿਸ ਦੇ ਲੀਡਰ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਲਈ ਦਿੱਤੇ ਸਨ। ਪਰ ਇਹ 'ਹਿੱਟਮੈਨ' ਅਸਲ ਵਿੱਚ ਅਮਰੀਕੀ ਡਰੱਗ ਐਨਫੋਰਸਮੈਂਟ ਏਜੰਸੀ ਦਾ ਅੰਡਰਕਵਰ ਅਫਸਰ ਸੀ।

ਅਮਰੀਕੀ ਪ੍ਰੌਸੀਕਿਊਟਰਾਂ ਅਨੁਸਾਰ ਗੁਪਤਾ ਨੂੰ ਭਾਰਤ ਸਰਕਾਰ ਦੇ ਇੱਕ ਅਫਸਰ ਵਿਕਾਸ ਯਾਦਵ (ਕੈਬਨਿਟ ਸੈਕਰਟੇਰੀਅਟ ਅਤੇ ਰਾਅ ਨਾਲ ਜੁੜਿਆ) ਨੇ ਭਰਤੀ ਕੀਤਾ ਸੀ। ਗੁਪਤਾ ਨੇ ਪੰਨੂ ਦਾ ਘਰ ਦਾ ਪਤਾ, ਫੋਨ ਨੰਬਰ ਅਤੇ ਹੋਰ ਜਾਣਕਾਰੀ ਹਿੱਟਮੈਨ ਨੂੰ ਦਿੱਤੀ ਸੀ। ਉਸ ਨੇ ਭਾਈ ਹਰਦੀਪ ਸਿੰਘ ਨਿਝਰ (ਕੈਨੇਡਾ ਵਿੱਚ ਜੂਨ 2023 ਵਿੱਚ ਕਤਲ ਕੀਤੇ ਗਏ ਸਿੱਖ ਲੀਡਰ) ਦੀ ਹੱਤਿਆ ਨੂੰ ਵੀ ਇਸੇ ਗਰੁੱਪ ਨਾਲ ਜੋੜਦਿਆਂ ਕਿਹਾ ਸੀ ਕਿ 'ਸਾਡੇ ਬਹੁਤ ਸਾਰੇ ਟਾਰਗੇਟ ਹਨ' ਅਤੇ 'ਤੁਸੀਂ ਪੰਨੂ ਨੂੰ ਜਲਦੀ ਮਾਰੋ'। ਗੁਪਤਾ 2023 ਵਿੱਚ ਚੈੱਕ ਗਣਰਾਜ ਤੋਂ ਗ੍ਰਿਫ਼ਤਾਰ ਹੋਇਆ ਸੀ ਅਤੇ ਜੂਨ 2024 ਵਿੱਚ ਅਮਰੀਕਾ ਹਵਾਲੇ ਕੀਤਾ ਗਿਆ ਸੀ। ਅਦਾਲਤ ਵਿੱਚ ਸਿੱਖ ਭਾਈਚਾਰੇ ਦੇ ਲੋਕ ਮੌਜੂਦ ਸਨ ਜਿਨ੍ਹਾਂ ਨੇ ਬਾਹਰ ਖਾਲਿਸਤਾਨ ਝੰਡੇ ਲਹਿਰਾਏ ਸਨ।

ਗੁਪਤਾ ਨੇ ਮਰਡਰ-ਫਾਰ-ਹਾਇਰ, ਕਤਲ ਦੀ ਸਾਜ਼ਿਸ਼ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਵਿੱਚ ਗੁਨਾਹ ਕਬੂਲ ਕੀਤਾ ਹੈ। ਇਨ੍ਹਾਂ ਤਿੰਨਾਂ ਤਹਿਤ ਵੱਧ ਤੋਂ ਵੱਧ 40 ਸਾਲ ਦੀ ਕੈਦ ਹੋ ਸਕਦੀ ਹੈ (ਹਰ ਇੱਕ ਲਈ 10-20 ਸਾਲ)। ਪਲੀਅ ਐਗਰੀਮੈਂਟ ਅਨੁਸਾਰ ਘੱਟੋ-ਘੱਟ 20 ਸਾਲ ਜੇਲ੍ਹ ਵਿੱਚ ਬਿਤਾਉਣੇ ਪੈ ਸਕਦੇ ਹਨ।




29 ਮਈ 2026 ਨੂੰ ਸਜ਼ਾ ਸੁਣਾਈ ਜਾ ਸਕਦੀ ਹੈ। ਗੁਪਤਾ 2023 ਤੋਂ ਜੇਲ੍ਹ ਵਿੱਚ ਹੈ। ਅਮਰੀਕੀ ਅਟਾਰਨੀ ਜੇ ਕਲੇਟਨ ਨੇ ਕਿਹਾ ਕਿ ਇਹ ਵਿਦੇਸ਼ੀ ਤਾਕਤਾਂ ਲਈ ਸਖ਼ਤ ਸੰਦੇਸ਼ ਹੈ ਕਿ ਅਮਰੀਕੀ ਧਰਤੀ ਤੇ ਅਜ਼ਾਦੀ ਨਾਲ ਬੋਲਣ ਵਾਲੇ ਨੂੰ ਮਾਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਭਾਰਤ ਸਰਕਾਰ ਨੇ ਹਮੇਸ਼ਾ ਇਸ ਸਾਜ਼ਿਸ਼ ਤੋਂ ਇਨਕਾਰ ਕੀਤਾ ਸੀ ਕਿ ਅਜਿਹੀਆਂ ਕਾਰਵਾਈਆਂ ਸਰਕਾਰੀ ਨੀਤੀ ਵਿਰੁੱਧ ਹਨ। ਪਰ ਅਦਾਲਤ ਵਿੱਚ ਗੁਪਤਾ ਦੇ ਕਬੂਲਨਾਮੇ ਨਾਲ ਭਾਰਤ ਲਈ ਸਥਿਤੀ ਬਹੁਤ ਅਸਹਿਜ ਹੋ ਗਈ ਹੈ। ਅਮਰੀਕਾ ਨੇ ਇਸ ਨੂੰ 'ਵਿਦੇਸ਼ੀ ਸਰਕਾਰ ਵੱਲੋਂ ਅਮਰੀਕੀ ਨਾਗਰਿਕ ਨੂੰ ਮਾਰਨ ਦੀ ਕੋਸ਼ਿਸ਼' ਵਜੋਂ ਵੇਖਿਆ ਹੈ, ਜੋ ਭਾਰਤ ਦੀ ਅੰਤਰਰਾਸ਼ਟਰੀ ਇਮੇਜ ਨੂੰ ਨੁਕਸਾਨ ਪਹੁੰਚਾਉਂਦਾ ਹੈ। ਕੈਨੇਡਾ ਵਿੱਚ ਵੀ ਇਹ ਨਿੱਝਰ ਕੇਸ ਨੂੰ ਹੋਰ ਮਜ਼ਬੂਤ ਕਰਦਾ ਹੈ। ਸੂਤਰਾਂ ਅਨੁਸਾਰ ਨਿਖਿਲ ਗੁਪਤਾ ਨੇ ਅਮਰੀਕੀ ਡਰੱਗ ਐਂਨਫੋਰਸਮੈਂਟ ਪ੍ਰਸ਼ਾਸਨ (ਡੀ ਈ ਏ) ਦੇ ਅੰਡਰਕਵਰ ਏਜੰਟ ਕੋਲ ਮੰਨਿਆ ਸੀ ਕਿ ਹਰਦੀਪ ਸਿੰਘ ਨਿੱਝਰ ਵੀ 'ਨਿਸ਼ਾਨੇ' ਉੱਤੇ ਸੀ। ਗੁਪਤਾ ਨੇ ਇਹ ਦਾਅਵਾ ਨਿੱਝਰ ਦੀ ਕੈਨੇਡਾ ਵਿੱਚ ਅਣਪਛਾਤੇ ਹਥਿਆਰਬੰਦਾਂ ਵੱਲੋਂ ਹੱਤਿਆ ਤੋਂ ਇੱਕ ਦਿਨ ਬਾਅਦ ਕੀਤਾ ਸੀ।

ਐਫ.ਬੀ.ਆਈ. ਦੇ ਨਿਊਯਾਰਕ ਦਫ਼ਤਰ ਦੇ ਮੁਖੀ ਜੇਮਸ ਸੀ. ਬਾਰਨਕਲ ਜੂਨੀਅਰ ਨੇ ਕਿਹਾ ਕਿ ਗੁਪਤਾ ਨੇ ਭਾਰਤ ਸਰਕਾਰ ਦੇ ਇੱਕ ਕਰਮਚਾਰੀ ਨਾਲ ਮਿਲ ਕੇ ਕੰਮ ਕੀਤਾ, ਜਿਸ ਨੇ ਉਸ ਨੂੰ ਕਤਲ ਦਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਸਨ।

ਪ੍ਰੌਸੀਕਿਊਟਰਾਂ ਦਾ ਦੋਸ਼ ਹੈ ਕਿ ਭਾਰਤੀ ਖ਼ੁਫ਼ੀਆ ਅਧਿਕਾਰੀ ਵਿਕਾਸ ਯਾਦਵ, ਜੋ ਕਿ ਅਜੇ ਵੀ ਫਰਾਰ ਹੈ, ਜਿਸ ਨੇ ਇਸ ਸਾਜ਼ਿਸ਼ ਦਾ ਨਿਰਦੇਸ਼ਨ ਕੀਤਾ ਸੀ।

ਅਮਰੀਕੀ ਵਕੀਲਾਂ ਅਨੁਸਾਰ ਗੁਪਤਾ ਨੇ ਅੰਡਰਕਵਰ ਏਜੰਟ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਜੂਨ 2023 ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਵਾਸ਼ਿੰਗਟਨ ਫੇਰੀ ਮੌਕੇ ਪੰਨੂ ਦੀ ਹੱਤਿਆ ਨੂੰ ਅੰਜਾਮ ਨਾ ਦੇਵੇ। ਨਿਆਂ ਵਿਭਾਗ ਨੇ ਦੋਸ਼ ਲਗਾਇਆ ਹੈ ਕਿ ਗੁਪਤਾ ਨੇ ਭਾਰਤ ਅਤੇ ਕੇਸ ਦੇ ਸਹਿ ਮੁਲਜ਼ਮ ਵਿਕਾਸ ਯਾਦਵ ਸਣੇ ਹੋਰਨਾਂ ਨਾਲ ਮਿਲ ਕੇ ਕੰਮ ਕੀਤਾ। ਯਾਦਵ ਨੂੰ ਚਾਰਜਸ਼ੀਟ ਵਿੱਚ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਦਾ ਕਰਮਚਾਰੀ ਦੱਸਿਆ ਗਿਆ ਹੈ, ਜੋ ਦੇਸ਼ ਦੀ ਬਾਹਰੀ ਖੁਫੀਆ ਏਜੰਸੀ, ਖੋਜ ਅਤੇ ਵਿਸ਼ਲੇਸ਼ਣ ਵਿੰਗ ਨਾਲ ਸਬੰਧਿਤ ਹੈ।

ਸਰਕਾਰੀ ਵਕੀਲਾਂ ਦਾ ਦਾਅਵਾ ਹੈ ਕਿ ਯਾਦਵ ਦੇ ਨਿਰਦੇਸ਼ਾਂ 'ਤੇ ਗੁਪਤਾ ਨੇ ਨਿਊਯਾਰਕ ਸਿਟੀ ਵਿੱਚ ਭਾੜੇ 'ਤੇ ਕਤਲ ਦਾ ਪ੍ਰਬੰਧ ਕਰਨ ਲਈ ਇੱਕ ਵਿਅਕਤੀ ਨਾਲ ਸੰਪਰਕ ਕੀਤਾ ਜਿਸ ਨੂੰ ਉਹ ਅਪਰਾਧਿਕ ਸਹਿਯੋਗੀ ਮੰਨਦਾ ਸੀ। ਉਹ ਵਿਅਕਤੀ ਅਸਲ ਵਿੱਚ ਡੀ ਈ ਏ ਨਾਲ ਕੰਮ ਕਰਨ ਵਾਲਾ ਗੁਪਤ ਸਰੋਤ ਸੀ। ਉਸ ਨੇ ਗੁਪਤਾ ਨੂੰ ਕਥਿਤ ਹਿੱਟਮੈਨ, ਜੋ ਅੰਡਰਕਵਰ ਡੀ ਈ ਏ ਅਧਿਕਾਰੀ ਸੀ, ਨਾਲ ਮਿਲਾਇਆ ਸੀ। ਅਮਰੀਕੀ ਅਧਿਕਾਰੀਆਂ ਨੇ ਦੋਸ਼ ਲਗਾਇਆ ਹੈ ਕਿ ਯਾਦਵ ਨੇ ਗੁਪਤਾ ਰਾਹੀਂ ਕਤਲ ਲਈ 1,00,000 ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਸੀ ਅਤੇ ਜੂਨ 2023 ਵਿੱਚ ਐਡਵਾਂਸ ਵਜੋਂ 15,000 ਡਾਲਰ ਨਕਦ ਦੀ ਅਦਾਇਗੀ ਕੀਤੀ ਗਈ। ਤਫ਼ਤੀਸ਼ਕਾਰਾਂ ਦਾ ਕਹਿਣਾ ਹੈ ਕਿ ਅੰਡਰਕਵਰ ਏਜੰਟ ਨੂੰ ਸੰਭਾਵੀ ਨਿਸ਼ਾਨੇ ਦੇ ਨਿੱਜੀ ਵੇਰਵੇ; ਜਿਸ ਵਿੱਚ ਘਰ ਦਾ ਪਤਾ, ਫੋਨ ਨੰਬਰ ਅਤੇ ਰੋਜ਼ਾਨਾ ਦੀਆਂ ਸਰਗਰਮੀਆਂ ਸ਼ਾਮਲ ਹਨ, ਦੇ ਨਾਲ ਸਮੇਂ-ਸਮੇਂ 'ਤੇ ਅਪਡੇਟਸ ਅਤੇ ਨਿਗਰਾਨੀ ਫੋਟੋਆਂ ਵੀ ਮੁਹੱਈਆ ਕੀਤੀਆਂ ਗਈਆਂ। ਨਿਖਿਲ ਗੁਪਤਾ ਨੂੰ 30 ਜੂਨ, 2023 ਨੂੰ ਚੈੱਕ ਗਣਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮਗਰੋਂ ਅਮਰੀਕਾ ਦੇ ਸਪੁਰਦ ਕਰ ਦਿੱਤਾ ਗਿਆ। ਗੁਪਤਾ ਨੇ ਲੰਘੇ ਦਿਨੀਂ ਅਮਰੀਕੀ ਕੋਰਟ ਵਿੱਚ ਇਸ ਮਾਮਲੇ 'ਚ ਦੋਸ਼ ਕਬੂਲ ਕੀਤੇ ਸਨ।

ਸਿੱਖ ਭਾਈਚਾਰਾ ਯਾਦਵ ਦੇ ਕਬੂਲਨਾਮੇ ਨੂੰ ਵੱਡੀ ਜਿੱਤ ਮੰਨ ਰਿਹਾ ਹੈ। ਸਿੱਖ ਐਕਟਿਵਿਸਟ ਮੰਨਦੇ ਹਨ ਕਿ ਗੁਪਤਾ ਸਿਰਫ਼ 'ਫੁੱਟ ਸੋਲਜਰ' ਹੈ ਅਤੇ ਅਸਲ ਕਮਾਂਡ ਉੱਪਰਲੇ ਪੱਧਰ ਤੋਂ ਆਈ ਹੈ। ਉਹ ਅਮਰੀਕਾ ਤੋਂ ਮੰਗ ਕਰ ਰਹੇ ਹਨ ਕਿ ਵਿਕਾਸ ਯਾਦਵ ਵਰਗੇ ਅਫਸਰਾਂ ਨੂੰ ਵੀ ਸਜ਼ਾ ਮਿਲੇ ਅਤੇ ਇਹ ਕੇਸ ਹੋਰ ਟਾਰਗੇਟਾਂ ਤੱਕ ਪਹੁੰਚੇ।

ਕੈਨੇਡਾ ਵਿੱਚ ਹਰਦੀਪ ਸਿੰਘ ਨਿਝਰ ਦੀ ਹੱਤਿਆ (ਜੂਨ 2023) ਬਾਰੇ ਭਾਰਤ ਤੇ ਇਲਜ਼ਾਮ ਲੱਗੇ ਸਨ ਪਰ 2026 ਤੱਕ ਵੀ ਕੇਸ ਅੱਗੇ ਨਹੀਂ ਵਧ ਰਿਹਾ - ਟਰਾਇਲ ਸ਼ਾਇਦ 2026 ਦੇ ਅਖੀਰ ਤੱਕ ਸ਼ੁਰੂ ਨਹੀਂ ਹੋਵੇਗਾ ਕਿਉਂਕਿ ਪ੍ਰੀ-ਟਰਾਇਲ ਪ੍ਰਕਿਰਿਆ ਚੱਲ ਰਹੀ ਹੈ। ਚਾਰ ਭਾਰਤੀ ਨਾਗਰਿਕਾਂ ਤੇ ਚਾਰਜ ਹਨ ਪਰ ਭਾਰਤ ਵੱਲੋਂ ਪੂਰਾ ਸਹਿਯੋਗ ਨਹੀਂ ਮਿਲ ਰਿਹਾ। ਸੂਤਰਾਂ ਦਾ ਮੰਨਣਾ ਹੈ ਕੀ ਰਾਜਨੀਤਿਕ ਦਬਾਅ (ਵਪਾਰ ਅਤੇ ਸੰਬੰਧ ਸੁਧਾਰਨ ਲਈ) ਕਾਰਨ ਕੇਸ ਵਿੱਚ ਦੇਰ ਹੋ ਰਹੀ ਹੈ। ਸਿੱਖ ਭਾਈਚਾਰਾ ਮੰਨਦਾ ਹੈ ਕਿ ਅਮਰੀਕਾ ਵਾਂਗ ਕੈਨੇਡਾ ਵੀ ਸਖ਼ਤ ਹੋਣਾ ਚਾਹੀਦਾ ਸੀ ਪਰ ਨਵੇਂ ਪ੍ਰਧਾਨ ਮੰਤਰੀ ਇਸ ਕੇਸ ਬਾਰੇ ਚੁੱਪ ਹੈ।

ਦਾ ਨਿਊਯਾਰਕ ਟਾਈਮਜ਼ ਇਸ ਨੂੰ ਅਮਰੀਕੀ ਸੰਪ੍ਰਭੂਤਾ ਦੀ ਉਲੰਘਣਾ ਦੱਸਦੇ ਹੋਏ ਲਿਖਿਆ ਕਿ ਇਹ ਬਾਇਡਨ/ਟ੍ਰੰਪ ਪ੍ਰਸ਼ਾਸਨ ਲਈ ਭਾਰਤ ਨਾਲ ਰਣਨੀਤਕ ਸਾਂਝ ਨੂੰ ਸੰਭਾਲਣ ਦੀ ਇੱਕ ਵੱਡੀ ਚੁਣੌਤੀ ਹੈ। ਇਹ ਵੀ ਜ਼ੋਰ ਦਿੱਤਾ ਕਿ ਅਮਰੀਕੀ ਧਰਤੀ 'ਤੇ ਫ੍ਰੀ ਸਪੀਚ ਦੀ ਰੱਖਿਆ ਰਾਜ ਦੀ ਪਹਿਲ ਹੈ। ਰਿਪੋਰਟਾਂ ਵਿੱਚ ਦੱਸਿਆ ਕਿ ਇਹ ਕੇਸ ਭਾਰਤ-ਅਮਰੀਕਾ ਰਿਸ਼ਤਿਆਂ ਲਈ ਸੰਵੇਦਨਸ਼ੀਲ ਪਲ ਹੈ।

ਦਾ ਗਾਰਡੀਅਨ ਯੂ.ਕੇ. ਅਖ਼ਬਾਰ ਨੇ ਇਸ ਨੂੰ ਵਿਦੇਸ਼ੀ ਧਰਤੀ 'ਤੇ 'ਟਰਾਂਸਨੈਸ਼ਨਲ ਰਿਪ੍ਰੈਸ਼ਨ' (ਅੰਤਰਰਾਸ਼ਟਰੀ ਦਮਨ) ਦਾ ਇੱਕ ਖ਼ਤਰਨਾਕ ਉਦਾਹਰਣ ਦੱਸਿਆ।

ਦਾ ਗਲੋਬ ਐਂਡ ਮੇਲ (ਕੈਨੇਡਾ) ਨੇ ਲਿਖਿਆ ਹੈ ਕਿ ਨਿਊਯਾਰਕ ਦੇ ਕੇਸ ਵਿੱਚ ਗੁਪਤਾ ਦਾ ਕਬੂਲਨਾਮਾ ਕੈਨੇਡਾ ਵਿੱਚ ਨਿੱਝਰ ਕੇਸ ਲਈ ਮਜ਼ਬੂਤ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ, ਜੋ ਭਾਰਤ ਦੀਆਂ ਮੁਸ਼ਕਿਲਾਂ ਵਧਾਏਗਾ।

ਦਿ ਵਾਸ਼ਿੰਗਟਨ ਪੋਸਟ ਨੇ ਲਿਖਿਆ ਕਿ ਅਮਰੀਕਾ ਰਣਨੀਤਕ ਭਾਗੀਦਾਰੀ ਦੇ ਬਾਵਜੂਦ ਕਾਨੂੰਨੀ ਸਖ਼ਤੀ ਦਿਖਾ ਰਿਹਾ ਹੈ।

ਸੋ ਇਹ ਮਾਮਲਾ ਅਜ਼ਾਦੀ ਬੋਲਣ, ਅੰਤਰਰਾਸ਼ਟਰੀ ਕਾਨੂੰਨ ਅਤੇ ਸੰਪ੍ਰਭੂਤਾ ਦੇ ਮੁੱਦੇ ਖੜ੍ਹੇ ਕਰਦਾ ਹੈ। ਇੰਟਰਨੈਸ਼ਨਲ ਮੀਡੀਆ ਨੇ ਮਾਮਲਾ ਉਠਾਇਆ ਹੈ ਕਿ ਸੱਚਾਈ ਅਤੇ ਨਿਆਂ ਹੋਣਾ ਚਾਹੀਦਾ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਰੁਕ ਸਕਣ ਅਤੇ ਸੰਬੰਧ ਸੁਧਰ ਸਕਣ।

# ਭਾਰਤ-ਅਮਰੀਕਾ ਅੰਤਰਿਮ ਵਪਾਰ ਸੌਦਾ: ਖੇਤੀਬਾੜੀ ਖੇਤਰ ਲਈ ਨਵੀਂ ਚੁਣੌਤੀ ਜਾਂ ਇਤਿਹਾਸਕ ਮੌਕਾ ?

ਫ਼ਰਵਰੀ 2026 ਵਿੱਚ ਭਾਰਤ ਅਤੇ ਅਮਰੀਕਾ ਦਰਮਿਆਨ ਹੋਇਆ 'ਅੰਤਰਿਮ ਵਪਾਰ ਸੌਦਾ' ਭਾਰਤ ਦੀ ਰਾਜਨੀਤੀ ਅਤੇ ਆਰਥਿਕਤਾ ਵਿੱਚ ਇੱਕ ਵੱਡਾ ਤੂਫ਼ਾਨ ਲੈ ਕੇ ਆਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਨੂੰ 'ਇਤਿਹਾਸਕ' ਅਤੇ 'ਦੋਹਾਂ ਦੇਸ਼ਾਂ ਲਈ ਲਾਭਦਾਇਕ' ਦੱਸਿਆ ਜਾ ਰਿਹਾ ਹੈ। ਇਸ ਸੌਦੇ ਤਹਿਤ ਅਮਰੀਕਾ ਨੇ ਭਾਰਤੀ ਵਸਤਾਂ 'ਤੇ ਟੈਰਿਫ਼ (ਟੈਕਸ) ਨੂੰ 25-50% ਤੋਂ ਘਟਾ ਕੇ 18% ਕਰ ਦਿੱਤਾ ਹੈ। ਬਦਲੇ ਵਿੱਚ, ਭਾਰਤ ਨੇ ਅਮਰੀਕੀ ਉਦਯੋਗਿਕ ਵਸਤਾਂ ਅਤੇ ਖਾਸ ਕਰਕੇ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ਼ ਘਟਾਉਣ ਜਾਂ ਪੂਰੀ ਤਰ੍ਹਾਂ ਖਤਮ ਕਰਨ ਦਾ ਫ਼ੈਸਲਾ ਕੀਤਾ ਹੈ।

ਸਰਕਾਰ ਦਾ ਦਾਅਵਾ ਹੈ ਕਿ ਕਣਕ, ਚੌਲ, ਦਾਲਾਂ ਅਤੇ ਦੁੱਧ ਵਰਗੇ ਸੰਵੇਦਨਸ਼ੀਲ ਖੇਤਰਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ। ਪਰ ਕਿਸਾਨ ਜਥੇਬੰਦੀਆਂ ਇਸ ਨੂੰ ਭਾਰਤੀ ਖੇਤੀਬਾੜੀ ਦੇ ਭਵਿੱਖ ਲਈ 'ਮੁਕੰਮਲ ਆਤਮ ਸਮਰਪਣ' ਵਜੋਂ ਦੇਖ ਰਹੀਆਂ ਹਨ। ਇਹ ਸੌਦਾ ਭਵਿੱਖ ਵਿੱਚ ਇੱਕ ਪੂਰਨ ਦੁਵੱਲੇ ਵਪਾਰ ਸਮਝੌਤੇ ਦੀ ਨੀਂਹ ਹੈ, ਜੋ ਭਾਰਤ ਦੀ ਆਰਥਿਕ ਪ੍ਰਭੂਸੱਤਾ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

**ਖੇਤੀ ਉਤਪਾਦਾਂ 'ਤੇ ਅਸਰ: ਸਸਤੇ ਆਯਾਤ ਅਤੇ ਸਥਾਨਕ ਕਿਸਾਨਾਂ ਲਈ ਚੁਣੌਤੀ**

ਇਸ ਸੌਦੇ ਦੇ ਵੇਰਵਿਆਂ ਅਨੁਸਾਰ ਭਾਰਤ ਨੇ ਕਈ ਅਹਿਮ ਖੇਤੀ ਉਤਪਾਦਾਂ 'ਤੇ ਰੁਕਾਵਟਾਂ ਹਟਾਉਣ ਦਾ ਵਾਅਦਾ ਕੀਤਾ ਹੈ। ਮੁੱਖ ਚਿੰਤਾਵਾਂ ਹੇਠ ਲਿਖੇ ਉਤਪਾਦਾਂ ਨੂੰ ਲੈ ਕੇ ਹਨ:

ਪਸ਼ੂ ਖੁਰਾਕ ਲਈ ਵਰਤੇ ਜਾਣ ਵਾਲੇ ਇਹਨਾਂ ਉਤਪਾਦਾਂ ਅਤੇ ਲਾਲ ਜਵਾਰ ਦੇ ਸਸਤੇ ਆਯਾਤ ਨਾਲ ਡੇਅਰੀ ਅਤੇ ਪੋਲਟਰੀ ਦੀ ਲਾਗਤ ਤਾਂ 20% ਘੱਟ ਸਕਦੀ ਹੈ, ਪਰ ਸਥਾਨਕ ਮੱਕੀ ਅਤੇ ਸੋਇਆਬੀਨ ਉਤਪਾਦਕਾਂ ਦੀ ਮੰਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ।

ਅਮਰੀਕੀ ਸੋਇਆਬੀਨ ਤੇਲ ਅਤੇ ਮਹਿੰਗੇ ਫ਼ਲਾਂ (ਬਦਾਮ, ਅਖਰੋਟ) ਦੇ ਸਸਤੇ ਹੋਣ ਨਾਲ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਹਿਮਾਚਲ ਵਰਗੇ ਰਾਜਾਂ ਦੇ ਬਾਗਬਾਨਾਂ ਅਤੇ ਕਿਸਾਨਾਂ ਨੂੰ ਵੱਡਾ ਘਾਟਾ ਪੈਣ ਦੀ ਸੰਭਾਵਨਾ ਹੈ।

ਕਿਸਾਨ ਆਗੂਆਂ ਨੂੰ ਖਦਸ਼ਾ ਹੈ ਕਿ 'ਨਾਨ-ਟੈਰਿਫ਼ ਬੈਰੀਅਰਜ਼' ਹਟਾਉਣ ਦੇ ਨਾਂ 'ਤੇ ਅਮਰੀਕਾ ਭਾਰਤ ਵਿੱਚ ਆਪਣੀਆਂ ਜੈਨੇਟਿਕਲੀ ਮੋਡੀਫ਼ਾਈਡ ਫ਼ਸਲਾਂ ਨੂੰ ਧੱਕੇਗਾ, ਜਿਸ 'ਤੇ ਹੁਣ ਤੱਕ ਭਾਰਤ ਵਿੱਚ ਸਖ਼ਤ ਪਾਬੰਦੀਆਂ ਹਨ।

ਅਮਰੀਕੀ ਖੇਤੀ ਨੂੰ ਉੱਥੋਂ ਦੀ ਸਰਕਾਰ ਵੱਲੋਂ ਭਾਰੀ ਸਬਸਿਡੀਆਂ ਮਿਲਦੀਆਂ ਹਨ, ਜਦਕਿ ਭਾਰਤੀ



ਕਿਸਾਨ ਵਧਦੀਆਂ ਲਾਗਤਾਂ ਅਤੇ ਕਰਜ਼ੇ ਦੇ ਬੋਝ ਹੇਠ ਦਬਿਆ ਹੋਇਆ ਹੈ। ਅਜਿਹੇ ਅਸਮਾਨ ਮੁਕਾਬਲੇ ਵਿੱਚ ਭਾਰਤੀ ਕਿਸਾਨਾਂ ਦਾ ਟਿਕਣਾ ਮੁਸ਼ਕਿਲ ਹੋ ਜਾਵੇਗਾ।

**ਸਿਆਸੀ ਟਕਰਾਅ: ਰਾਹੁਲ ਗਾਂਧੀ ਦੇ ਸਵਾਲ ਅਤੇ ਵਿਰੋਧੀ ਧਿਰ ਦਾ ਹਮਲਾ**

ਵਿਰੋਧੀ ਧਿਰ, ਖਾਸ ਕਰਕੇ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇਸ ਸੌਦੇ ਨੂੰ 'ਭਾਰਤ ਮਾਤਾ ਦਾ ਸੌਦਾ' ਅਤੇ 'ਕਿਸਾਨਾਂ ਨਾਲ ਵਿਸ਼ਵਾਸਘਾਤ' ਕਰਾਰ ਦਿੱਤਾ ਹੈ। ਰਾਹੁਲ ਗਾਂਧੀ ਨੇ ਸਰਕਾਰ ਨੂੰ ਘੇਰਦਿਆਂ 5 ਮੁੱਖ ਸਵਾਲ ਚੁੱਕੇ ਹਨ, ਜਿਨ੍ਹਾਂ ਵਿੱਚ ਘੱਟੋ-ਘੱਟ ਸਮਰਥਨ ਮੁੱਲ, ਵਿਦੇਸ਼ੀ ਨਿਰਭਰਤਾ ਅਤੇ ਜੀ.ਐੱਮ. ਫ਼ਸਲਾਂ ਦੇ ਖ਼ਤਰੇ ਸ਼ਾਮਲ ਹਨ। ਉਨ੍ਹਾਂ ਦਾ ਦੋਸ਼ ਹੈ ਕਿ ਪ੍ਰਧਾਨ ਮੰਤਰੀ ਨੇ ਅਮਰੀਕੀ ਦਬਾਅ ਹੇਠ ਆ ਕੇ ਊਰਜਾ ਸੁਰੱਖਿਆ ਅਤੇ ਖੇਤੀ ਹਿੱਤਾਂ ਨੂੰ ਖਤਰੇ ਵਿੱਚ ਪਾਇਆ ਹੈ।

ਦੂਜੇ ਪਾਸੇ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਸਰਕਾਰ ਦੇ ਹੋਰ ਮੰਤਰੀਆਂ ਨੇ ਰਾਹੁਲ 'ਤੇ ਝੂਠ ਫ਼ੈਲਾਉਣ ਦਾ ਦੋਸ਼ ਲਾਇਆ ਹੈ। ਸਰਕਾਰ ਦਾ ਤਰਕ ਹੈ ਕਿ ਇਸ ਨਾਲ ਭਾਰਤੀ ਮਸਾਲਿਆਂ, ਚਾਹ ਅਤੇ ਕੌਫ਼ੀ ਲਈ ਅਮਰੀਕੀ ਬਾਜ਼ਾਰ ਖੁੱਲ੍ਹੇਗਾ। ਭਾਰਤੀ ਕਿਸਾਨ ਸੰਘ ਵਰਗੀਆਂ ਸੰਸਥਾਵਾਂ ਵੀ ਇਸ ਸੌਦੇ ਦੇ ਹੱਕ ਵਿੱਚ ਖੜ੍ਹੀਆਂ ਹਨ, ਜਦਕਿ ਸੰਯੁਕਤ ਕਿਸਾਨ ਮੋਰਚਾ ਨੇ 12 ਫ਼ਰਵਰੀ ਨੂੰ ਭਾਰਤ ਬੰਦ ਕਰਕੇ ਆਪਣੇ ਇਰਾਦੇ ਸਾਫ਼ ਕਰ ਦਿੱਤੇ ਹਨ।

**ਆਤਮਨਿਰਭਰਤਾ ਦੇ ਰਾਹ ਵਿੱਚ ਵੱਡੀ ਚੁਣੌਤੀ**

ਇਹ ਸੌਦਾ ਭਾਰਤ ਨੂੰ ਇੱਕ ਨਾਜ਼ੁਕ ਮੋੜ 'ਤੇ ਲੈ ਆਇਆ ਹੈ। ਇੱਕ ਪਾਸੇ ਵਿਸ਼ਵ ਆਰਥਿਕਤਾ ਨਾਲ ਜੁੜ ਕੇ ਨਿਰਯਾਤ ਵਧਾਉਣ ਅਤੇ ਨਿਵੇਸ਼ ਲਿਆਉਣ ਦਾ ਮੌਕਾ ਹੈ, ਪਰ ਦੂਜੇ ਪਾਸੇ 70 ਕਰੋੜ ਲੋਕਾਂ ਦੀ ਰੋਜ਼ੀ-ਰੋਟੀ (ਖੇਤੀਬਾੜੀ) ਦਾ ਸਵਾਲ ਹੈ। ਜੇਕਰ ਸਸਤੇ ਵਿਦੇਸ਼ੀ ਉਤਪਾਦਾਂ ਕਾਰਨ ਪੇਂਡੂ ਆਰਥਿਕਤਾ ਕਮਜ਼ੋਰ ਹੁੰਦੀ ਹੈ, ਤਾਂ ਇਸ ਨਾਲ ਬੇਰੁਜ਼ਗਾਰੀ ਅਤੇ ਸਮਾਜਿਕ ਬੇਚੈਨੀ ਵਧੇਗੀ।

ਕਿਸਾਨ ਜਥੇਬੰਦੀਆਂ ਇਸ ਨੂੰ 2020 ਦੇ ਤਿੰਨ ਖੇਤੀ ਕਾਨੂੰਨਾਂ ਦਾ ਦੂਜਾ ਰੂਪ ਮੰਨ ਰਹੀਆਂ ਹਨ। ਮਾਹਿਰਾਂ ਅਨੁਸਾਰ, ਜੇਕਰ ਸਰਕਾਰ ਨੇ ਸੰਸਦ ਵਿੱਚ ਪਾਰਦਰਸ਼ੀ ਬਹਿਸ ਅਤੇ ਕਿਸਾਨਾਂ ਨਾਲ ਸਿੱਧਾ ਸੰਵਾਦ ਨਾ ਰਚਾਇਆ, ਤਾਂ ਦੇਸ਼ ਇੱਕ ਹੋਰ ਵੱਡੇ ਅੰਦੋਲਨ ਵੱਲ ਵਧ ਸਕਦਾ ਹੈ। ਅੰਤ ਵਿੱਚ, ਭਾਰਤ ਦੀ ਆਰਥਿਕ ਸਵੈ-ਨਿਰਭਰਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਉਹ ਆਪਣੀਆਂ ਸ਼ਰਤਾਂ 'ਤੇ ਵਪਾਰ ਕਰਦਾ ਹੈ ਜਾਂ ਕਿਸੇ ਮਹਾਂਸ਼ਕਤੀ ਦੇ ਦਬਾਅ ਹੇਠ।

**ਕਿਸਾਨ ਅੰਦੋਲਨ 2.0: ਭਾਰਤ-ਅਮਰੀਕਾ ਵਪਾਰ ਸੌਦੇ ਖ਼ਿਲਾਫ਼ ਕਿਸਾਨ ਸੰਘਰਸ਼ ਕਰਨ ਲਈ ਤਿਆਰ**

ਕਿਸਾਨ ਜਥੇਬੰਦੀਆਂ ਇਸ ਵਾਰ 2020-21 ਦੇ ਤਜ਼ਰਬਿਆਂ ਨੂੰ ਵਰਤਦੇ ਹੋਏ ਵਧੇਰੇ ਸੰਗਠਿਤ ਤਰੀਕੇ ਨਾਲ ਅੱਗੇ ਵਧਣ ਦੀ ਤਿਆਰੀ ਵਿੱਚ ਹਨ। ਪਿੰਡ-ਪਿੰਡ ਜਾ ਕੇ 'ਗ੍ਰਾਮ ਸਭਾ' ਮਤੇ ਪਾਸ ਕੀਤੇ ਜਾਣਗੇ। ਅਮਰੀਕੀ ਉਤਪਾਦਾਂ (ਜਿਵੇਂ ਸੋਇਆ ਤੇਲ) ਦੇ ਨੁਕਸਾਨਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ 'ਜਾਗੋ ਮਾਰਚ' ਕੱਢੇ ਜਾਣਗੇ। ਸਾਰੇ ਰਾਜਾਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜੇ ਜਾਣਗੇ। ਜੇਕਰ ਸਰਕਾਰ ਠੋਸ ਭਰੋਸਾ ਨਹੀਂ ਦਿੰਦੀ, ਤਾਂ ਰਾਸ਼ਟਰੀ ਮਾਰਗਾਂ ਅਤੇ ਰੇਲਵੇ ਲਾਈਨਾਂ 'ਤੇ 'ਚੱਕਾ ਜਾਮ' ਕੀਤਾ ਜਾਵੇਗਾ। ਪੰਜਾਬ, ਹਰਿਆਣਾ, ਯੂ.ਪੀ. ਅਤੇ ਰਾਜਸਥਾਨ ਦੇ ਕਿਸਾਨਾਂ ਵੱਲੋਂ ਮੁੜ ਦਿੱਲੀ ਦੀਆਂ ਸਰਹੱਦਾਂ (ਸਿੰਘੂ, ਟਿਕਰੀ, ਗਾਜ਼ੀਪੁਰ) ਵੱਲ ਕੂਚ ਕਰਨ ਦੀ ਯੋਜਨਾ।

**ਕਿਸਾਨ ਅੰਦੋਲਨ ਦੀਆਂ ਮੁੱਖ ਮੰਗਾਂ**

ਕਿਸਾਨਾਂ ਦਾ ਮੁੱਖ ਏਜੰਡਾ ਸਿਰਫ਼ ਵਪਾਰ ਸੌਦੇ ਨੂੰ ਰੋਕਣਾ ਹੀ ਨਹੀਂ, ਸਗੋਂ ਖੇਤੀ ਸੁਰੱਖਿਆ ਨੂੰ ਪੱਕਾ ਕਰਨਾ ਹੈ:

ਟਰੇਡ ਐਗਰੀਮੈਂਟ ਰੱਦ ਕਰਨਾ: ਅਮਰੀਕਾ ਨਾਲ ਹੋਏ ਅੰਤਰਿਮ ਵਪਾਰ ਸੌਦੇ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ।

ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ: ਸਾਰੀਆਂ ਫ਼ਸਲਾਂ (ਖਾਸ ਕਰਕੇ ਮੱਕੀ ਅਤੇ ਸੋਇਆਬੀਨ) 'ਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ ਤਾਂ ਜੋ ਵਿਦੇਸ਼ੀ ਆਯਾਤ ਭਾਰਤੀ ਫ਼ਸਲਾਂ ਦੇ ਭਾਅ ਨਾ ਡੇਗ ਸਕੇ।

ਦਰਪਣ ਝੂਠ ਨਹੀਂ ਬੋਲਦਾ

# ਭਾਜਪਾ ਕਿਉਂ ਨਹੀਂ ਹੱਲ ਕਰ ਰਹੀ ਪੰਥ ਅਤੇ ਪੰਜਾਬ ਦੇ ਮਸਲੇ ?

## ਬਾਦਲ ਅਕਾਲੀ ਦਲ ਭਾਜਪਾ ਨਾਲ ਨਰਾਜ਼ ਕਿਉਂ ?

ਭਾਰਤੀ ਜਨਤਾ ਪਾਰਟੀ ’ਤੇ ਅਕਸਰ ਸਿੱਖ ਭਾਈਚਾਰੇ ਅਤੇ ਪੰਜਾਬ ਦੇ ਮੁੱਦਿਆਂ ’ਤੇ ਅਮਲੀ ਕਦਮ ਨਾ ਚੁੱਕਣ ਦੇ ਦੋਸ਼ ਲੱਗਦੇ ਰਹਿੰਦੇ ਹਨ। ਭਾਵੇਂ ਪਾਰਟੀ ਵੱਲੋਂ ਜ਼ੁਬਾਨੀ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ ਪਰ ਪ੍ਰਮੁੱਖ ਮਸਲਿਆਂ ਜਿਵੇਂ ਬੰਦੀ ਸਿੰਘਾਂ ਦੀ ਰਿਹਾਈ, ਪਾਣੀਆਂ ਦਾ ਮਸਲਾ ਜਾਂ ਫੈਡਰਲ ਅਧਿਕਾਰਾਂ ’ਤੇ ਕੋਈ ਠੋਸ ਪ੍ਰਗਤੀ ਨਜ਼ਰ ਨਹੀਂ ਆਈ। ਹਾਲ ਹੀ ਵਿੱਚ ਦਿੱਲੀ ਸਰਕਾਰ (ਭਾਜਪਾ ਅਧੀਨ) ਦੇ ਸਜ਼ਾ ਸਮੀਖਿਆ ਬੋਰਡ ਨੇ 23 ਦਸੰਬਰ 2025 ਨੂੰ ਹੋਈ ਮੀਟਿੰਗ ਵਿੱਚ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਸਜ਼ਾ ਘਟਾਉਣ ਜਾਂ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਦਿੱਤਾ ਸੀ। ਇਹ ਫੈਸਲਾ ਬੀਤੇ ਦਿਨੀਂ ਜਾਰੀ ਹੋਇਆ ਸੀ ਜਿਸ ਨੇ ਸਿੱਖ ਭਾਈਚਾਰੇ ਵਿੱਚ ਭਾਰੀ ਨਿਰਾਸ਼ਾ ਪੈਦਾ ਕੀਤੀ ਸੀ। ਪ੍ਰੋ. ਭੁੱਲਰ 1993 ਦੇ ਦਿੱਲੀ ਬੰਬ ਧਮਾਕੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ ਅਤੇ 33 ਸਾਲਾਂ ਤੋਂ ਜੇਲ੍ਹ ਵਿੱਚ ਹਨ। ਉਨ੍ਹਾਂ ਦੀ ਮਾਨਸਿਕ ਅਤੇ ਸਿਹਤ ਸਥਿਤੀ ਵੀ ਚਿੰਤਾਜਨਕ ਹੈ ਪਰ ਬੋਰਡ ਨੇ ਇਸ ਨੂੰ ਨਜ਼ਰ-ਅੰਦਾਜ਼ ਕਰਦਿਆਂ ਰੱਦ ਕਰ ਦਿੱਤਾ। ਇਸੇ ਬੋਰਡ ਨੇ ਕਈ ਹੋਰ ਕੈਦੀਆਂ (ਜਿਵੇਂ ਨਾਗਾ ਆਈ.ਟੀ.ਸੀ. ਨਾਲ ਜੁੜੇ) ਨੂੰ ਰਿਹਾਈ ਦੀ ਸਿਫਾਰਸ਼ ਕੀਤੀ ਸੀ ਜਿਸ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਭਾਜਪਾ ਦੀ ਸਿੱਖਾਂ ਪ੍ਰਤੀ ਨੀਤੀ ਕੀ ਹੈ ? ਇਹ ਫੈਸਲਾ ਪਹਿਲਾਂ ਆਮ ਆਦਮੀ ਪਾਰਟੀ ਸਰਕਾਰ ਵੇਲੇ ਵੀ ਹੁੰਦਾ ਰਿਹਾ ਪਰ ਹੁਣ ਭਾਜਪਾ ਦੀ ਕੇਂਦਰ ਅਤੇ ਦਿੱਲੀ ਸਰਕਾਰ ਹੋਣ ਕਰਕੇ ਇਹੀ ਸਿੱਖ ਵਿਰੋਧੀ ਪਹੁੰਚ ਜਾਰੀ ਹੈ।

ਭਾਜਪਾ ਦੀ ਪੰਜਾਬ ਅਤੇ ਸਿੱਖ ਮਸਲਿਆਂ ਪ੍ਰਤੀ ਨੀਤੀ ਨੂੰ ਵਿਸ਼ਲੇਸ਼ਕ ਰਾਜਨੀਤਕ ਲਾਭ ਨਾਲ ਜੋੜਦੇ ਹਨ। ਭਾਜਪਾ ਸਿੱਖ ਭਾਈਚਾਰੇ ਵਿੱਚ ਬਿਨਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ’ਤੇ ਨਿਰਭਰ ਰਹੇ ਪੰਜਾਬ ਵਿੱਚ ਆਪਣੀ ਰਾਜਨੀਤਿਕ ਹੋਂਦ ਕਾਇਮ ਰਖਣਾ ਚਾਹੁੰਦੀ ਹੈ। 2020 ਵਿੱਚ ਖੇਤੀ ਕਾਨੂੰਨਾਂ ਕਾਰਨ ਬਾਦਲ ਅਕਾਲੀ ਦਲ-ਭਾਜਪਾ ਗਠਜੋੜ ਟੁੱਟ ਗਿਆ ਸੀ ਅਤੇ ਹੁਣ ਭਾਜਪਾ ਪੰਜਾਬ ਵਿੱਚ ਇਕੱਲੇ ਚੋਣ ਲੜਨ ਦੀ ਰਣਨੀਤੀ ਅਪਣਾ ਰਹੀ ਹੈ। ਕੁਝ ਸਿੱਖ ਆਗੂਆਂ ਦਾ ਮੰਨਣਾ ਹੈ ਕਿ ਭਾਜਪਾ ਸਿੱਖ ਮਸਲਿਆਂ ਨੂੰ ਹੱਲ ਕਰਨ ਨਾਲੋਂ ਉਨ੍ਹਾਂ ਨੂੰ ਰਾਜਨੀਤਕ ਤੌਰ ’ਤੇ ਵਰਤਦੀ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ’ਤੇ 2019 ਵਿੱਚ 8 ਬੰਦੀ ਸਿੰਘਾਂ ( ਪ੍ਰੋਫੈਸਰ ਭੁੱਲਰ ਸਮੇਤ) ਦੀ ਰਿਹਾਈ ਦੀ ਸਿਫਾਰਸ਼ ਕੀਤੀ ਗਈ ਸੀ ਪਰ ਅੱਜ ਉਹੀ ਪਾਰਟੀ ਦੀ ਦਿੱਲੀ ਸਰਕਾਰ ਭੁੱਲਰ ਨੂੰ ਰਿਹਾਅ ਨਹੀਂ ਕਰ ਰਹੀ। ਇਸ ਨੂੰ ਪੰਥਕ ਧੜੇ ਦਲ ਖਾਲਸਾ ਸਮੇਤ ‘ਦੋਹਰੇ ਮਾਪਦੰਡ’ ਕਹਿੰਦੇ ਹਨ। ਭਾਜਪਾ ਪੰਜਾਬ ਵਿੱਚ ਹਿੰਦੂ ਵੋਟ ਅਤੇ ਨਵੇਂ ਸਿੱਖ ਚਿਹਰਿਆਂ ਰਾਹੀਂ ਆਪਣੀ ਪਕੜ ਮਜ਼ਬੂਤ ਕਰਨਾ ਚਾਹੁੰਦੀ ਹੈ ਪਰ ਪੰਥਕ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਕਦਮ ਨਹੀਂ ਪੁੱਟਣਾ ਚਾਹੁੰਦੀ।



ਸਿੱਖ ਆਗੂਆਂ ਵਿੱਚ ਭਾਜਪਾ ਪ੍ਰਤੀ ਮਿਸ਼ਰਤ ਰਾਏ ਹੈ। ਕੁਝ ਪ੍ਰਮੁੱਖ ਰਾਸ਼ਟਰਵਾਦੀ ਤੇ ਭਾਜਪਾ ਪੱਖੀ ਤਿਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਵਰਗੇ ਸਿੱਖ ਨੇਤਾ ਮੰਨਦੇ ਹਨ ਕਿ ਭਾਜਪਾ ਨਾਲ ਗੱਲਬਾਤ ਅਤੇ ਸਹਿਯੋਗ ਨਾਲ ਮੰਗਾਂ ਮੰਨਵਾਈਆਂ ਜਾ ਸਕਦੀਆਂ ਹਨ, ਜਿਵੇਂ ਐਮਰਜੈਂਸੀ ਵੇਲੇ ਇੰਦਰਾ ਗਾਂਧੀ ਵੱਲੋਂ ਮੰਗਾਂ ਮੰਨਣ ਦੀ ਤਿਆਰੀ ਸੀ ਪਰ ਅਕਾਲੀ ਫਾਇਦਾ ਨਾ ਲੈ ਸਕੇ। ਉਹ ਕਹਿੰਦੇ ਹਨ ਕਿ ਹੁਣ ਮੌਕਾ ਹੈ ਕਿ ਸਿੱਖ ਮੋਦੀ ਸਰਕਾਰ ਤੋਂ ਲਾਭ ਲੈਣ। ਪਰ ਜ਼ਿਆਦਾਤਰ ਸਿੱਖ ਆਗੂ ਅਤੇ ਬੁੱਧੀਜੀਵੀ ਭਾਜਪਾ ਨੂੰ ਸਿੱਖ ਵਿਰੋਧੀ ਮੰਨਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਦਲ ਖ਼ਾਲਸਾ ਨੇ ਭੁੱਲਰ ਦੀ ਰਿਹਾਈ ਰੱਦ ਕਰਨ ਨੂੰ ਸਿੱਖਾਂ ਨਾਲ ਅਨਿਆਂ ਕਿਹਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਵੀ ਇਸ ਨੂੰ ਅਫਸੋਸਜਨਕ ਕਿਹਾ ਸੀ। ਕਈ ਬੁੱਧੀਜੀਵੀ ਅਤੇ ਨੇਤਾ (ਜਿਵੇਂ ਵਿਕਰਮਜੀਤ ਸਿੰਘ ਸਾਹਨੀ, ਤਰਲੋਚਨ ਸਿੰਘ) ਇਸ ਫੈਸਲੇ ਦੇ ਵਿਰੋਧ ਵਿੱਚ ਬੋਲੇ ਪਰ ਵਿਰੋਧ ਨੂੰ ‘ਗੋਂਗਲੂਆਂ ਤੋਂ ਮਿੱਟੀ ਝਾੜਨ’ ਵਰਗਾ ਦੱਸਿਆ ਜਾ ਰਿਹਾ ਹੈ। ਉਹ ਮੰਨਦੇ ਹਨ ਕਿ ਭਾਜਪਾ ਨੂੰ ਸਿੱਖ ਮਸਲਿਆਂ ਲਈ ਵਿਸ਼ੇਸ਼ ਕਮੇਟੀ ਬਣਾਉਣੀ ਚਾਹੀਦੀ ਹੈ ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਜਪਾ ਵਿਚਕਾਰ ਪੁਰਾਣਾ ਗਠਜੋੜ 2020 ਵਿੱਚ ਟੁੱਟ ਗਿਆ ਸੀ। ਹੁਣ ਬਾਦਲ ਅਕਾਲੀ ਦਲ ਭਾਜਪਾ ਨੂੰ ਸਿੱਖ ਧਾਰਮਿਕ ਸੰਸਥਾਵਾਂ ਨੂੰ ਕਮਜ਼ੋਰ ਕਰਨ ਅਤੇ ਪੰਜਾਬ ਵਿਰੋਧੀ ਨੀਤੀਆਂ ਲਈ ਜ਼ਿੰਮੇਵਾਰ ਠਹਿਰਾਉਂਦਾ ਹੈ। ਸੁਖਬੀਰ ਸਿੰਘ ਬਾਦਲ ਨੇ ਕਈ ਵਾਰ ਭਾਜਪਾ ’ਤੇ ਹਮਲੇ ਕੀਤੇ ਹਨ, ਖਾਸ ਕਰਕੇ ਧਾਰਮਿਕ ਮੁੱਦਿਆਂ ਅਤੇ ਪੰਜਾਬ ਦੇ ਅਧਿਕਾਰਾਂ ’ਤੇ। ਉਹ 2027 ਚੋਣਾਂ ਲਈ ਆਪਣੇ ਆਪ ਨੂੰ ਮੁੱਖ ਮੰਤਰੀ ਚਿਹਰਾ ਐਲਾਨ ਕਰ ਚੁੱਕੇ ਹਨ ਅਤੇ ਭਾਜਪਾ ਨਾਲ ਗਠਜੋੜ ਦੀਆਂ ਅਫਵਾਹਾਂ ਨੂੰ ਖਾਰਜ ਕਰਦੇ ਹੋਏ ਪੰਥਕ ਮਸਲਿਆਂ ਤੇ ਏਕਤਾ ’ਤੇ ਜ਼ੋਰ ਦਿੰਦੇ ਹਨ। ਬਾਦਲ ਦਲ ਮੰਨਦਾ ਹੈ ਕਿ ਭਾਜਪਾ ਪੰਜਾਬ ਵਿੱਚ ਵੱਖਰੀ ਪਛਾਣ ਬਣਾਉਣ ਲਈ ਸਿੱਖ ਮਸਲਿਆਂ ਨੂੰ ਨਜ਼ਰ-ਅੰਦਾਜ਼ ਕਰ ਰਹੀ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਕਾਰ ਸੰਭਾਵਿਤ ਗਠਜੋੜ ਦੀਆਂ ਅਫਵਾਹਾਂ ਚੱਲ ਰਹੀਆਂ ਹਨ, ਪਰ ਅਕਾਲੀ ਆਗੂ ਬੀਜੇਪੀ ਉੱਤੇ ਹਮਲੇ ਤੇਜ਼ ਕਰ ਰਹੇ ਹਨ ਅਤੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਲੈ ਕੇ ਵੀ ਤਿੱਖੀ ਆਵਾਜ਼ ਉਠਾ ਰਹੇ ਹਨ।

ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿੱਚ ਬੀਤੇ ਦਿਨੀਂ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਦੇਸ਼ ਨੂੰ ਗੁਮਰਾਹ ਕੀਤੇ ਜਾਣ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ ਸੀ ਕਿ ਅਮਰੀਕਾ ਤੋਂ ਭਾਰੀ ਸਬਸਿਡੀ ਵਾਲੇ ਖੇਤੀਬਾੜੀ ਉਤਪਾਦ ਜਿਵੇਂ ਮੱਕੀ, ਸੋਇਆਬੀਨ ਅਤੇ ਜਵਾਰ ਨੂੰ ਜਾਨਵਰਾਂ ਦੇ ਚਾਰੇ ਦੇ ਨਾਂਅ ’ਤੇ ਭਾਰਤ ਵਿੱਚ ਆਉਣ ਦਿੱਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਭਾਰੀ ਨੁਕਸਾਨ ਹੋਵੇਗਾ। ਉਨ੍ਹਾਂ ਨੇ ਇਸ ਨੂੰ ਕਿਸਾਨਾਂ ਲਈ ‘ਖਤਰਨਾਕ’ ਦੱਸਿਆ ਅਤੇ ਕਿਹਾ ਕਿ ਸੇਬ ਅਤੇ ਸੰਤਰੇ ਵਰਗੇ ਤਾਜ਼ੇ ਫਲ ਵੀ ਆਉਣ ਨਾਲ ਸਥਾਨਕ ਕਿਸਾਨਾਂ ਦੀ ਬਰਬਾਦੀ ਹੋ ਜਾਵੇਗੀ।ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ’ਤੇ ਇਲਜ਼ਾਮ ਲਾਇਆ ਕਿ ਵਿਰੋਧੀ ਧਿਰ ਨੂੰ ਸੰਸਦ ਵਿੱਚ ਇਸ ਮੁੱਦੇ ’ਤੇ ਬੋਲਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਕੇਂਦਰੀ ਮੰਤਰੀਆਂ ’ਤੇ ਵੀ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ 2015 ਤੋਂ ਪੰਜਾਬ ਨੂੰ ਯੂਨੀਅਨ ਬਜਟ ਵਿੱਚ ਕੁਝ ਨਹੀਂ ਮਿਲਿਆ।

ਇਸ ਤੋਂ ਇਲਾਵਾ, ਬਾਦਲ ਦਲ ਦੇ ਸੀਨੀਅਰ ਵਾਈਸ ਪ੍ਰਧਾਨ ਅਤੇ ਨੈਸ਼ਨਲ ਸਪੋਕਸਪਰਸਨ ਪਰਮਬੰਸ ਸਿੰਘ ਰੋਮਾਨਾ ਨੇ ਬੀਜੇਪੀ ਆਗੂ ਰਵਨੀਤ ਸਿੰਘ ਬਿੱਟੂ ’ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਨੇ ਬਿੱਟੂ ਨੂੰ ਸਾਬਕਾ ਬੀਜੇਪੀ ਆਗੂ ਹਰਬੰਸ ਲਾਲ ਖੰਨਾ ਦੇ ਦਫ਼ਤਰ ਵਿੱਚ ਜਾ ਕੇ ਸ਼ਰਧਾਂਜਲੀ ਦੇਣ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਹਰਬੰਸ ਲਾਲ ਖੰਨਾ ਨੇ ਸਿੱਖਾਂ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਹੋਲੀ ਸਿਟੀ ਘੋਸ਼ਿਤ ਕਰਨ ਦੇ ਵਿਰੋਧ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਤੇ ਸਿੱਖਾਂ ਵਿਰੁੱਧ ਭੜਕਾਊ ਜਲੂਸ ਕੱਢਿਆ ਸੀ ਤੇ ਇਸ ਜਲੂਸ ਵਿੱਚ ਨਾਰੇ ਲਗੇ ਸਨ ਕਿ ‘ਕੱਛ, ਕੜਾ, ਕਿਰਪਾਨ ਭੇਜੋ ਪਾਕਿਸਤਾਨ’।

ਬਾਦਲ ਦਲ ਵੱਲੋਂ ਇਹ ਹਮਲੇ ਉਸ ਵੇਲੇ ਹੋ ਰਹੇ ਹਨ ਜਦੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਬੀਜੇਪੀ ਇਕੱਲੇ ਲੜਨ ਦਾ ਦਾਅਵਾ ਕਰ ਰਹੀ ਹੈ ਅਤੇ ਅਕਾਲੀ ਦਲ ਵੀ ਆਪਣੀ ਮਜ਼ਬੂਤੀ ਦਿਖਾ ਰਿਹਾ ਹੈ। ਕਿਸਾਨ ਜਥੇਬੰਦੀਆਂ ਵੀ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਰੋਸ ਜ਼ਾਹਿਰ ਕਰ ਰਹੀਆਂ ਹਨ ਅਤੇ ਇਸ ਨੂੰ ਕਿਸਾਨ ਵਿਰੋਧੀ ਦੱਸ ਰਹੀਆਂ ਹਨ। ਪ੍ਰੋਫੈਸਰ ਭੁੱਲਰ ਮਾਮਲੇ ’ਤੇ ਵੀ ਬਾਦਲ ਦਲ ਨੇ ਹੱਕ ਵਿੱਚ ਆਵਾਜ਼ ਉਠਾਈ ਹੈ। ਅਕਾਲੀ ਦਲ ਲਈ ਭਾਜਪਾ ਹੁਣ ਇੱਕ ਅਜਿਹਾ ‘ਅੱਗ ਦਾ ਦਰਿਆ’ ਹੈ, ਜਿਸ ਵਿੱਚ ਦੋਸਤੀ ਅਤੇ ਦੁਸ਼ਮਣੀ ਦੋਵੇਂ ਹੀ ਜੋਖਮ ਭਰੀਆਂ ਹਨ। ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਲਈ ਕਰਵਾਈ ਗਈ ਦਸਤਖ਼ਤ ਮੁਹਿੰਮ ਦਾ ਠੰਢਾ ਪੈ ਜਾਣਾ ਵੀ ਪੰਥਕ ਲੀਡਰਸ਼ਿਪ ਦੀ ਗੰਭੀਰਤਾ ’ਤੇ ਸਵਾਲ ਖੜ੍ਹੇ ਕਰਦਾ ਹੈ। ਭਾਜਪਾ ਲਈ ਪੰਜਾਬ ਅਤੇ ਪੰਥਕ ਮਸਲੇ ਸਿਰਫ਼ ਚੋਣਾਂ ਜਿੱਤਣ ਦਾ ਸਾਧਨ ਨਹੀਂ ਹੋਣੇ ਚਾਹੀਦੇ। ਜੇਕਰ ਦੇਸ਼ ਦੇ ਸਭ ਤੋਂ ਮਜ਼ਬੂਤ ਭਾਈਚਾਰੇ ਦੇ ਮਨ ਵਿੱਚ ਬੇਇਨਸਾਫ਼ੀ ਦੀ ਚੀਸ ਬਾਕੀ ਰਹੀ, ਤਾਂ ਇਹ ਦੇਸ਼ ਦੇ ਲੋਕਤੰਤਰ ਲਈ ਸ਼ੁਭ ਸੰਕੇਤ ਨਹੀਂ ਹੋਵੇਗਾ।

ਇਹ ਮਸਲੇ ਪੰਜਾਬ ਦੀ ਰਾਜਨੀਤੀ ਵਿੱਚ ਗਹਿਰੇ ਜੜ੍ਹਾਂ ਵਾਲੇ ਹਨ ਅਤੇ ਭਵਿੱਖ ਵਿੱਚ ਭਾਜਪਾ ਲਈ ਵੱਡੀ ਚੁਣੌਤੀ ਬਣ ਸਕਦੇ ਹਨ। ਸਿੱਖ ਭਾਈਚਾਰੇ ਨੂੰ ਇਨਸਾਫ਼ ਦੀ ਉਮੀਦ ਹੈ ਪਰ ਮੋਦੀ ਸਰਕਾਰ ਦੀਆਂ ਨੀਤੀਆਂ ਅਜੇ ਵੀ ਸਿੱਖ ਤੇ ਪੰਜਾਬ ਮਸਲਿਆਂ ਪ੍ਰਤੀ ਅਸਪੱਸ਼ਟ ਹਨ।

# ਦਲਿਤ ਆਵਾਜ਼ ਤੋਂ ਜਾਤੀਵਾਦੀ ਔਖੇ ਕਿਉਂ ?

## ਦਿੱਲੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਹਬੀਬ ’ਤੇ ਕੂੜਾ ਕਿਉਂ ਸੁੱਟਿਆ ?

ਜਾਤੀਵਾਦੀ ਤਾਕਤਾਂ ਅਸਲ ਵਿੱਚ ਉਸ ‘ਇਤਿਹਾਸਕ ਸੱਚ’ ਤੋਂ ਡਰਦੀਆਂ ਹਨ ਜੋ ਦਲਿਤਾਂ ਅਤੇ ਪੱਛੜੇ ਸਮਾਜ ਦੀ ਗੁਲਾਮੀ ਦੀਆਂ ਜੜ੍ਹਾਂ ਨੂੰ ਨੰਗਾ ਕਰਦਾ ਹੈ। ਉਹਨਾਂ ’ਤੇ ਹਮਲਾ ਸਿਰਫ਼ ਇੱਕ ਵਿਅਕਤੀ ’ਤੇ ਹਮਲਾ ਨਹੀਂ, ਸਗੋਂ ‘ਸੰਵਿਧਾਨਕ ਸੁਤੰਤਰਤਾ’ ਅਤੇ ‘ਬੋਲਣ ਦੀ ਆਜ਼ਾਦੀ’ ’ਤੇ ਹਮਲਾ ਹੈ।

ਬੀਤੇ ਦਿਨੀਂ ਦਿੱਲੀ ਯੂਨੀਵਰਸਿਟੀ ਦੇ ਆਰਟਸ ਫੈਕਲਟੀ ਵਿੱਚ ਵਾਪਰੀ ਘਟਨਾ ਨੇ ਦੇਸ਼ ਦੇ ਵਿਦਿਅਕ ਢਾਂਚੇ ਅਤੇ ਲੋਕਤੰਤਰ ਦੀ ਸਿਹਤ ’ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਵੱਲੋਂ ਆਯੋਜਿਤ ‘ਸਮਤਾ ਉਤਸਵ’ (ਪੀਪਲਜ਼ ਲਿਟਰੇਚਰ ਫੈਸਟੀਵਲ) ਦੌਰਾਨ ਨਾਮਵਰ ਇਤਿਹਾਸਕਾਰ ਪ੍ਰੋਫੈਸਰ ਐੱਸ. ਇਰਫਾਨ ਹਬੀਬ ਉੱਪਰ ਜਾਤੀਵਾਦੀ ਅਨਸਰਾਂ ਵੱਲੋਂ ਕੂੜਾ ਅਤੇ ਪਾਣੀ ਸੁੱਟਿਆ ਜਾਣਾ ਸਿਰਫ਼ ਇੱਕ ਹਮਲਾ ਨਹੀਂ, ਸਗੋਂ ਉਸ ਸੋਚ ਦਾ ਪ੍ਰਗਟਾਵਾ ਹੈ ਜੋ ਦਲਿਤ ਅਤੇ ਪੱਛੜੀਆਂ ਜਾਤਾਂ ਦੀ ਉੱਠ ਰਹੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਯੂਨੀਵਰਸਿਟੀ ਕੈਂਪਸਾਂ ਵਿੱਚ ‘ਸੰਸਥਾਗਤ ਜਾਤੀਵਾਦ’ ਵਿਰੁੱਧ ਆਵਾਜ਼ ਬੁਲੰਦ ਕਰਨਾ ਸੀ।

ਪੱਛੜੀਆਂ ਜਾਤਾਂ ਦੇ ਵਿਦਿਆਰਥੀਆਂ ਨਾਲ ਹੁੰਦੇ ਵਿਤਕਰੇ ਨੂੰ ਰੋਕਣ ਲਈ ‘ਰੋਹਿਤ ਐਕਟ’ ਲਾਗੂ ਕਰਨ ਵਰਗੀਆਂ ਜਾਇਜ਼ ਮੰਗਾਂ ਉਠਾਈਆਂ ਜਾ ਰਹੀਆਂ ਸਨ। ਜਦੋਂ ਪ੍ਰੋਫੈਸਰ ਹਬੀਬ ਵਿਗਿਆਨਕ ਅਤੇ ਇਤਿਹਾਸਕ ਨਜ਼ਰੀਏ ਨਾਲ ਸਮਾਜਿਕ ਨਿਆਂ ਦੀ ਗੱਲ ਕਰ ਰਹੇ ਸਨ, ਤਾਂ ਅਚਾਨਕ ਹੋਏ ਇਸ ਹਮਲੇ ਨੇ ਸਪੱਸ਼ਟ ਕਰ ਦਿੱਤਾ ਕਿ ਜਾਤੀਵਾਦੀ ਤਾਕਤਾਂ ਕੋਲ ਦਲੀਲ ਦਾ ਜਵਾਬ ਦਲੀਲ ਨਾਲ ਦੇਣ ਦੀ ਸਮਰੱਥਾ ਨਹੀਂ ਰਹੀ।



ਸਵਾਲ ਪੈਦਾ ਹੁੰਦਾ ਹੈ ਕਿ ਜਾਤੀਵਾਦੀ ‘ਦਲਿਤ ਵਾਇਸ’ ਜਾਂ ‘ਸਮਤਾ ਉਤਸਵ’ ਵਰਗੇ ਮੰਚਾਂ ਤੋਂ ਇੰਨੇ ਔਖੇ ਕਿਉਂ ਹਨ ? ਇਸ ਦੇ ਕੁੱਝ ਪ੍ਰਮੁੱਖ ਕਾਰਨ ਹਨ:

ਅਜਿਹੇ ਪ੍ਰੋਗਰਾਮ ਮਨੂਵਾਦੀ ਵਿਚਾਰਧਾਰਾ ਨੂੰ ਚੁਣੌਤੀ ਦਿੰਦੇ ਹਨ। ਜਦੋਂ ਦਲਿਤ ਅਤੇ ਪਛੜਾ ਸਮਾਜ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦਾ ਹੈ, ਤਾਂ ਸਦੀਆਂ ਤੋਂ ਸਥਾਪਤ ਗੈਰ-ਬਰਾਬਰੀ ਦਾ ਢਾਂਚਾ ਖ਼ਤਰੇ ਵਿੱਚ ਪੈ ਜਾਂਦਾ ਹੈ।

ਪ੍ਰੋਫੈਸਰ ਹਬੀਬ ਵਰਗੇ ਬੁੱਧੀਜੀਵੀ ਜਦੋਂ ਭਾਰਤੀ ਇਤਿਹਾਸ ਦੇ ਸੈਕੂਲਰ ਅਤੇ ਵਿਗਿਆਨਕ ਪੱਖ ਪੇਸ਼ ਕਰਦੇ ਹਨ, ਤਾਂ ਉਹ ‘ਨਕਲੀ ਰਾਸ਼ਟਰਵਾਦ’ ਅਤੇ ‘ਵਿਗੜੇ ਹੋਏ ਨੈਰੇਟਿਵ’ ਦਾ ਪਰਦਾਫਾਸ਼ ਕਰਦੇ ਹਨ। ਯੂਨੀਵਰਸਿਟੀਆਂ ਵਿੱਚ ਦਲਿਤ ਵਿਦਿਆਰਥੀਆਂ ਦੀ ਵੱਧ ਰਹੀ ਸਿਆਸੀ ਅਤੇ ਸਮਾਜਿਕ ਚੇਤਨਾ ਜਾਤੀਵਾਦੀ ਸ਼ਕਤੀਆਂ ਲਈ ‘ਅਸੁਰੱਖਿਆ’ ਪੈਦਾ ਕਰ ਰਹੀ ਹੈ।

ਆਈਸਾ ਨੇ ਇਸ ਨੂੰ ਏ.ਬੀ.ਵੀ.ਪੀ. ਦੀ ਯੋਜਨਾਬੱਧ ਸਾਜ਼ਿਸ਼ ਦੱਸਿਆ ਹੈ, ਜਦਕਿ ਏ.ਬੀ.ਵੀ.ਪੀ. ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ। ਪਰ ਚਿੰਤਾ ਦੀ ਗੱਲ ਇਹ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ‘ਰਸਮੀ ਸ਼ਿਕਾਇਤ’ ਨਾ ਮਿਲਣ ਦਾ ਬਹਾਨਾ ਬਣਾ ਕੇ ਪੱਲਾ ਝਾੜ ਲਿਆ ਹੈ। ਸੀ.ਪੀ.ਆਈ. ਦੇ ਜਨਰਲ ਸਕੱਤਰ ਡੀ. ਰਾਜਾ ਅਤੇ ਪ੍ਰੋਫੈਸਰ ਅਪੂਰਵਾਨੰਦ ਵਰਗੇ ਚਿੰਤਕਾਂ ਨੇ ਠੀਕ ਹੀ ਕਿਹਾ ਹੈ ਕਿ ਇਹ ਬੁੱਧੀਜੀਵੀਆਂ ਨੂੰ ਡਰਾਉਣ ਅਤੇ ਚੁੱਪ ਕਰਾਉਣ ਦੀ ਕੋਸ਼ਿਸ਼ ਹੈ।

ਪ੍ਰੋਫੈਸਰ ਹਬੀਬ ਨੇ ਹਮਲੇ ਦੇ ਬਾਵਜੂਦ ਆਪਣਾ ਲੈਕਚਰ ਜਾਰੀ ਰੱਖ ਕੇ ਇਹ ਸਾਬਤ ਕਰ ਦਿੱਤਾ ਕਿ ਵਿਚਾਰਾਂ ਦੀ ਰੌਸ਼ਨੀ ਨੂੰ ਕੂੜੇ ਨਾਲ ਨਹੀਂ ਢਕਿਆ ਜਾ ਸਕਦਾ। ਕਿਸੇ ਵੀ ਸਿਹਤਮੰਦ ਲੋਕਤੰਤਰ ਵਿੱਚ ਅਸਹਿਮਤੀ ਦਾ ਜਵਾਬ ਬਹਿਸ ਨਾਲ ਦਿੱਤਾ ਜਾਣਾ ਚਾਹੀਦਾ ਹੈ, ਹਿੰਸਾ ਨਾਲ ਨਹੀਂ। ਦੇਸ਼ ਭਰ ਦੀਆਂ ਯੂਨੀਵਰਸਿਟੀਆਂ ਵਿੱਚ ਵਧ ਰਹੀ ਇਹ ਅਸਹਿਣਸ਼ੀਲਤਾ ਸਾਡੇ ਸੰਵਿਧਾਨਕ ਮੁੱਲਾਂ ਲਈ ਇੱਕ ਵੱਡੀ ਚੁਣੌਤੀ ਹੈ। ‘ਸਮਤਾ ਉਤਸਵ’ ਵਰਗੇ ਮੰਚਾਂ ਦੀ ਅੱਜ ਪਹਿਲਾਂ ਨਾਲੋਂ ਕਿਤੇ ਵੱਧ ਲੋੜ ਹੈ ਤਾਂ ਜੋ ਆਜ਼ਾਦ ਸੋਚ ਅਤੇ ਸਮਾਜਿਕ ਨਿਆਂ ਦੀ ਆਵਾਜ਼ ਬੁਲੰਦ ਰਹਿ ਸਕੇ।

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸੈਮੀਨਾਰ ਆਯੋਜਿਤ

## ਸਾਕਾ ਨਕੋਦਰ: ਮਨੁੱਖੀ ਅਧਿਕਾਰਾਂ ਦਾ ਘਾਣ ਵਿਸ਼ੇ 'ਤੇ ਵਿਚਾਰ-ਚਰਚਾ, ਇਨਸਾਫ਼ ਲਈ ਸੰਘਰਸ਼ ਜਾਰੀ ਰੱਖਣ ਦਾ ਐਲਾਨ




ਚੰਡੀਗੜ੍ਹ/ਏ.ਟੀ.ਨਿਊਜ਼: ਮਿਸਲ ਸਤਲੁਜ ਜਥੇਬੰਦੀ ਵੱਲੋਂ ਸਾਕਾ ਨਕੋਦਰ (4 ਫ਼ਰਵਰੀ 1986) ਦੇ ਸ਼ਹੀਦਾਂ ਦੀ ਯਾਦ ਵਿੱਚ ਲੰਘੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਸੈਕਟਰ-28, ਚੰਡੀਗੜ੍ਹ ਵਿਖੇ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਸੈਮੀਨਾਰ ਦਾ ਵਿਸ਼ਾ ਸਾਕਾ ਨਕੋਦਰ: ਮਨੁੱਖੀ ਅਧਿਕਾਰਾਂ ਦਾ ਘਾਣ ਰਿਹਾ। ਇਸ ਮੌਕੇ ਕਾਨੂੰਨ ਵਿਦਵਾਨਾਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਜਸਟਿਸ ਰਣਜੀਤ ਸਿੰਘ (ਚੇਅਰਮੈਨ, ਪੰਜਾਬ ਮਨੁੱਖੀ ਅਧਿਕਾਰ ਸੰਗਠਨ), ਐਡਵੋਕੇਟ ਰਾਜਿੰਦਰ ਸਿੰਘ ਬੈਂਸ, ਜਸਪਾਲ ਸਿੰਘ ਸਿੱਧੂ, ਰਾਜਿੰਦਰ ਸਿੰਘ ਰਾਹੀ, ਪ੍ਰੋ. ਜਗਮੋਹਨ ਸਿੰਘ, ਐਡਵੋਕੇਟ ਜਸਪਾਲ ਸਿੰਘ ਮੰਝਪੁਰ, ਐਡਵੋਕੇਟ ਪੂਨਮ ਵਾਲੀਆ, ਸ਼ਾਮ ਸਿੰਘ (ਪ੍ਰਧਾਨ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ), ਡਾ. ਖੁਸ਼ਹਾਲ ਸਿੰਘ (ਸਕੱਤਰ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ) ਅਤੇ ਜਥੇਦਾਰ ਜਗਜੀਤ ਸਿੰਘ ਰਤਨਗੜ੍ਹ ਨੇ ਕਿਹਾ ਕਿ 4 ਫ਼ਰਵਰੀ 1986 ਨੂੰ ਨਕੋਦਰ ਵਿੱਚ ਸ਼ਾਂਤਮਈ ਕਾਫ਼ਲੇ 'ਤੇ ਹੋਈ ਗੋਲੀਬਾਰੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਸੀ ਅਤੇ ਇਸ ਮਾਮਲੇ ਵਿੱਚ ਇਨਸਾਫ਼ ਅਜੇ ਵੀ ਬਾਕੀ ਹੈ।ਇਸ ਦੌਰਾਨ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਉਨ੍ਹਾਂ ਕਿਹਾ ਕਿ ਇਤਿਹਾਸਕ ਘਟਨਾਵਾਂ ਨੂੰ ਯਾਦ ਰੱਖਣਾ ਅਤੇ ਨਵੀਂ ਪੀੜ੍ਹੀ ਨੂੰ ਸੱਚਾਈ ਨਾਲ ਜਾਣੂ ਕਰਵਾਉਣਾ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਸਾਕੇ ਦੀ ਜਾਂਚ ਲਈ ਵੇਲੇ ਦੀ ਪੰਜਾਬ ਸਰਕਾਰ ਵੱਲੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਾਇਆ ਗਿਆ ਸੀ, ਜਿਸ ਦੀ ਰਿਪੋਰਟ ਦਾ ਇੱਕ ਹਿੱਸਾ ਬੀਤੇ ਸਾਲ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਹੋਇਆ ਪਰ ਦੂਜਾ ਹਿੱਸਾ ਸਰਕਾਰੀ ਰਿਕਾਰਡਾਂ ਵਿੱਚੋਂ ਗਾਇਬ ਹੈ।


ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾਂ ਮੌਜੂਦਾ ਸਰਕਾਰ ਵੱਲੋਂ ਸਾਕਾ ਨਕੋਦਰ ਮਾਮਲੇ ਦੀ ਡੂੰਘੀ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਅਜੇ ਤੱਕ ਕੋਈ ਠੋਸ ਕਾਰਵਾਈ ਸਾਹਮਣੇ ਨਹੀਂ ਆਈ। ਉਨ੍ਹਾਂ ਇਹ ਵੀ ਉਲੇਖ ਕੀਤਾ ਕਿ ਸਾਕਾ ਨਕੋਦਰ ਅਤੇ ਬਰਗਾੜੀ ਵਿਖੇ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ।ਜ਼ਿਕਰਯੋਗ ਹੈ ਕਿ 4 ਫ਼ਰਵਰੀ 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਇਕੱਠੀ ਹੋਈ ਨਿਹੱਥੀ ਸਿੱਖ ਸੰਗਤ 'ਤੇ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਰਵਿੰਦਰ ਸਿੰਘ ਲਿੱਤਰਾਂ, ਹਰਮਿੰਦਰ ਸਿੰਘ ਚਲੂਪੁਰ, ਬਲਧੀਰ ਸਿੰਘ ਰਾਮਗੜ੍ਹ ਅਤੇ ਝਿਲਮਣ ਸਿੰਘ ਗੋਰਸੀਆਂ ਸ਼ਹੀਦ ਹੋ ਗਏ ਸਨ।

ਸੈਮੀਨਾਰ ਦੇ ਅੰਤ ਵਿੱਚ ਮਿਸਲ ਸਤਲੁਜ ਜਥੇਬੰਦੀ ਦੇ ਪ੍ਰਧਾਨ ਅਜੇਪਾਲ ਸਿੰਘ ਬਰਾੜ ਨੇ ਸਾਰੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਅਤੇ ਲੋਕਤੰਤਰਕ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਇਸ ਮੌਕੇ ਮਿਸਲ ਸਤਲੁਜ ਦੇ ਯੂਥ ਆਗੂ ਯਾਦਵਿੰਦਰ ਸਿੰਘ ਯਾਦੂ ਅਲਾਲ, ਅਮਰਿੰਦਰ ਸਿੰਘ, ਐਤਪਾਲ ਸਿੰਘ ਬਰਾੜ, ਮਨਦੀਪ ਸਿੰਘ, ਹਰਵਿੰਦਰ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ ਅਤੇ ਦੁਰਲੱਭ ਸਿੰਘ ਆਦਿ ਵੀ ਮੌਜੂਦ ਸਨ।

# ਪੰਜਾਬ ਦੀ ਕਬੱਡੀ ਵਿੱਚ ਅਪਰਾਧੀਆਂ, ਗੈਂਗਸਟਰਾਂ ਅਤੇ ਨਸ਼ਿਆਂ ਦੀ ਘੁਸਪੈਠ ਕਿਉਂ ਹੋਈ ?

## 2020 ਤੋਂ ਹੁਣ ਤੱਕ ਕਬੱਡੀ ਨਾਲ ਜੁੜੇ ਲਗਭਗ 12 ਖਿਡਾਰੀਆਂ ਅਤੇ ਪ੍ਰਮੋਟਰਾਂ ਦੀਆਂ ਹੋ ਚੁੱਕੀਆਂ ਨੇ ਹੱਤਿਆਵਾਂ






ਪੰਜਾਬ ਵਿੱਚ ਕਬੱਡੀ ਹਮੇਸ਼ਾ ਪਿੰਡਾਂ ਦੀ ਸ਼ਾਨ ਸੀ। ਖੁੱਲ੍ਹੇ ਮੈਦਾਨਾਂ ਵਿੱਚ ਖੇਡੀ ਜਾਂਦੀ ਇਹ ਖੇਡ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦਾ ਸਭ ਤੋਂ ਵੱਡਾ ਸਾਧਨ ਮੰਨੀ ਜਾਂਦੀ ਸੀ। ਪਰਿਵਾਰ ਆਪਣੀ ਜੇਬ ਤੋਂ ਪੈਸੇ ਲਾ ਕੇ ਟੂਰਨਾਮੈਂਟ ਕਰਵਾਉਂਦੇ ਸਨ। ਇਹ ਮਾਣ ਅਤੇ ਸਨਮਾਨ ਦੀ ਗੱਲ ਸੀ, ਨਾ ਕਿ ਪੈਸੇ ਦੀ। 2000 ਦੇ ਦਹਾਕੇ ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ ਇਸ ਨੂੰ ਵੱਡਾ ਰੂਪ ਦਿੱਤਾ। ਸੁਖਬੀਰ ਸਿੰਘ ਬਾਦਲ ਦੇ ਅਗਵਾਈ ਹੇਠ ਵਰਲਡ ਕਬੱਡੀ ਕੱਪ ਸ਼ੁਰੂ ਹੋਇਆ, ਵੱਡੇ ਇਨਾਮ ਦਿੱਤੇ ਗਏ, ਸਟੇਡੀਅਮ ਬਣੇ ਅਤੇ ਖਿਡਾਰੀਆਂ ਨੂੰ ਨੌਕਰੀਆਂ ਵੀ ਮਿਲੀਆਂ। ਇਹ ਖੇਡ ਪੰਜਾਬ ਨੂੰ ਵਿਸ਼ਵ ਪੱਧਰ 'ਤੇ ਲੈ ਗਈ। ਪ੍ਰਵਾਸੀ ਪੰਜਾਬੀਆਂ ਨੇ ਵੀ ਢੇਰਾਂ ਪੈਸਾ ਲਾਇਆ, ਕੈਨੇਡਾ, ਯੂਕੇ ਅਤੇ ਆਸਟ੍ਰੇਲੀਆ ਵਿੱਚ ਲੀਗਾਂ ਬਣੀਆਂ। ਯੂਟਿਊਬ 'ਤੇ ਲਾਈਵ ਸਟ੍ਰੀਮਿੰਗ ਨਾਲ ਵੀਡੀਓ ਵਾਇਰਲ ਹੋਣ ਲੱਗੇ। ਪਰ ਇਹ ਸੁਨਹਿਰਾ ਦੌਰ ਲੰਮਾ ਸਮਾਂ ਨਾ ਰਿਹਾ। 2017 ਵਿੱਚ ਕਾਂਗਰਸ ਸਰਕਾਰ ਆਈ ਤਾਂ ਵਰਲਡ ਕੱਪ ਬੰਦ ਹੋ ਗਿਆ। ਸਰਕਾਰੀ ਸਹਿਯੋਗ ਖਤਮ ਹੋਣ ਨਾਲ ਖਾਲੀ ਜਗ੍ਹਾ ਪੈਦਾ ਹੋ ਗਈ। ਇਸ ਖਾਲੀਪਨ ਨੂੰ ਪ੍ਰਾਈਵੇਟ ਆਯੋਜਕਾਂ ਨੇ ਭਰਿਆ, ਪਰ ਬਿਨਾਂ ਕਿਸੇ ਮਜ਼ਬੂਤ ਨਿਯਮਾਂ ਦੇ। ਇੱਥੇ ਹੀ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਮੌਕਾ ਮਿਲ ਗਿਆ। ਵੱਡੀ ਭੀੜ, ਨਕਦੀ ਲੈਣ-ਦੇਣ ਅਤੇ ਘੱਟ ਨਿਗਰਾਨੀ ਵਾਲੇ ਮੈਦਾਨ ਉਨ੍ਹਾਂ ਲਈ ਪਰਫੈਕਟ ਜਗ੍ਹਾ ਬਣ ਗਏ।

**ਗੈਂਗਸਟਰਾਂ ਦੀ ਘੁਸਪੈਠ: ਪੈਸਾ, ਵਸੂਲੀ ਅਤੇ ਦਬਦਬਾ**

ਜਦੋਂ ਸਰਕਾਰੀ ਨਿਗਰਾਨੀ ਘੱਟ ਹੋਈ ਤਾਂ ਗੈਂਗਸਟਰਾਂ ਨੇ ਕਬੱਡੀ ਨੂੰ ਆਪਣਾ ਨਵਾਂ ਮੈਦਾਨ ਬਣਾ ਲਿਆ। ਲਾਰੈਂਸ ਬਿਸ਼ਨੋਈ, ਦਵਿੰਦਰ ਬੰਬੀਹਾ, ਜੱਗੂ ਭਗਵਾਨਪੁਰੀਆ ਵਰਗੇ ਗੈਂਗ ਇਸ ਵਿੱਚ ਦਾਖਲ ਹੋ ਗਏ ।ਕਾਰਨ ਸਾਫ਼ ਸਨ—ਵੱਡੇ ਇਨਾਮ (ਕਈ ਲੱਖ ਤੋਂ ਕਰੋੜਾਂ ਤੱਕ), ਸਪਾਂਸਰਸ਼ਿਪ, ਪ੍ਰਵਾਸੀਆਂ ਪੰਜਾਬੀਆਂ ਦੀ ਫੰਡਿੰਗ ਅਤੇ ਮਨੀ ਲਾਂਡਰਿੰਗ ਦਾ ਮੌਕਾ। ਪ੍ਰਮੋਟਰਾਂ 'ਤੇ ਜਬਰੀ ਵਸੂਲੀ ਸ਼ੁਰੂ ਹੋਈ। ਜੋ ਨਾ ਦਿੰਦਾ ਜਾਂ ਵਿਰੋਧ ਕਰਦਾ, ਉਹ ਨਿਸ਼ਾਨਾ ਬਣ ਜਾਂਦਾ। ਟੂਰਨਾਮੈਂਟ ਕੰਟਰੋਲ ਕਰਨ ਨਾਲ ਗੈਂਗ ਨੂੰ ਇਲਾਕੇ 'ਤੇ ਦਬਦਬਾ, ਪ੍ਰੋਟੈਕਸ਼ਨ ਮਨੀ ਅਤੇ ਪ੍ਰਭਾਵ ਮਿਲਦਾ। ਇਹ ਖੇਡ ਹੁਣ ਈਗੋ, ਪੈਸੇ ਅਤੇ ਦੁਸ਼ਮਣੀ ਦਾ ਅਖਾੜਾ ਬਣ ਗਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ, ਜਿੱਥੇ ਪੁਲਿਸ ਦਾ ਦਬਾਅ ਵਧਦਾ, ਉੱਥੇ ਗੈਂਗ ਨਸ਼ੇ, ਹਥਿਆਰਾਂ ਅਤੇ ਹਵਾਲੇ ਦੇ ਨਾਲ ਨਾਲ ਕਬੱਡੀ ਵਿੱਚ ਵੀ ਪੈਸਾ ਭੇਜਣ ਲੱਗੇ। ਨਸ਼ਿਆਂ ਦੇ ਨੈੱਟਵਰਕ ਨੇ ਵੀ ਇਸ ਨੂੰ ਵਧਾਇਆ ,ਕਿਉਂਕਿ ਕਬੱਡੀ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਵਾਲੀ ਖੇਡ ਸੀ, ਪਰ ਹੁਣ ਉਹੀ ਮੈਦਾਨ ਨਸ਼ੇ ਅਤੇ ਅਪਰਾਧ ਦੇ ਕੇਂਦਰ ਬਣ ਗਏ। ਗੈਂਗਸਟਰ ਖਿਡਾਰੀਆਂ ਅਤੇ ਪ੍ਰਮੋਟਰਾਂ ਨੂੰ ਆਪਣੇ ਨਾਲ ਜੋੜਨ ਜਾਂ ਖਤਮ ਕਰਨ ਲਈ ਵਰਤਦੇ ਸਨ। ਇਹ ਸਭ ਮੁੰਬਈ ਅੰਡਰਵਰਲਡ ਵਰਗਾ ਪੈਟਰਨ ਬਣ ਗਿਆ, ਜਿੱਥੇ ਸੰਗੀਤ ਅਤੇ ਖੇਡ ਵਰਗੇ ਹਾਈ-ਵਿਜ਼ੀਬਿਲਟੀ ਵਾਲੇ ਖੇਤਰਾਂ 'ਤੇ ਕੰਟਰੋਲ ਚਾਹੁੰਦੇ ਸਨ।

**ਹੱਤਿਆਵਾਂ ਦਾ ਲੰਮਾ ਸਿਲਸਿਲਾ: ਕੌਣ-ਕੌਣ ਸ਼ਿਕਾਰ ਹੋਏ**

ਹੱਤਿਆਵਾਂ ਦਾ ਸਿਲਸਿਲਾ 2022 ਤੋਂ ਤੇਜ਼ ਹੋਇਆ। ਮਾਰਚ 2022 ਵਿੱਚ ਜਲੰਧਰ ਦੇ ਮੱਲੀਆਂ ਖੁਰਦ ਵਿੱਚ ਅੰਤਰਰਾਸ਼ਟਰੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਮੈਚ ਦੌਰਾਨ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਹ ਕਬੱਡੀ ਐਸੋਸੀਏਸ਼ਨਾਂ ਵਿਚਕਾਰ ਦੁਸ਼ਮਣੀ ਅਤੇ ਲੀਗਾਂ 'ਤੇ ਕੰਟਰੋਲ ਲਈ ਸੀ। ਬੰਬੀਹਾ ਗੈਂਗ ਨੇ ਜ਼ਿੰਮੇਵਾਰੀ ਲਈ। ਫਿਰ ਨਵੰਬਰ 2024 ਵਿੱਚ ਤਰਨ ਤਾਰਨ ਵਿੱਚ ਸੁਖਵਿੰਦਰ ਸਿੰਘ ਨੂੰ ਲਾਰੈਂਸ ਬਿਸ਼ਨੋਈ ਗੈਂਗ ਨੇ ਮਾਰਿਆ।ਅਕਤੂਬਰ 2025 ਵਿੱਚ ਜਗਰਾਓਂ ਵਿੱਚ ਤੇਜਪਾਲ ਸਿੰਘ ਨੂੰ ਗੋਲੀ ਮਾਰ ਦਿੱਤੀ ਗਈ, ਜਿਸ ਨੂੰ ਪੁਰਾਣੀ ਨਿੱਜੀ ਦੁਸ਼ਮਣੀ ਦੱਸਿਆ ਗਿਆ। ਉਸੇ ਸਾਲ ਨਵੰਬਰ ਵਿੱਚ ਲੁਧਿਆਣਾ ਦੇ ਸਮਰਾਲਾ ਵਿੱਚ ਗੁਰਵਿੰਦਰ ਸਿੰਘ ਨੂੰ ਮਾਰ ਦਿੱਤਾ ਗਿਆ ਅਤੇ ਲਾਰੈਂਸ ਬਿਸ਼ਨੋਈ ਗੈਂਗ ਨੇ ਸੋਸ਼ਲ ਮੀਡੀਆ 'ਤੇ ਜ਼ਿੰਮੇਵਾਰੀ ਲਈ। ਸਭ ਤੋਂ ਤਾਜ਼ਾ ਘਟਨਾ 15 ਦਸੰਬਰ 2025 ਨੂੰ ਮੋਹਾਲੀ ਦੇ ਸੋਹਾਣਾ ਵਿੱਚ ਹੋਈ, ਜਿੱਥੇ ਖਿਡਾਰੀ ਤੇ ਪ੍ਰਮੋਟਰ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਨੂੰ ਸੈਲਫੀ ਲੈਣ ਦੇ ਬਹਾਨੇ ਗੋਲੀ ਮਾਰ ਦਿੱਤੀ ਗਈ। ਉਸ ਦੀ ਸ਼ਾਦੀ ਨੂੰ ਮੁਸ਼ਕਿਲ ਨਾਲ 10 ਦਿਨ ਹੋਏ ਸਨ। ਬੰਬੀਹਾ ਗੈਂਗ ਨੇ ਜ਼ਿੰਮੇਵਾਰੀ ਲਈ ਅਤੇ ਇਸ ਨੂੰ ਸਿੱਧੂ ਮੂਸੇਵਾਲਾ ਕਤਲ ਦਾ ਬਦਲਾ ਦੱਸਿਆ। ਇਹ ਸਿਲਸਿਲਾ 2022 ਤੋਂ ਚੱਲ ਰਿਹਾ ਹੈ ਅਤੇ ਹੁਣ ਤੱਕ ਕਈ ਹੋਰ ਛੋਟੀਆਂ-ਵੱਡੀਆਂ ਘਟਨਾਵਾਂ ਵੀ ਹੋਈਆਂ।

**ਕਬੱਡੀ ਮੈਦਾਨਾਂ ਉੱਪਰ ਦਹਿਸ਼ਤ ਦਾ ਪਰਛਾਵਾਂ ਅਤੇ ਭਵਿੱਖ ਦੀ ਚੁਣੌਤੀ**

ਅੱਜ ਕਬੱਡੀ ਮੈਦਾਨਾਂ 'ਤੇ ਗੈਂਗਸਟਰਾਂ ਦੇ ਡਰ ਦਾ ਪਰਛਾਵਾਂ ਹੈ। ਮੋਗਾ, ਜਗਰਾਓਂ, ਲੁਧਿਆਣਾ ਵਰਗੇ ਇਲਾਕਿਆਂ ਵਿੱਚ ਭੀੜ ਘੱਟ ਗਈ ਹੈ। ਲੋਕ ਸੂਰਜ ਡੁੱਬਣ ਤੋਂ ਬਾਅਦ ਰੁਕਣ ਤੋਂ ਡਰਦੇ ਹਨ। ਮਾਂਵਾਂ ਆਪਣੇ ਬੱਚਿਆਂ ਨੂੰ ਕਬੱਡੀ ਖੇਡਣ ਨਹੀਂ ਭੇਜਦੀਆਂ। ਰਾਣਾ ਬਲਾਚੌਰੀਆ ਦੇ ਪਿਤਾ ਕਹਿੰਦੇ ਹਨ ਕਿ ਉਹ ਅਕੈਡਮੀ ਬਣਾਉਣਾ ਚਾਹੁੰਦਾ ਸੀ ਤਾਂ ਜੋ ਬੱਚੇ ਨਸ਼ੇ ਤੋਂ ਦੂਰ ਰਹਿਣ। ਤੇਜਪਾਲ ਦੀ ਮਾਂ ਪੁੱਛਦੀ ਹੈ—ਹੁਣ ਬੱਚਿਆਂ ਨੂੰ ਕਿੱਥੇ ਭੇਜੀਏ? ਪੰਜਾਬ ਸਰਕਾਰ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਰਗੀਆਂ ਸਕੀਮਾਂ ਨਾਲ ਵਾਪਸ ਨਿਯੰਤਰਣ ਲੈਣ ਦੀ ਕੋਸ਼ਿਸ਼ ਕੀਤੀ ਹੈ। 3100 ਸਟੇਡੀਅਮ ਠੀਕ ਕਰਨ ਲਈ 1350 ਕਰੋੜ ਖਰਚ ਕਰਨ ਦਾ ਐਲਾਨ ਕੀਤਾ ਹੈ। ਪਰ ਅਧਿਕਾਰੀਆਂ ਨੂੰ ਲੱਗਦਾ ਹੈ ਕਿ ਜਲਦੀ ਸੁਧਾਰ ਨਹੀਂ ਆਵੇਗਾ। ਗੈਂਗਸਟਰਾਂ ਦੀ ਵਸੂਲੀ ਅਤੇ ਵਿਦੇਸ਼ੀ ਨੈੱਟਵਰਕ ਅਜੇ ਵੀ ਮੌਜੂਦ ਹਨ। ਕਬੱਡੀ ਨੂੰ ਵਾਪਸ ਉਸ ਪੁਰਾਣੇ ਰੂਪ ਵਿੱਚ ਲਿਆਉਣ ਲਈ ਮਜ਼ਬੂਤ ਨਿਯਮ, ਰਜਿਸਟ੍ਰੇਸ਼ਨ ਅਤੇ ਪੁਲਿਸ ਨਿਗਰਾਨੀ ਦੀ ਲੋੜ ਹੈ। ਨਹੀਂ ਤਾਂ ਇਹ ਖੇਡ, ਜੋ ਕਦੇ ਨਸ਼ੇ ਵਿਰੋਧੀ ਸੀ, ਹੁਣ ਨਸ਼ੇ ਅਤੇ ਖੂਨ-ਖਰਾਬੇ ਦਾ ਹਿੱਸਾ ਬਣ ਜਾਵੇਗੀ। ਪੰਜਾਬ ਦੇ ਨੌਜਵਾਨਾਂ ਦੇ ਸੁਪਨੇ ਫਿਰ ਤੋਂ ਮਿੱਟੀ ਨਾਲ ਜੁੜਨ ਲਈ ਇਹ ਮੈਦਾਨ ਸਾਫ਼ ਹੋਣੇ ਚਾਹੀਦੇ ਹਨ, ਨਾ ਕਿ ਗੋਲੀਆਂ ਦੀ ਦਹਿਸ਼ਤ ਨਾਲ ਜੁੜੇ।

# 80 ਸਾਲਾਂ ਬਾਅਦ ਲਾਹੌਰ ਦੇ ਗੁਰਦੁਆਰਾ ਸਾਹਿਬ 'ਚ ਹੋਈ ਅਰਦਾਸ

ਲਾਹੌਰ/ਏ.ਟੀ.ਨਿਊਜ਼: ਲਾਹੌਰ ਦੇ ਮਾਲ ਰੋਡ ਸਥਿਤ ਐਚਿਸਨ ਕਾਲਜ ਕੰਪਲੈਕਸ ਵਿੱਚ ਸਥਿਤ ਪੁਰਾਤਨ ਗੁਰਦੁਆਰਾ ਸਾਹਿਬ ਵਿੱਚ 80 ਸਾਲਾਂ ਬਾਅਦ ਪਿਛਲੇ ਦਿਨੀਂ ਇੱਕ ਇਤਿਹਾਸਕ ਅਤੇ ਭਾਵਨਾਤਮਕ ਸਿੱਖ ਸ਼ਬਦ ਕੀਰਤਨ ਕਰਵਾਇਆ ਅਤੇ ਅਰਦਾਸ ਕੀਤੀ ਗਈ। ਇਸ ਧਾਰਮਿਕ ਅਤੇ ਮਾਣਮੱਤੇ ਮੌਕੇ 'ਤੇ ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਸਮੇਤ ਸਥਾਨਕ ਸਿੱਖ ਸੰਗਤ ਅਤੇ ਹੋਰ ਪ੍ਰਮੁੱਖ ਹਸਤੀਆਂ ਹਾਜ਼ਰ ਸਨ।





ਇਹ ਜਾਣਕਾਰੀ ਦਿੰਦਿਆਂ ਡਾ. ਤਰੁਣਜੀਤ ਸਿੰਘ ਬੁਤਾਲੀਆ, ਜਿਨ੍ਹਾਂ ਨੇ ਕਾਲਜ ਪ੍ਰਬੰਧਕਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਕਰਵਾਇਆ, ਨੇ ਦਸਿਆ ਕਿ ਸਥਾਨਕ ਰਾਗੀ ਜਥੇ ਵਿੱਚ ਸ਼ਾਮਲ ਹਰਵਿੰਦਰ ਸਿੰਘ, ਅਕਸ਼ੈਦੀਪ ਸਿੰਘ ਅਤੇ ਦਲੀਪ ਸਿੰਘ ਵੱਲੋਂ ਗੁਰਬਾਣੀ ਦੇ ਪਵਿੱਤਰ ਸ਼ਬਦਾਂ ਦਾ ਰਸ-ਭਿੰਨਾ ਕੀਰਤਨ ਸਰਵਣ ਕਰਵਾਇਆ ਗਿਆ। ਉਨ੍ਹਾਂ ਅੱਗੇ ਦਸਿਆ ਕਿ ਸਾਲ 1947 ਤੋਂ ਬਾਅਦ ਸਿੱਖ ਵਿਦਿਆਰਥੀਆਂ ਦੀ ਕਮੀ ਕਾਰਨ ਇਹ ਗੁਰਦੁਆਰਾ ਸਾਹਿਬ ਬੰਦ ਹੋ ਗਿਆ ਸੀ ਪਰ ਇਸ ਦੀ ਦੇਖਭਾਲ ਕਾਲਜ ਪ੍ਰਸ਼ਾਸਨ ਵਲੋਂ ਨਿਰੰਤਰ ਕੀਤੀ ਜਾਂਦੀ ਰਹੀ।

ਇਹ ਵਿਸ਼ੇਸ਼ ਸ਼ਬਦ ਕੀਰਤਨ ਕਾਲਜ ਦੀ 140ਵੀਂ ਵਰ੍ਹੇਗੰਢ ਦੇ ਸਬੰਧ ਵਿੱਚ ਆਯੋਜਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਕਾਲਜ ਦੀ ਨੀਂਹ 3 ਨਵੰਬਰ 1886 ਨੂੰ ਅਣਵੰਡੇ ਪੰਜਾਬ ਦੇ ਸ਼ਾਹੀ ਅਤੇ ਪ੍ਰਮੁੱਖ ਪ੍ਰਵਾਰਾਂ ਨੂੰ ਉੱਚ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਰੱਖੀ ਗਈ ਸੀ। ਰਿਕਾਰਡ ਅਨੁਸਾਰ ਐਚਿਸਨ ਦੇ ਗੁਰਦੁਆਰਾ ਸਾਹਿਬ ਦਾ ਡਿਜ਼ਾਈਨ ਤੱਤਕਾਲੀਨ ਮੇਯੋ ਸਕੂਲ ਆਫ਼ ਆਰਟਸ (ਮੌਜੂਦਾ ਨੈਸ਼ਨਲ ਕਾਲਜ ਆਫ਼ ਆਰਟਸ) ਦੇ ਪ੍ਰਸਿੱਧ ਸਿੱਖ ਵਾਸਤੂਕਾਰ ਸਰਦਾਰ ਰਾਮ ਸਿੰਘ ਵੱਲੋਂ ਤਿਆਰ ਕੀਤਾ ਗਿਆ ਸੀ।ਡਾ. ਬੁਤਾਲੀਆ ਨੇ ਦਸਿਆ ਕਿ ਗੁਰਦੁਆਰਾ ਸਾਹਿਬ ਦੀ ਨੀਂਹ 1910 ਵਿੱਚ ਪਟਿਆਲਾ ਦੇ ਮਹਾਰਾਜਾ ਭੂਪਿੰਦਰ ਸਿੰਘ ਵੱਲੋਂ ਰੱਖੀ ਗਈ ਸੀ। ਉਹ ਖ਼ੁਦ 1904 ਤੋਂ 1908 ਤੱਕ ਇਸ ਕਾਲਜ ਦੇ ਵਿਦਿਆਰਥੀ ਵੀ ਰਹੇ ਸਨ। ਇਸ ਤੋਂ ਅਗਲੇ ਦੋ ਸਾਲਾਂ ਵਿੱਚ ਗੁਰਦੁਆਰਾ ਭਵਨ ਦਾ ਨਿਰਮਾਣ ਪੂਰਾ ਹੋ ਗਿਆ ਅਤੇ ਇਸ ਨੂੰ ਇਕ ਸਰਗਰਮ ਧਾਰਮਿਕ ਸਥਾਨ ਵਜੋਂ ਸਮਰਪਿਤ ਕੀਤਾ ਗਿਆ ਜਿਥੇ ਸਿੱਖ ਵਿਦਿਆਰਥੀ ਰੋਜ਼ਾਨਾ ਸ਼ਾਮ ਨੂੰ ਸ਼ਬਦ ਕੀਰਤਨ ਅਤੇ ਅਰਦਾਸ ਵਿਚ ਹਿੱਸਾ ਲੈਂਦੇ ਸਨ।

## ਕੈਨੇਡਾ 'ਚ ਸਿੱਖਾਂ ਨੇ ਵਪਾਰ ਤੇ ਰਾਜਨੀਤੀ ਵਿੱਚ ਹਾਸਲ ਕੀਤੇ ਉੱਚੇ ਮੁਕਾਮ : ਧਾਮੀ

### ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਆਏ ਕੈਨੇਡਾ ਦੇ ਤਿੰਨ ਸੰਸਦ ਮੈਂਬਰਾਂ ਦਾ ਸ਼੍ਰੋਮਣੀ ਕਮੇਟੀ ਵੱਲੋਂ ਸਨਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਕੈਨੇਡਾ ਦੇ ਮੈਂਬਰ ਪਾਰਲੀਮੈਂਟ ਸਰਦਾਰ ਜਸਰਾਜ ਸਿੰਘ, ਅਮਨਪ੍ਰੀਤ ਸਿੰਘ ਗਿੱਲ ਅਤੇ ਦਲਵਿੰਦਰ ਸਿੰਘ ਗਿੱਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ।



ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸਰਦਾਰ ਕੁਲਵੰਤ ਸਿੰਘ ਮੰਨਣ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿੱਚ ਸੰਸਦ ਮੈਂਬਰਾਂ ਅਤੇ ਉਨ੍ਹਾਂ ਦੇ ਨਾਲ ਆਏ ਸੀਨੀਅਰ ਪੱਤਰਕਾਰ ਸੁਖਜਿੰਦਰ ਸਿੰਘ ਚੋਹਲਾ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਇਹ ਬਖਸ਼ਿਸ਼ ਦਿੱਤੀ ਹੈ ਕਿ ਉਹ ਜਿੱਥੇ ਵੀ ਰਹਿਣ, ਸਰਬੱਤ ਦੇ ਭਲੇ ਲਈ ਕੰਮ ਕਰਨ। ਕੈਨੇਡਾ ਦੀ ਧਰਤੀ 'ਤੇ ਵੀ ਸਿੱਖਾਂ (ਬਾਕੀ ਸਫ਼ਾ 26 'ਤੇ)

## ਸਿਕਲੀਗਰ ਸਿੱਖ ਸਮਾਜ ਦਾ ਅਹਿਮ ਅੰਗ: ਮਹਿਤਾ

### ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਦੀਆਂ ਫੀਸਾਂ ਲਈ 43 ਲੱਖ ਰੁਪਏ ਜਾਰੀ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਂਧਰਾ ਪ੍ਰਦੇਸ਼ ਦੇ ਵਿਸ਼ਾਖਾਪਟਨਮ ਤੇ ਵਿਜੇਵਾੜਾ ਅੰਦਰ ਸਿਕਲੀਗਰ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ਼ ਦੀਆਂ ਫੀਸਾਂ ਲਈ 43 ਲੱਖ 3 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤਹਿਤ ਇਹ ਸਹਾਇਤਾ ਰਾਸ਼ੀ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਪੜ੍ਹਦੇ ਸਿਕਲੀਗਰ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿੱਚ ਸਕੂਲਾਂ ਨੂੰ ਸੌਂਪੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਵਿਦਿਅਕ ਸਾਲ 2024-25 ਤੇ 2025-26 ਦੀਆਂ ਫੀਸਾਂ ਭੇਜੀਆਂ ਗਈਆਂ ਹਨ।

ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਵੱਖ ਵੱਖ ਸੂਬਿਆਂ ਅੰਦਰ ਵੱਸਦੇ ਸਿਕਲੀਗਰ ਸਿੱਖ ਸਮਾਜ ਦਾ ਅਹਿਮ ਅੰਗ ਹਨ (ਬਾਕੀ ਸਫ਼ਾ 26 'ਤੇ)

## ਹੋਲਾ-ਮਹੱਲਾ ਦੌਰਾਨ ਸ਼ਰਧਾਲੂਆਂ ਲਈ ਮੁਹੱਈਆ ਕਰਵਾਏ ਜਾਣਗੇ ਟੈਂਟ ਸਿਟੀ, ਟਰਾਲੀ ਸਿਟੀ ਅਤੇ ਈ-ਰਿਕਸ਼ਾ

### ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ 'ਚ ਸਾਫ਼-ਸਫ਼ਾਈ, ਪੀਣ ਵਾਲਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਸੁਚਾਰੂ ਆਵਾਜਾਈ, ਸੁਰੱਖਿਆ, ਸਿਹਤ ਸਹੂਲਤਾਂ ਦੇ ਕੀਤੇ ਜਾਣਗੇ ਵਿਸ਼ੇਸ਼ ਪ੍ਰਬੰਧ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼: ਦੇਸ਼-ਵਿਦੇਸ਼ ਤੋਂ ਹੋਲਾ-ਮਹੱਲਾ 2026 ਮਨਾਉਣ ਲਈ ਲੱਖਾਂ ਦੀ ਤਾਦਾਦ ਵਿੱਚ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਲਈ ਪੁਖ਼ਤਾ ਪ੍ਰਬੰਧ ਯਕੀਨੀ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਵਾਰ ਸੰਗਤਾਂ ਦੀ ਸਹੂਲਤ ਲਈ ਮੇਲਾ ਖੇਤਰ ਵਿੱਚ ਟੈਂਟ ਸਿਟੀ, ਟਰਾਲੀ ਸਿਟੀ, ਈ-ਰਿਕਸ਼ਾ ਵਿਵਸਥਿਤ ਢੰਗ ਨਾਲ ਮੁਹੱਈਆ ਕਰਵਾਏ ਜਾ ਰਹੇ ਹਨ। ਹੋਲਾ-ਮਹੱਲਾ ਨੂੰ ਲੈ ਕੇ ਬੀਤੇ ਦਿਨ ਸਮੂਹ ਵਿਭਾਗਾਂ ਦੇ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਅਦਿੱਤਿਆ ਡਚਲਵਾਲ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸਰਾਵਾਂ ਹੋਣ ਦੇ ਨਾਲ-ਨਾਲ ਸ਼ਰਧਾਲੂਆਂ ਨੂੰ ਰਹਿਣ ਵਿੱਚ ਇਕ ਸਥਾਈ ਟੈਂਟ ਸਿਟੀ ਅਤੇ ਟਰਾਲੀ ਸਿਟੀ ਸਥਾਪਤ ਕੀਤੀ ਜਾ ਰਹੀ ਹੈ, ਜੋ ਆਪਣੇ ਆਪ ਵਿੱਚ ਵਿਲੱਖਣ ਹੋਵੇਗੀ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਵੱਡੀ ਗਿਣਤੀ



ਵਿੱਚ ਆਉਣ ਵਾਲੇ ਵਾਹਨਾਂ ਲਈ ਸੁਚੱਜੇ ਢੰਗ ਨਾਲ ਵੱਡੀਆ ਪਾਰਕਿੰਗਾਂ ਦਾ ਇੰਤਜਾਮ ਮੁਕੰਮਲ ਕੀਤਾ ਜਾਵੇ, ਜਿੱਥੇ ਸ਼ਰਧਾਲੂਆਂ ਦੀ ਸਹੂਲਤ ਲਈ ਹੈਲਪ ਡੈਸਕ ਅਤੇ ਹੋਰ ਸੂਚਨਾ ਮੁਹੱਈਆ ਕਰਵਾਉਣ ਦਾ ਪ੍ਰਬੰਧ ਯਕੀਨੀ ਕੀਤਾ ਜਾਵੇ ਅਤੇ ਪਾਰਕਿੰਗਾਂ ਵਿੱਚ ਈ ਰਿਕਸ਼ਾ, ਸ਼ਟਲ ਬੱਸ ਸਰਵਿਸ, ਪੀਣ ਵਾਲਾ ਪਾਣੀ, ਰੌਸ਼ਨੀ ਅਤੇ ਪਖਾਨੇ ਅਤੇ ਹੋਰ ਪ੍ਰਬੰਧ ਵੀ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਸ਼ਰਧਾਲੂਆਂ ਨੂੰ ਮੇਲਾ ਖੇਤਰ ਬਾਰੇ ਸਮੁੱਚੀ ਜਾਣਕਾਰੀ ਦੇਣ ਲਈ 20 ਐੱਲ.ਈ.ਡੀ. ਸਕਰੀਨ ਲਗਾਈਆਂ ਜਾਣਗੀਆਂ, ਜਿੱਥੇ ਪਬਲਿਕ ਐਡਰੈਸ ਸਿਸਟਮ ਵੀ ਸਥਾਪਿਤ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਵਿੱਚ ਸਾਫ਼-ਸਫ਼ਾਈ, ਪੀਣ ਵਾਲਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਸੁਚਾਰੂ ਆਵਾਜਾਈ, ਸੁਰੱਖਿਆਂ, ਸਿਹਤ ਸਹੂਲਤਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। (ਬਾਕੀ ਸਫ਼ਾ 26 'ਤੇ)

### ਸ੍ਰੀ ਆਨੰਦਪੁਰ ਸਾਹਿਬ ਵਿਖੇ 27 ਤੋਂ ਹੋਣਗੇ ਸਮਾਗਮ ਸ਼ੁਰੂ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼: ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲਾਨਾ ਜੋੜ ਮੇਲਾ 'ਹੋਲਾ-ਮਹੱਲਾ' ਇਸ ਵਾਰ 27 ਫਰਵਰੀ ਤੋਂ 3 ਮਾਰਚ ਤੱਕ ਬੜੀ ਸ਼ਰਧਾ 'ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਵਾਰ ਮਿਲ ਕੇ ਪ੍ਰਬੰਧਾਂ ਨੂੰ ਨੇਪਰੇ ਚਾੜ੍ਹਨ ਲਈ ਜੁਟੀਆਂ ਹੋਈਆਂ ਹਨ। ਖ਼ਾਸ ਗੱਲ ਇਹ ਹੈ ਕਿ ਇਸ ਵਾਰ ਵੀ ਧਾਰਮਿਕ ਸਮਾਗਮਾਂ ਨੂੰ ਸਿਆਸਤ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਇੱਕ ਉੱਚ ਪੱਧਰੀ (ਬਾਕੀ ਸਫ਼ਾ 26 'ਤੇ)

## ਲੋਨਾਵਾਲਾ 'ਚ ਸਿੱਖ ਭਰਾਵਾਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ





ਲੋਨਾਵਾਲਾ /ਏ.ਟੀ.ਨਿਊਜ਼: ਲੋਨਾਵਾਲਾ ਵਿੱਚ ਦੋ ਸਿੱਖ ਭਰਾਵਾਂ 'ਤੇ ਹਾਲ ਹੀ ਵਿੱਚ ਹੋਏ ਹਮਲੇ ਨੇ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਦੀ ਮੰਗ ਨੂੰ ਜਨਮ ਦਿੱਤਾ ਹੈ, ਭਾਈਚਾਰੇ ਦੇ ਪ੍ਰਤੀਨਿਧੀਆਂ ਨੇ ਮਾਮਲੇ ਵਿੱਚ ਦਾਇਰ ਗੰਭੀਰ ਦੋਸ਼ਾਂ 'ਤੇ ਸਵਾਲ ਉਠਾਏ ਹਨ ਅਤੇ ਮਹਾਰਾਸ਼ਟਰ ਸਰਕਾਰ ਨੂੰ ਪੱਖਪਾਤ ਤੋਂ ਬਿਨਾਂ ਨਿਆਂ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

ਮਹਾਯੁਤੀ ਗਠਜੋੜ ਦੇ ਇੱਕ ਕੋਆਰਡੀਨੇਟਰ ਗੁਰਜੋਤ ਸਿੰਘ ਦੁਆਰਾ ਸਾਂਝੇ ਕੀਤੇ ਗਏ ਵੇਰਵਿਆਂ ਦੇ ਅਨੁਸਾਰ, ਇਸ ਘਟਨਾ ਵਿੱਚ ਪੁਣੇ ਦੇ ਨੇੜੇ ਰਹਿਣ ਵਾਲੇ ਭਰਾ ਆਕਾਸ਼ਦੀਪ ਸਿੰਘ ਅਤੇ ਨਵਦੀਪ ਸਿੰਘ ਸ਼ਾਮਲ ਸਨ, ਜਿਨ੍ਹਾਂ 'ਤੇ ਇੱਕ ਮਾਮੂਲੀ ਝਗੜੇ ਤੋਂ ਬਾਅਦ 10 ਤੋਂ 15 ਸਥਾਨਕ ਪਿੰਡ ਵਾਸੀਆਂ ਦੇ ਇੱਕ ਸਮੂਹ ਦੁਆਰਾ ਕਥਿਤ ਤੌਰ 'ਤੇ ਹਮਲਾ ਕੀਤਾ ਗਿਆ ਸੀ। ਕੋਆਰਡੀਨੇਟਰ ਨੇ ਇਸ ਘਟਨਾ ਨੂੰ 'ਬਹੁਤ ਪਰੇਸ਼ਾਨ ਕਰਨ ਵਾਲਾ' ਦੱਸਿਆ ਅਤੇ ਕਿਹਾ ਕਿ ਮਾਮੂਲੀ ਮੁੱਦਿਆਂ 'ਤੇ ਹਿੰਸਾ ਦਾ ਇੱਕ ਸੱਭਿਅਕ ਸਮਾਜ ਵਿੱਚ ਕੋਈ ਸਥਾਨ ਨਹੀਂ ਹੈ।

ਹਾਲਾਂਕਿ, ਉਸ ਨੇ ਪੁਲਿਸ ਕਾਰਵਾਈ 'ਤੇ ਚਿੰਤਾ ਪ੍ਰਗਟ ਕੀਤੀ, ਇਹ ਕਹਿੰਦੇ ਹੋਏ ਕਿ ਕਥਿਤ ਤੌਰ 'ਤੇ ਦੋਵਾਂ ਭਰਾਵਾਂ 'ਤੇ ਕਤਲ ਦੀ ਕੋਸ਼ਿਸ਼ ਵਰਗੇ ਗੰਭੀਰ ਦੋਸ਼ ਲਗਾਏ ਗਏ ਸਨ, ਜਿਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਹ ਆਪਣੀ ਅਤੇ ਆਪਣੀ ਭੈਣ ਦੀ ਰੱਖਿਆ ਲਈ ਸਵੈ-ਰੱਖਿਆ ਵਿੱਚ ਕੰਮ ਕਰ ਰਹੇ ਸਨ।

ਉਸਨੇ ਇਹ ਵੀ ਸਵਾਲ ਕੀਤਾ ਕਿ ਕੀ ਉਨ੍ਹਾਂ ਲੋਕਾਂ 'ਤੇ ਵੀ ਇਸੇ ਤਰ੍ਹਾਂ ਦੇ ਸਖ਼ਤ ਦੋਸ਼ ਲਗਾਏ ਗਏ ਹਨ ਜਿਨ੍ਹਾਂ ਨੇ ਕਥਿਤ ਤੌਰ 'ਤੇ ਹਮਲਾ ਸ਼ੁਰੂ ਕੀਤਾ ਸੀ, ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨਿਆਂ ਸੰਤੁਲਿਤ ਹੋਣਾ ਚਾਹੀਦਾ ਹੈ ਅਤੇ ਧਾਰਨਾ ਦੀ ਬਜਾਏ ਤੱਥਾਂ 'ਤੇ ਅਧਾਰਿਤ ਹੋਣਾ ਚਾਹੀਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਕੈਂਸਰ ਦਾ ਕਹਿਰ

ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਇੱਕ ਪਾਸੇ ਪੰਜਾਬ ਨੂੰ 'ਸਿਹਤਮੰਦ ਸੂਬਾ' ਬਣਾਉਣ ਦੇ ਵੱਡੇ- ਵੱਡੇ ਦਾਅਵੇ ਕਰ ਰਹੀ ਹੈ, ਪਰ ਦੂਜੇ ਪਾਸੇ ਕੈਂਸਰ ਅਤੇ ਹੋਰ ਬਿਮਾਰੀਆਂ ਪੰਜਾਬ ਵਿੱਚ ਆਪਣਾ ਭਿਆਨਕ ਰੂਪ ਦਿਖਾ ਰਹੀਆਂ ਹਨ। ਲੰਘੇ ਦਿਨੀਂ ਕੇਂਦਰੀ ਸਿਹਤ ਮੰਤਰੀ ਵੱਲੋਂ ਰਾਜ ਸਭਾ ਵਿੱਚ ਕੈਂਸਰ ਬਾਰੇ ਪੇਸ਼ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ ਸਾਲ 2025 ਦੌਰਾਨ ਪੰਜਾਬ ਵਿੱਚ ਲਗਭਗ 2700 ਔਰਤਾਂ ਦੀ ਮੌਤ ਦਾ ਕਾਰਨ ਕੈਂਸਰ ਦੱਸਿਆ ਗਿਆ ਹੈ। ਅੰਕੜੇ ਦੱਸਦੇ ਹਨ ਕਿ ਪੰਜਾਬ ਵਿੱਚ ਰੋਜ਼ਾਨਾ ਔਸਤਨ 8 ਔਰਤਾਂ ਕੈਂਸਰ ਨਾਲ ਜਾਨ ਗੁਆ ਰਹੀਆਂ ਹਨ। ਕੇਂਦਰੀ ਮੰਤਰੀ ਵੱਲੋਂ ਪੇਸ਼ ਰਿਪੋਰਟ ਮੁਤਾਬਕ ਸਾਲ 2021 ਤੋਂ ਲੈ ਕੇ ਸਾਲ 2025 ਤੱਕ ਕੁੱਲ 13,299 ਔਰਤਾਂ ਦੀ ਮੌਤ ਦਾ ਕਾਰਨ ਕੈਂਸਰ ਦੱਸਿਆ ਗਿਆ ਹੈ। ਇਨ੍ਹਾਂ ਅੰਕੜਿਆਂ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਭ ਤੋਂ ਵੱਧ ਮੌਤਾਂ ਛਾਤੀ ਦੇ ਕੈਂਸਰ ਨਾਲ ਹੋਈਆਂ ਹਨ, ਜਿਨ੍ਹਾਂ ਦੀ ਗਿਣਤੀ 7,186 ਦੱਸੀ ਗਈ ਹੈ। ਇਸ ਤੋਂ ਬਾਅਦ ਸਰਵਾਈਕਲ ਕੈਂਸਰ ਨਾਲ 3,502 ਅਤੇ ਬੱਚੇਦਾਨੀ ਦੇ ਕੈਂਸਰ ਨਾਲ 2,611 ਔਰਤਾਂ ਦੀ ਮੌਤ ਦਰਜ ਕੀਤੀ ਗਈ ਹੈ। ਚਿੰਤਾ ਦੀ ਗੱਲ ਇਹ ਹੈ ਕਿ ਇਸ ਰਿਪੋਰਟ ਮੁਤਾਬਿਕ 50 ਤੋਂ 56 ਸਾਲ ਦੀ ਉਮਰ ਵਰਗ ਵਿੱਚ ਵੀ ਕੈਂਸਰ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ।

ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਕੈਂਸਰ ਆਖਿਰ ਹੁੰਦਾ ਕੀ ਹੈ ? ਕੈਂਸਰ ਤੋਂ ਭਾਵ ਹੈ ਸਾਡੇ ਸਰੀਰ ਦੇ ਸੈੱਲਾਂ ਦਾ ਅਨਿਸ਼ਚਿਤ ਰੂਪ 'ਚ ਵਧਣਾ। ਬੇਸ਼ੱਕ ਹਰ ਪਲ ਸਾਡੇ ਸਰੀਰ ਦੇ ਸੈੱਲ ਟੁੱਟਦੇ ਤੇ ਬਣਦੇ ਹਨ ਪਰ ਜਦੋਂ ਕਿਸੇ ਹਿੱਸੇ 'ਚ ਸਰੀਰਕ ਸੈੱਲਾਂ ਦਾ ਵਧਣਾ ਇੱਕ ਅਨਿਸ਼ਚਿਤ ਰੂਪ ਧਾਰਨ ਕਰ ਲਵੇ ਤਾਂ ਉਸ ਨੂੰ ਕੈਂਸਰ ਕਹਿੰਦੇ ਹਨ, ਜੋ ਹੌਲੀ-ਹੌਲੀ ਆਲੇ-ਦੁਆਲੇ ਦੇ ਸੈੱਲਾਂ ਨੂੰ ਜਾਂ ਅੰਗਾਂ ਨੂੰ ਆਪਣੀ ਲਪੇਟ 'ਚ ਲੈ ਲੈਂਦਾ ਹੈ, ਜਿਸ ਨੂੰ ਅਸੀਂ ਆਮ ਤੌਰ 'ਤੇ 'ਕੈਂਸਰ ਫੈਲ ਗਿਆ' ਕਹਿੰਦੇ ਹਾਂ।

ਖੇਤੀ ਦੇ ਉਦਯੋਗੀਕਰਨ, ਮਸ਼ੀਨੀਕਰਨ ਅਤੇ ਰਸਾਇਣੀਕਰਨ ਕਾਰਨ ਮਨੁੱਖੀ ਜੀਵਨ ਲਈ ਵੱਡਾ ਖ਼ਤਰਾ ਪੈਦਾ ਹੋਇਆ ਹੈ। ਇਹ ਸਾਰੇ ਤੱਤ ਹਵਾ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਕਰ ਰਹੇ ਹਨ। ਮਨੁੱਖ ਦੀਆਂ ਕਦੇ ਨਾ ਖ਼ਤਮ ਹੋਣ ਵਾਲੀਆਂ ਲੋੜਾਂ ਨੇ ਇਸ ਤੱਥ ਨੂੰ ਵਿਸਾਰ ਦਿੱਤਾ ਹੈ ਕਿ ਸ਼ੁੱਧ ਹਵਾ, ਪਾਣੀ ਅਤੇ ਸ਼ੁੱਧ ਭੋਜਨ ਤੋਂ ਬਿਨਾਂ ਮਨੁੱਖੀ ਜੀਵਨ ਨਹੀਂ ਚੱਲ ਸਕਦਾ। ਮਨੁੱਖ ਦੁਆਰਾ ਕੁਦਰਤੀ ਨਿਯਮਾਂ ਵਿੱਚ ਕੀਤੀ ਅਣਚਾਹੀ ਦਖ਼ਲ-ਅੰਦਾਜ਼ੀ ਕਾਰਨ ਅੱਜ ਮਨੁੱਖ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦਾ ਸਾਹਮਣਾ ਕਰ ਰਿਹਾ ਹੈ। ਇਸੇ ਕਾਰਨ ਹਰੇ-ਭਰੇ ਖੇਤਾਂ ਨਾਲ ਲਹਿਰਾਉਂਦੇ ਪੰਜਾਬ ਨੂੰ ਕੈਂਸਰ ਵਰਗੀ ਜਾਨਲੇਵਾ ਬਿਮਾਰੀ ਨੇ ਜਕੜ ਲਿਆ ਹੈ। ਪੰਜਾਬ ਦੇ ਮਾਲਵਾ ਖ਼ਿੱਤੇ 'ਚ ਕੈਂਸਰ ਨੇ ਏਨੇ ਵਿਆਪਕ ਪੱਧਰ 'ਤੇ ਪੈਰ ਪਸਾਰੇ ਹਨ ਕਿ ਇਸ ਨੂੰ ਕੈਂਸਰ ਦਾ ਖਿੱਤਾ ਕਿਹਾ ਜਾਣ ਲੱਗਾ ਹੈ। ਮਾਲਵੇ ਤੋਂ ਬਾਅਦ ਕੈਂਸਰ ਹੁਣ ਦੋਆਬਾ ਅਤੇ ਮਾਝਾ ਵਿੱਚ ਵੀ ਫੈਲ ਰਿਹਾ ਹੈ, ਜਿਸ ਦਾ ਸਬੂਤ ਇਹਨਾਂ ਇਲਾਕਿਆਂ ਵਿੱਚ ਕੈਂਸਰ ਦੇ ਵੱਧ ਰਹੇ ਮਰੀਜ਼ਾਂ ਦੀ ਗਿਣਤੀ ਤੋਂ ਮਿਲ ਜਾਂਦਾ ਹੈ।

ਪੰਜਾਬ ਵਿੱਚ ਕੈਂਸਰ ਦਾ ਕਹਿਰ ਲਗਾਤਾਰ ਜਾਰੀ ਹੈ। ਹਾਲਾਤ ਇਹੋ ਜਿਹੇ ਹੋ ਗਏ ਹਨ ਕਿ ਸੂਬੇ 'ਚ ਮੌਜੂਦਾ ਸਮੇਂ 'ਚ ਹਰ ਸਾਲ ਕੈਂਸਰ ਦੇ 7 ਹਜ਼ਾਰ ਤੋਂ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਪੂਰੇ ਦੇਸ਼ 'ਚ ਜਿੱਥੇ ਕੈਂਸਰ ਦੇ 8 ਤੋਂ 10 ਲੱਖ ਨਵੇਂ ਮਾਮਲੇ ਆ ਰਹੇ ਹਨ, ਉੱਥੇ ਹੀ ਪੰਜਾਬ 'ਚ ਇਕ ਲੱਖ ਲੋਕਾਂ 'ਤੇ 90 ਮਰੀਜ਼ ਕੈਂਸਰ ਨਾਲ ਪੀੜਤ ਹਨ। ਨਕਲੀ ਜੀਵਨ ਸ਼ੈਲੀ ਅਤੇ ਫ਼ਸਲਾਂ ਵਿੱਚ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕੈਂਸਰ ਦਾ ਵੱਡਾ ਕਾਰਨ ਬਣ ਰਹੀ ਹੈ। ਸਟੇਟ ਕੈਂਸਰ ਇੰਸਟੀਚਿਊਟ ਅੰਮ੍ਰਿਤਸਰ ਵਿਖੇ ਰੋਜ਼ਾਨਾ 70-80 ਕੈਂਸਰ ਦੇ ਮਰੀਜ਼ਾਂ ਦਾ ਇਲਾਜ ਹੋ ਰਿਹਾ ਹੈ, ਜਦਕਿ ਹਜ਼ਾਰਾਂ ਮਰੀਜ਼ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਜ ਕਰਵਾ ਰਹੇ ਹਨ। ਛੋਟੇ ਬੱਚੇ ਵੀ ਕੈਂਸਰ ਤੋਂ ਪੀੜਤ ਹਨ। ਪੰਜਾਬ ਵਿੱਚ ਹਰ ਸਾਲ 50 ਦੇ ਕਰੀਬ ਬੱਚੇ ਟਿਊਮਰ ਅਤੇ ਬਲੱਡ ਕੈਂਸਰ ਤੋਂ ਪੀੜਤ ਹੁੰਦੇ ਹਨ।

ਪੰਜਾਬ ਵਿੱਚ ਇਸ ਸਮੇਂ ਪ੍ਰਤੀ 1 ਲੱਖ ਲੋਕਾਂ ਵਿੱਚ 90 ਮਰੀਜ਼ ਕੈਂਸਰ ਤੋਂ ਪੀੜਤ ਹਨ। ਨੈਸ਼ਨਲ ਕੈਂਸਰ ਰਜਿਸਟਰੀ ਪ੍ਰੋਗਰਾਮ ਰਿਪੋਰਟ 2020 ਅਨੁਸਾਰ ਪੰਜਾਬ ਵਿੱਚ ਸਾਲ 2020 ਵਿੱਚ ਕੈਂਸਰ ਦੇ ਨਵੇਂ ਕੇਸਾਂ ਦੀ ਅਨੁਮਾਨਿਤ ਗਿਣਤੀ 38,636 ਸੀ, ਜਦੋਂ ਕਿ ਗੁਆਂਢੀ ਸੂਬੇ ਹਰਿਆਣਾ ਵਿੱਚ 29,219 ਅਤੇ ਹਿਮਾਚਲ ਪ੍ਰਦੇਸ਼ ਵਿੱਚ 8,777, ਜਦਕਿ ਚੰਡੀਗੜ੍ਹ ਵਿੱਚ 1,024 ਲੋਕ ਕੈਂਸਰ ਤੋਂ ਪੀੜਤ ਸਨ। ਪਿਛਲੇ 7 ਸਾਲਾਂ ਦੀ ਗੱਲ ਕਰੀਏ ਤਾਂ ਹਰ ਸਾਲ ਔਸਤਨ 7586 ਨਵੇਂ ਕੇਸ ਆ ਰਹੇ ਹਨ। 2019 ਵਿੱਚ ਸਭ ਤੋਂ ਵੱਧ 954 ਮਾਮਲੇ ਅੰਮ੍ਰਿਤਸਰ ਵਿੱਚ ਆਏ। ਦੂਜੇ ਨੰਬਰ 'ਤੇ ਸੰਗਰੂਰ 'ਚ 810, ਤੀਜੇ ਨੰਬਰ 'ਤੇ ਲੁਧਿਆਣਾ 'ਚ 716, ਚੌਥੇ 'ਤੇ ਪਟਿਆਲਾ 'ਚ 667 ਅਤੇ 5ਵੇਂ ਨੰਬਰ 'ਤੇ ਗੁਰਦਾਸਪੁਰ 'ਚ 525 ਮਰੀਜ਼ ਸਾਹਮਣੇ ਆਏ।

ਕੈਂਸਰ ਤੋਂ ਬਚਣ ਲਈ ਮਨੁੱਖਤਾ ਨੂੰ ਆਪਣੀ ਜੀਵਨ ਸ਼ੈਲੀ ਬਦਲਣੀ ਪਵੇਗੀ, ਉਥੇ ਹੀ ਸਰਕਾਰ ਦਾ ਵੀ ਇਹ ਫਰਜ਼ ਬਣਦਾ ਹੈ ਕਿ ਪੰਜਾਬ ਵਿੱਚ ਕੈਂਸਰ ਦੀ ਰੋਕਥਾਮ ਲਈ ਜੈਵਿਕ ਖੇਤੀ ਨੂੰ ਉਤਸ਼ਾਹਿਤ ਕੀਤਾ ਜਾਵੇ, ਕਿਸਾਨਾਂ ਨੂੰ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿਚੋਂ ਬਾਹਰ ਕੱਢਣ ਵਿੱਚ ਮਦਦ ਕੀਤੀ ਜਾਵੇ । ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਘਰਾਂ ਤੋਂ ਇਲਾਵਾ ਸਕੂਲਾਂ ਅਤੇ ਹੋਰ ਜਨਤਕ ਥਾਂਵਾਂ 'ਤੇ ਪੀਣ ਵਾਲਾ ਸਾਫ਼ ਅਤੇ ਫਿਲਟਰ ਕੀਤਾ ਪਾਣੀ ਉਪਲਬਧ ਕਰਵਾਇਆ ਜਾਵੇ। ਉਦਯੋਗਾਂ ਅਤੇ ਵਾਹਨਾਂ ਦੁਆਰਾ ਫੈਲਾਏ ਜਾ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਸਖ਼ਤ ਮਾਪ-ਦੰਡ ਤੈਅ ਕੀਤੇ ਜਾਣ, ਪਿੰਡਾਂ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਨੂੰ ਕੈਂਸਰ ਦੇ ਸ਼ੁਰੂਆਤੀ ਲੱਛਣਾਂ ਤੋਂ ਜਾਣੂ ਕਰਵਾਇਆ ਜਾਵੇ। ਸਿਹਤ ਮਾਹਿਰਾਂ ਵੱਲੋਂ ਕੈਂਸਰ ਤੋਂ ਬਚਣ ਲਈ ਬਾਜ਼ਾਰੀ ਭੋਜਨ ਛੱਡ ਕੇ ਸਾਦਾ ਭੋਜਨ ਖਾਣ, ਸਾਫ਼ ਪਾਣੀ ਪੀਣ, ਤੰਬਾਕੂਨੋਸ਼ੀ ਬੰਦ ਕਰਨ, ਰੋਜ਼ਾਨਾ ਕਸਰਤ ਕਰਨ, ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਆਦਿ ਦੀ ਸਲਾਹ ਦਿੱਤੀ ਜਾਂਦੀ ਹੈ ।

# ਸੰਸਾਰ ਪਰਵਾਸ ਸੰਕਟ ਦੇ ਬੁਨਿਆਦੀ ਕਾਰਨ



ਮਨਦੀਪ

ਕੌਮਾਂਤਰੀ ਪੱਧਰ 'ਤੇ ਆਰਥਿਕ ਸੰਕਟ ਦੇ ਹਾਲਾਤ ਕਾਰਨ ਸਾਰੇ ਦੇਸ਼ਾਂ 'ਚ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਗੰਭੀਰ ਮੁੱਦਾ ਹੈ। ਰੁਜ਼ਗਾਰ ਪ੍ਰਾਪਤੀ ਲਈ ਨੌਜਵਾਨ ਸਰਹੱਦਾਂ ਪਾਰ ਕਰ ਕੇ ਦੂਜੇ ਦੇਸ਼ਾਂ, ਵਿਸ਼ੇਸ਼ ਕਰ ਵਿਕਸਤ ਦੇਸ਼ਾਂ ਵੱਲ ਜਾ ਰਹੇ ਹਨ ਪਰ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਇਹ ਸਮੱਸਿਆ ਪਰਵਾਸੀਆਂ ਸਿਰ ਮੜ੍ਹ ਕੇ ਜਨੂੰਨ ਭੜਕਾ ਰਹੀਆਂ ਹਨ। ਇਸ ਜਨੂੰਨ ਤੋਂ ਕੋਈ ਵੀ ਦੇਸ਼ ਬਚਿਆ ਨਹੀਂ; ਕੈਨੇਡਾ, ਬਰਤਾਨੀਆ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਅੰਦਰ ਹਾਲਾਤ ਗੰਭੀਰ ਹਨ।

ਪੰਜਾਬ ਤੋਂ ਲੈ ਕੇ ਅਮਰੀਕਾ ਤੱਕ ਅੰਤਰ-ਰਾਜੀ ਅਤੇ ਅੰਤਰ-ਰਾਸ਼ਟਰੀ ਪਰਵਾਸ ਦਾ ਮੁੱਦਾ ਭਖਿਆ ਹੋਇਆ ਹੈ। ਚੁਣੌਤੀਆਂ 'ਚ ਘਿਰੀ ਸੰਸਾਰ ਸਾਮਰਾਜੀ ਆਰਥਿਕਤਾ ਕਾਰਨ ਸੰਸਾਰ ਤਾਕਤਾਂ ਵਿਚਕਾਰ ਸੰਤੁਲਨ ਵਿਗੜ ਰਹੇ ਹਨ ਜਿਸ ਨਾਲ ਵਸੋਂ ਬਣਤਰ ਦੀਆਂ ਚੂਲਾਂ ਵੀ ਹਿੱਲ ਰਹੀਆਂ ਹਨ। ਵਿਕਸਤ ਮੁਲਕ ਆਪਣੀਆਂ ਆਵਾਸ ਨੀਤੀਆਂ ਬਦਲ ਕੇ ਪਰਵਾਸੀਆਂ ਨਾਲ ਸਖਤਾਈ, ਵਿਤਕਰੇ ਤੇ ਨਸਲਪ੍ਰਸਤੀ ਦੀ ਭਾਵਨਾ ਨਾਲ ਪੇਸ਼ ਆ ਰਹੇ ਹਨ। ਪਰਵਾਸੀ ਅਤੇ ਸਥਾਨਕ ਕਾਮਿਆਂ ਵਿਚਕਾਰ ਲਕੀਰ ਖਿੱਚਣ ਲਈ ਤੱਥਹੀਣ ਦੁਰਪ੍ਰਚਾਰ ਕੀਤਾ ਜਾ ਰਿਹਾ ਹੈ। ਜਦੋਂ ਮਨੁੱਖੀ ਸੁਰੱਖਿਆ ਨਾਲੋਂ ਸਰਹੱਦੀ ਸੁਰੱਖਿਆ ਵੱਧ ਜ਼ਰੂਰੀ ਹੋ ਰਹੀ ਹੋਵੇ ਤਦ ਮਨੁੱਖੀ ਕਿਰਤ ਸ਼ਕਤੀ ਦੇ ਪਰਵਾਸ ਲਈ ਜ਼ਿੰਮੇਵਾਰ ਮੂਲ ਕਾਰਕਾਂ ਨੂੰ ਸਮਝਣਾ ਜ਼ਰੂਰੀ ਹੈ।

ਹਜ਼ਾਰਾਂ ਸਾਲਾਂ ਤੋਂ ਮਨੁੱਖ ਨੇ ਭੋਜਨ ਤੇ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰਦਿਆਂ ਧਰਤੀ ਦੇ ਵੱਖ-ਵੱਖ ਭਾਗਾਂ ਵਿੱਚ ਡੇਰੇ ਲਾਏ ਹਨ। ਧਰਤੀ ਦੇ ਹਰ ਕੋਨੇ ਵਿੱਚ ਵਸਦੀ ਅਜੋਕੀ ਸਮੁੱਚੀ ਮਨੁੱਖੀ ਵਸੋਂ ਪਰਵਾਸ ਅਤੇ ਬੰਦੋਬਸਤ ਦਾ ਨਤੀਜਾ ਹੈ। ਧਰਤੀ ਦੇ ਨਕਸ਼ੇ ਉੱਤੇ ਉੱਕਰੀਆਂ ਲਕੀਰਾਂ, ਸਰਹੱਦੀ ਵਾੜਾਂ, ਰਾਸ਼ਟਰੀ ਦਾਅਵੇਦਾਰੀਆਂ ਤੇ ਮੂਲਨਿਵਾਸੀ ਹੋਣ ਦੇ ਸੰਕਲਪ ਮਨੁੱਖ ਸਿਰਜਿਤ ਹਨ। ਪਰਵਾਸ ਮਨੁੱਖ ਦਾ ਵਿਅਕਤੀਗਤ ਜਮਹੂਰੀ ਹੱਕ ਹੈ ਤੇ ਹਰ ਮਨੁੱਖ ਨੂੰ ਦੁਨੀਆ ਦੇਖਣ ਦਾ ਸੁਤੰਤਰ ਤੇ ਸਮਾਨ ਅਧਿਕਾਰ ਹੈ ਪਰ ਸੰਸਾਰ ਉੱਤੇ ਕਾਬਜ਼ ਤਾਕਤਾਂ ਮਨੁੱਖੀ ਵਸੋਂ ਨੂੰ ਆਪਣੇ ਮੁਨਾਫੇ ਦੇ ਵਾਧੇ ਲਈ ਸਸਤੀ ਕਿਰਤ ਸ਼ਕਤੀ ਵਜੋਂ ਵਰਤਣ ਲਈ ਉਹਨਾਂ ਦੀ ਵਸੋਂ ਬਣਤਰ ਨੂੰ ਆਪਣੇ ਹਿੱਤਾਂ ਮੁਤਾਬਕ ਪ੍ਰਭਾਵਿਤ ਕਰਦੀਆਂ ਹਨ।



ਗੁਲਾਮੀ ਦੇ ਟਾਪੂਆਂ ਵਜੋਂ ਸਾਹਮਣੇ ਆਏ 'ਫਾਈਵ ਆਈਜ਼' ਮੁਲਕਾਂ ਵਿੱਚ ਖਾਸਕਰ ਤੇ ਪੂਰੀ ਦੁਨੀਆਂ 'ਚ ਆਮ ਤੌਰ 'ਤੇ ਪਰਵਾਸੀਆਂ ਪ੍ਰਤੀ ਨਫਰਤ ਦਾ ਜੋ ਮਾਹੌਲ ਸਿਰਜਿਆ ਜਾ ਰਿਹਾ ਹੈ, ਉਹ ਇਹਨਾਂ ਤਾਕਤਾਂ ਦੇ ਆਰਥਿਕ-ਸਿਆਸੀ ਹਿੱਤਾਂ 'ਚੋਂ ਨਿਕਲਿਆ ਹੈ। ਸੰਸਾਰ ਭਰ 'ਚ ਪਰਵਾਸੀ ਵਿਰੋਧੀ ਹਕੂਮਤੀ ਦਾਅਵਿਆਂ ਦਾ ਤਰਕ ਲੱਗਭੱਗ ਇਕੋ ਜਿਹਾ ਹੈ। ਪਹਿਲਾ ਤਰਕ ਇਹ ਦਿੱਤਾ ਜਾਂਦਾ ਕਿ ਪਰਵਾਸੀ ਵਸੋਂ ਦਾ ਵਾਧਾ, ਸਥਾਨਕ ਕਾਮਿਆਂ ਦੀਆਂ ਨੌਕਰੀਆਂ ਖੋਹ ਰਿਹਾ ਹੈ, ਉਜਰਤਾਂ ਵੀ ਘਟਾਉਂਦਾ ਹੈ ਤੇ ਇਹ ਮੂਲ ਵਾਸੀਆਂ ਲਈ ਰਿਹਾਇਸ਼ੀ ਘਰਾਂ ਦੀ ਘਾਟ ਅਤੇ ਗਰੀਬੀ ਦਾ ਕਾਰਨ ਬਣਦਾ ਹੈ। ਹਕੀਕਤ ਇਹ ਹੈ ਕਿ ਪੂੰਜੀਵਾਦੀ ਦੇਸ਼ ਖੁਦ ਆਪਣੇ ਦੇਸ਼ਾਂ ਦੇ ਸਥਾਨਕ ਕਾਮਿਆਂ ਦੀਆਂ ਉਜਰਤਾਂ ਘਟਾਉਣ, ਉਹਨਾਂ ਦੀ ਜੱਥੇਬੰਦਕ ਤਾਕਤ ਕਮਜ਼ੋਰ ਕਰਨ ਅਤੇ ਆਪਣੇ ਮੁਨਾਫਿਆਂ ਦੀਆਂ ਦਰਾਂ ਉੱਚੀਆਂ ਚੁੱਕਣ ਲਈ ਪਹਿਲਾਂ ਸਸਤੀ ਕਿਰਤ ਸ਼ਕਤੀ ਵਜੋਂ ਗੈਰ-ਜਥੇਬੰਦ ਪਰਵਾਸੀ ਕਾਮਿਆਂ ਦੀ ਵਾਫਰ ਰਿਜ਼ਰਵ ਫੌਜ ਵਿੱਚ ਵਾਧੇ ਦੀਆਂ ਨੀਤੀਆਂ ਅਪਣਾਉਂਦੇ ਹਨ, ਫਿਰ ਇਹਨਾਂ ਮੁਲਕਾਂ ਅੰਦਰ ਪੈਦਾ ਹੋਣ ਵਾਲੀ ਬੇਰੁਜ਼ਗਾਰੀ, ਆਰਥਿਕ ਗਤੀ ਧੀਮੀ ਹੋਣ ਅਤੇ ਕਿਰਤੀਆਂ ਦੁਆਰਾ ਆਪਣੇ ਹੱਕਾਂ ਲਈ ਇਕੱਠੇ ਹੋਣ ਦੀ ਹਾਲਤ ਵਿੱਚ ਪਰਵਾਸੀ ਵਸੋਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਸਾਮਰਾਜੀ ਮੁਲਕਾਂ ਦੇ ਸਰਕਾਰੀ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਕੱਚੇ ਤੇ ਗੈਰ-ਕਾਨੂੰਨੀ ਪਰਵਾਸੀ ਉਹਨਾਂ ਦੀ ਆਰਥਿਕਤਾ ਲਈ ਰੱਬੀ ਦਾਤ ਵਾਂਗ ਹਨ। ਵਿਕਸਿਤ ਮੁਲਕਾਂ ਵਿੱਚ ਪਰਵਾਸੀਆਂ ਦੀ ਸਸਤੀ ਕਿਰਤ ਸ਼ਕਤੀ ਕਾਰਨ ਇਹਨਾਂ ਦੇਸ਼ਾਂ ਦੀ ਆਰਥਿਕ ਮਜ਼ਬੂਤੀ, ਖੇਤੀਬਾੜੀ ਤੇ ਸਨਅਤੀ ਉਤਪਾਦਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਦਾ ਸਿੱਧਾ ਲਾਹਾ ਵੱਡੀਆਂ ਕਾਰਪੋਰੇਸ਼ਨਾਂ ਨੂੰ ਹੁੰਦਾ ਹੈ। ਆਬਾਦੀ ਦਾ ਵਾਧਾ ਗਲੋਬਲ ਪੱਧਰ 'ਤੇ ਕਾਮਿਆਂ ਦੀ ਬੇਦਰੇਗ ਲੁੱਟ ਲਗਾਤਾਰ ਵਧਾਉਂਦਾ ਰਿਹਾ ਹੈ। ਮੋੜਵੇਂ ਰੂਪ ਵਿੱਚ ਸਾਮਰਾਜੀ ਮੁਲਕਾਂ ਵਿੱਚ ਸਸਤੀ ਕਿਰਤ ਸ਼ਕਤੀ ਰਾਹੀਂ ਤਿਆਰ ਕੀਤਾ ਜਾਂਦਾ ਮਾਲ ਸੰਸਾਰ ਮੰਡੀ, ਖਾਸਕਰ ਤੀਜੀ ਦੁਨੀਆ ਦੇ ਉਹਨਾਂ ਮੁਲਕਾਂ ਵਿੱਚੋਂ ਮੁਨਾਫੇ ਹੂੰਝਣ ਦਾ ਕੰਮ ਕਰਦਾ ਹੈ ਜਿਹਨਾਂ ਦੇ ਕੁਦਰਤੀ ਤੇ ਮਨੁੱਖੀ ਕਿਰਤ ਸ਼ਕਤੀ ਦੇ ਸ੍ਰੋਤਾਂ ਦੀ ਵਰਤੋਂ ਪੂੰਜੀਵਾਦੀ ਮੁਲਕਾਂ ਦੁਆਰਾ ਕੀਤੀ ਜਾਂਦੀ ਹੈ। ਲੁੱਟ ਦੇ ਇਸ ਤੰਤਰ ਨੂੰ ਕੱਜਣ ਲਈ ਅਠਾਰਵੀਂ ਸਦੀ ਦੇ ਬੁਰਜੂਆ ਅਰਥਸ਼ਾਸਤਰੀ ਥੌਮਸ ਮਾਲਥਸ ਦੇ ਵਸੋਂ ਦੇ ਵਾਧੇ ਦੇ ਉਸ ਬਦਨਾਮ ਸਿਧਾਂਤ ਦਾ ਆਸਰਾ ਲਿਆ ਜਾਂਦਾ ਹੈ ਜਿਸ ਮੁਤਾਬਿਕ ਵਸੋਂ ਦਾ ਵਾਧਾ, ਉਤਪਾਦਨ ਦੀ ਗਤੀ ਨਾਲੋਂ ਤੇਜ਼ ਵਧਣ ਕਾਰਨ ਸਮਾਜਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਬਹਾਨੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਰਿਹਾਇਸ਼ੀ ਘਰਾਂ ਦੀ ਕਿੱਲਤ, ਅਪਰਾਧ ਆਦਿ ਅਲਾਮਤਾਂ ਲਈ ਵਧਦੀ ਵਸੋਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਹਾਲਾਂਕਿ ਇਹਨਾਂ ਅਲਾਮਤਾਂ ਦਾ ਕਾਰਨ ਪੈਦਾਵਾਰ ਉੱਤੇ ਅਜਾਰੇਦਾਰੀ ਤੇ ਸਾਮਰਾਜੀ ਆਰਥਿਕ-ਸਿਆਸੀ ਨੀਤੀਆਂ ਹਨ। ਰਿਹਾਇਸ਼ੀ ਘਰਾਂ ਦੀ ਥੁੜ੍ਹ ਕਾਰਪੋਰੇਟ ਮਾਲਕਾਂ ਦੀ ਰੀਅਲ ਅਸਟੇਟ ਉੱਤੇ ਕਾਰਪੋਰੇਟ ਅਜਾਰੇਦਾਰੀ ਕਰ ਕੇ ਹੈ ਅਤੇ ਨੌਕਰੀਆਂ ਉੱਤੇ ਕੱਟ ਨਵਉਦਾਰਵਾਦੀ ਨੀਤੀਆਂ ਤਹਿਤ ਲਾਗਤਾਂ ਘਟਾਉਣ ਤੇ ਮੁਨਾਫੇ ਵਧਾਉਣ ਲਈ ਲਾਏ ਜਾਂਦੇ ਹਨ।


ਦੂਸਰਾ ਤਰਕ ਇਹ ਹੈ ਕਿ ਪਰਵਾਸੀ ਕਿਸੇ ਵੀ ਦੇਸ਼ ਦੀ ਰਾਸ਼ਟਰੀ ਪਛਾਣ ਲਈ ਖਤਰਾ ਬਣ ਸਕਦੇ ਹਨ ਤੇ ਉਸ ਦੇਸ਼ ਦੀ ਆਰਥਿਕਤਾ ਉੱਤੇ ਬੋਝ ਬਣਦੇ ਹਨ। ਇਹ ਦੋਸ਼ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਤੇ ਕੈਨੇਡਾ-ਅਮਰੀਕਾ ਵਿੱਚ ਦੱਖਣੀ ਏਸ਼ਿਆਈ ਭਾਈਚਾਰਿਆਂ ਉੱਤੇ ਅਕਸਰ ਲਾਇਆ ਜਾਂਦਾ ਹੈ। ਹਕੀਕਤ ਇਹ ਹੈ ਕਿ ਪਰਵਾਸੀਆਂ ਦੀ ਆਮਦ ਨਾਲ ਉਸ ਦੇਸ਼ ਦੀ ਆਰਥਿਕਤਾ ਤੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ; ਇਹੀ ਨਹੀਂ, ਉਸ ਦੇਸ਼ ਦੇ ਸੱਭਿਆਚਾਰ, ਧਰਮ, ਭਾਸ਼ਾ ਆਦਿ ਨੂੰ ਸਥਾਈ ਪਰਵਾਸੀ ਪਰਿਵਾਰ ਹੌਲੀ-ਹੌਲੀ ਗ੍ਰਹਿਣ ਕਰ ਲੈਂਦੇ ਹਨ ਜਿਸ ਨਾਲ ਕੌਮਾਂਤਰੀ ਭਾਈਚਾਰਾ, ਸੱਭਿਆਚਾਰਕ ਸਹਿਣਸ਼ੀਲਤਾ ਤੇ ਨਸਲੀ ਵਖਰੇਵੇਂ ਘਟਣ ਲੱਗਦੇ ਹਨ। ਇਸ ਦੇ ਉਲਟ ਹਕੂਮਤੀ ਤਾਕਤਾਂ ਵੱਖ-ਵੱਖ ਕੌਮੀ ਭਾਈਚਾਰਿਆਂ ਨੂੰ ਧਰਮ, ਨਸਲ, ਭਾਸ਼ਾ ਤੇ ਪਛਾਣ ਦੇ ਆਧਾਰ 'ਤੇ ਵੰਡਣ ਤੇ ਨਫਰਤ ਪੈਦਾ ਕਰਨ ਦਾ ਕੰਮ ਕਰਦੀਆਂ ਹਨ। ਦੁਨੀਆ ਵਿੱਚ ਜੇ ਹੁਣ ਤੱਕ ਕਿਸੇ ਰਾਸ਼ਟਰੀ ਪਛਾਣ ਨੂੰ ਖਤਰਾ ਖੜ੍ਹਾ ਹੋਇਆ ਹੈ ਤਾਂ ਉਹ ਆਮ ਪਰਵਾਸੀ ਕਾਮਿਆਂ ਕਰ ਕੇ ਨਹੀਂ ਬਲਕਿ ਸਾਮਰਾਜੀ ਤੇ ਨਸਲੀ ਤਾਕਤਾਂ ਕਰ ਕੇ ਖੜ੍ਹਾ ਹੋਇਆ ਹੈ; ਮਸਲਨ, ਫਲਸਤੀਨ ਦੀ ਧਰਤੀ ਉੱਤੇ ਪਰਵਾਸ ਕਰ ਕੇ ਆਏ ਯਹੂਦੀਆਂ ਨੇ ਫਲਸਤੀਨ ਦੀ ਕੌਮੀ ਖੁਦਮੁਖਤਾਰੀ ਲਈ ਖਤਰਾ ਪੈਦਾ ਨਹੀਂ ਕੀਤਾ ਬਲਕਿ ਸਾਮਰਾਜੀ ਤਾਕਤਾਂ ਦੇ ਇਸ਼ਾਰੇ ਉੱਤੇ ਨਸਲਵਾਦੀ ਇਜ਼ਰਾਇਲੀ ਸਟੇਟ ਦੁਆਰਾ ਯੋਜਨਾਬੱਧ ਢੰਗ ਨਾਲ ਫਲਸਤੀਨੀਆਂ ਦੀ ਹੋਂਦ ਖਤਮ ਕੀਤੀ ਜਾ ਰਹੀ ਹੈ।

ਆਮ ਤੌਰ 'ਤੇ ਘੱਟ ਵਿਕਸਤ ਇਲਾਕਿਆਂ ਜਾਂ ਮੁਲਕਾਂ ਤੋਂ ਵਿਕਸਤ ਇਲਾਕਿਆਂ ਜਾਂ ਮੁਲਕਾਂ ਵੱਲ ਪਰਵਾਸ ਹੁੰਦਾ ਹੈ। ਇਸ ਦਾ ਕਾਰਨ ਸਾਮਰਾਜੀ ਪ੍ਰਬੰਧ ਅਧੀਨ ਅਸਾਵਾਂ ਵਿਕਾਸ ਹੈ। ਕੌਮਾਂਤਰੀ ਪੱਧਰ 'ਤੇ ਸੰਸਾਰ ਤਾਕਤਾਂ ਵਿਚਕਾਰ ਧਰੁਵੀਕਰਨ ਵਧਣ ਨਾਲ ਗਲੋਬਲ ਮਜ਼ਦੂਰ ਜਮਾਤ ਵਿੱਚ ਵੰਡ ਵੀ ਵਧ ਰਹੀ ਹੈ। ਦਿਨ-ਬ-ਦਿਨ ਸੰਸਾਰ ਦੀ ਕੁੱਲ ਧਨ-ਦੌਲਤ ਦਾ ਵੱਡਾ ਹਿੱਸਾ ਗਲੋਬਲ ਅਮੀਰਾਂ ਕੋਲ ਜਾ ਰਿਹਾ ਹੈ। ਇਸ ਸਮੇਂ ਘੱਟ ਉਜਰਤਾਂ ਉੱਤੇ ਕੰਮ ਕਰਨ ਵਾਲੀ ਸਭ ਤੋਂ ਵੱਧ ਸਸਤੀ ਕਿਰਤ ਸ਼ਕਤੀ ਤੀਜੀ ਦੁਨੀਆ ਵਿੱਚ ਹੈ। ਤੀਜੀ ਦੁਨੀਆ ਦੇ ਇਹਨਾਂ ਮੁਲਕਾਂ 'ਚ ਖੇਤੀਬਾੜੀ ਖੇਤਰ ਵਿੱਚੋਂ ਵਿਹਲੀ ਹੋ ਰਹੀ ਆਬਾਦੀ ਸ਼ਹਿਰਾਂ, ਮਹਾਂਨਗਰਾਂ ਤੇ ਵਿਦੇਸ਼ਾਂ ਵੱਲ ਪਰਵਾਸ ਕਰ ਰਹੀ ਹੈ। ਸਾਮਰਾਜੀ ਜੰਗਾਂ, ਸਰਹੱਦੀ ਝਗੜਿਆਂ, ਕੁਦਰਤੀ ਆਫਤਾਂ, ਬੇਰੁਜ਼ਗਾਰੀ ਆਦਿ ਦੇ ਉਜਾੜੇ ਕਾਰਨ ਸ਼ਰਨਾਰਥੀਆਂ ਤੇ ਪਰਵਾਸੀਆਂ ਦਾ ਵਹਾਅ ਚੰਗੀਆਂ ਆਰਥਿਕਤਾਵਾਂ ਵਾਲੇ ਮੁਲਕਾਂ ਵੱਲ ਹੋ ਰਿਹਾ ਹੈ।

ਮਨੁੱਖ ਸੰਸਾਰ ਦਾ ਬਾਸ਼ਿੰਦਾ ਹੈ, ਉਸ ਲਈ ਹੱਦਾਂ-ਸਰਹੱਦਾਂ ਤੇ ਵੀਜ਼ਾ ਬੰਦਿਸ਼ਾਂ ਦੀ ਥਾਂ ਖੁੱਲ੍ਹੀਆਂ ਸਰਹੱਦਾਂ ਅਤੇ ਹਰੇਕ ਲਈ ਦਰਜੇ ਦਾ ਪ੍ਰਬੰਧ ਹੋਣ ਨਾਲ ਹੀ ਅਸਲ ਅਰਥਾਂ ਵਿੱਚ ਬਰਾਬਰ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ ਜਾ ਸਕਦੀ ਹੈ। ਹਰੇਕ ਲਈ ਭੇਦਭਾਵ ਰਹਿਤ ਕਾਨੂੰਨੀ ਰੁਤਬੇ ਦਾ ਅਧਿਕਾਰ ਜ਼ਰੂਰੀ ਹੈ। ਪਰਵਾਸ ਸੰਕਟ ਪੂੰਜੀਵਾਦੀ ਸੰਕਟ ਦਾ ਇਜ਼ਹਾਰ ਹੈ ਜੋ ਪੂੰਜੀਵਾਦੀ ਪ੍ਰਬੰਧ ਦੇ ਖਾਤਮੇ ਨਾਲ ਹੀ ਖਤਮ ਹੋ ਸਕਦਾ ਹੈ।

# ਪੰਜਾਬ ਲਈ ਫਾਇਦੇਮੰਦ ਰਹੇਗਾ ਭਾਰਤ-ਯੂਰਪੀਅਨ ਯੂਨੀਅਨ ਵਪਾਰ ਸਮਝੌਤਾ





ਡਾ. ਅੰਮ੍ਰਿਤ ਸਾਗਰ ਮਿੱਤਲ

ਭਾਰਤ ਯੂਰਪੀਅਨ ਯੂਨੀਅਨ ਮੁਕਤ ਵਪਾਰ ਸਮਝੌਤਾ (ਐਫ.ਟੀ.ਏ.) ਸਿਰਫ਼ ਇੱਕ ਵਪਾਰਕ ਕਰਾਰ ਨਹੀਂ ਹੈ ਇਹ ਭਾਰਤ ਦੀ ਮਜ਼ਦੂਰ-ਕੇਂਦਰਿਤ ਉਦਯੋਗਿਕ ਅਰਥਵਿਵਸਥਾ ਲਈ ਇੱਕ ਰਣਨੀਤਕ ਮੋੜ ਸਾਬਤ ਹੋ ਸਕਦਾ ਹੈ। ਯੂਰਪੀਅਨ ਯੂਨੀਅਨ (ਈ.ਯੂ.) ਨੂੰ ਭਾਰਤ ਦੇ ਕੁੱਲ ਨਿਰਯਾਤ ਦਾ 17.3 ਫ਼ੀਸਦੀ ਹਿੱਸਾ ਜਾ ਰਿਹਾ ਹੈ ਅਤੇ ਈ.ਯੂ. ਭਾਰਤ ਲਈ ਸਭ ਤੋਂ ਮਹੱਤਵਪੂਰਨ ਉੱਚ-ਮੁੱਲ ਨਿਰਯਾਤ ਮੰਜ਼ਿਲ ਵਜੋਂ ਉੱਭਰ ਕੇ ਸਾਹਮਣੇ ਆਇਆ ਹੈ। ਪੰਜਾਬ ਲਈ ਇਸ ਸਮਝੌਤੇ ਦਾ ਸਮਾਂ ਇਸ ਤੋਂ ਵੱਧ ਢੁਕਵਾਂ ਨਹੀਂ ਹੋ ਸਕਦਾ, ਜਦੋਂ ਪੰਜਾਬ ਦੇ ਹੁਨਰ-ਆਧਾਰਿਤ ਤੇ ਪੈਮਾਨੇ-ਆਧਾਰਿਤ ਉਦਯੋਗਿਕ ਕਲੱਸਟਰ ਇਸ ਵਧ ਰਹੇ ਵਪਾਰਕ ਗਲਿਆਰੇ ਨਾਲ ਸੰਰਚਨਾਤਮਿਕ ਤੌਰ 'ਤੇ ਮੇਲ ਖਾਂਦੇ ਹਨ। ਪੰਜਾਬ ਜ਼ਮੀਨੀ ਤੌਰ 'ਤੇ ਸਮੁੰਦਰ ਤੋਂ ਦੂਰ ਹੋਣ ਦੇ ਬਾਵਜੂਦ ਪਹਿਲਾਂ ਹੀ ਈ.ਯੂ. ਨਾਲ ਹੋ ਰਹੇ ਵਪਾਰ ਵਿੱਚ ਆਪਣੀ ਹੈਸੀਅਤ ਤੋਂ ਕਈ ਗੁਣਾ ਵੱਧ ਯੋਗਦਾਨ ਪਾ ਰਿਹਾ ਹੈ। ਇੰਜੀਨੀਅਰਿੰਗ ਸਾਮਾਨ, ਟੈਕਸਟਾਈਲ ਤੇ ਰੈਡੀਮੇਡ ਕੱਪੜੇ, ਖੇਡ ਸਾਮਾਨ, ਖੇਤੀਬਾੜੀ ਤੇ ਸੰਬੰਧਿਤ ਉਤਪਾਦਾਂ ਤੇ ਚਮੜਾ ਨਿਰਮਾਣ 'ਚ ਪੰਜਾਬ ਭਾਰਤੀ ਨਿਰਯਾਤ 'ਚ ਭਰਵਾਂ ਯੋਗਦਾਨ ਪਾਉਂਦਾ ਹੈ ਉਹ ਵੀ ਉਨ੍ਹਾਂ ਖੰਡਾਂ ਵਿੱਚ ਜਿੱਥੇ ਟੈਰਿਫ਼ ਸੰਵੇਦਨਸ਼ੀਲਤਾ ਸਭ ਤੋਂ ਵੱਧ ਤੇ ਮਜ਼ਦੂਰ-ਆਧਾਰਿਤ ਉਤਪਾਦਨ ਸਭ ਤੋਂ ਡੂੰਘਾ ਹੈ। ਇਹੀ ਕਾਰਨ ਹੈ ਕਿ ਭਾਰਤ ਈ.ਯੂ. ਐਫ਼.ਟੀ.ਏ. ਪੰਜਾਬ ਲਈ ਸਿਰਫ਼ ਨਿਰਯਾਤ ਵਧਾਉਣ ਦਾ ਸਾਧਨ ਨਹੀਂ, ਸਗੋਂ ਉਦਯੋਗਿਕ ਪੁਨਰਜਾਗਰਣ, ਵੱਡੇ ਪੱਧਰ 'ਤੇ ਰੁਜ਼ਗਾਰ ਸਿਰਜਣਾ ਤੇ ਲਾਗਤ-ਕੇਂਦਰਿਤ ਉਤਪਾਦਨ ਤੋਂ ਮੁੱਲ-ਕੇਂਦਰਿਤ ਗਲੋਬਲ ਏਕੀਕਰਨ ਵੱਲ ਦੇਰ ਨਾਲ ਆਈ, ਪਰ ਲਾਜ਼ਮੀ ਤਬਦੀਲੀ ਦਾ ਉਤਪ੍ਰੇਰਕ ਬਣ ਸਕਦਾ ਹੈ।

**ਇੰਜੀਨੀਅਰਿੰਗ ਸਾਮਾਨ**

ਈ.ਯੂ. ਵੱਲ ਇੰਜੀਨੀਅਰਿੰਗ ਸਾਮਾਨ ਭਾਰਤ ਦੇ ਨਿਰਯਾਤ ਦੀ ਰੀੜ੍ਹ ਦੀ ਹੱਡੀ ਹੈ, ਜੋ ਵੱਡੀਆਂ ਯੂਰਪੀਅਨ ਅਰਥਵਿਵਸਥਾਵਾਂ ਨੂੰ ਭੇਜੀਆਂ ਜਾਣ ਵਾਲੀਆਂ ਖੇਪਾਂ ਦਾ 22 ਫ਼ੀਸਦੀ ਬਣਦਾ ਹੈ। ਲੁਧਿਆਣਾ ਤੇ ਜਲੰਧਰ ਦੇ ਕਲੱਸਟਰ ਇਸ ਸ਼੍ਰੇਣੀ 'ਚ ਭਾਰਤ ਦੇ 16.7 ਅਰਬ ਡਾਲਰ ਦੇ ਨਿਰਯਾਤ 'ਚ ਲਗਭਗ 13 ਫ਼ੀਸਦੀ ਦਾ ਯੋਗਦਾਨ ਪਾਉਂਦੇ ਹਨ। ਇਤਿਹਾਸਕ ਤੌਰ 'ਤੇ 18 ਤੋਂ 22 ਫ਼ੀਸਦੀ ਤੱਕ ਦੇ ਈ.ਯੂ. ਟੈਰਿਫ਼ਾਂ ਨੇ ਪੰਜਾਬ ਦੀਆਂ ਐਮ.ਐੱਸ.ਐਮ.ਈ-ਕੇਂਦਰਿਤ ਇੰਜੀਨੀਅਰਿੰਗ ਫ਼ਰਮਾਂ ਦੀ ਮੁਕਾਬਲੇਦਾਰੀ ਘਟਾ ਦਿੱਤੀ ਸੀ, ਜੋ ਸਾਈਕਲ ਪੁਰਜ਼ੇ (ਭਾਰਤ ਦੇ ਕੁੱਲ ਉਤਪਾਦਨ ਦਾ 92 ਫ਼ੀਸਦੀ), ਆਟੋ ਪਾਰਟਸ, ਹੱਥ-ਔਜ਼ਾਰ ਤੇ ਹਲਕੀ ਮਸ਼ੀਨਰੀ ਤਿਆਰ ਕਰਦੀਆਂ ਹਨ। ਐਫ਼.ਟੀ.ਏ. ਤਹਿਤ ਇਹ ਟੈਰਿਫ਼ ਖ਼ਤਮ ਹੋਣ ਨਾਲ ਕੀਮਤਾਂ ਵਾਲੀ ਕਮੀ ਦੂਰ ਹੋ ਜਾਵੇਗੀ। ਹੁਣ ਅਸਲ ਮਕਸਦ ਪ੍ਰਿਸੀਜ਼ਨ ਇੰਜੀਨੀਅਰਿੰਗ, ਪ੍ਰਮਾਣਿਤ ਉਦਯੋਗਿਕ ਕੰਪੋਨੈਂਟ ਤੇ 'ਗ੍ਰੀਨ ਮੈਨੂਫੈਕਚਰਿੰਗ' ਵੱਲ ਅੱਗੇ ਵਧਣਾ ਹੈ, ਉਹ ਹਿੱਸਾ ਜਿੱਥੇ ਯੂਰਪੀਅਨ ਮੰਗ ਲਗਾਤਾਰ ਵਧ ਰਹੀ ਹੈ। ਨਿਸ਼ਾਨਾਬੱਧ ਤਕਨੀਕੀ ਅਪਗ੍ਰੇਡ ਤੇ ਟੈਸਟਿੰਗ ਢਾਂਚੇ ਨਾਲ ਪੰਜਾਬ ਦੇ ਇੰਜੀਨੀਅਰਿੰਗ ਆਧਾਰ ਤੋਂ ਮੱਧ ਸਮੇਂ 'ਚ ਦੋ ਅੰਕੀ ਨਿਰਯਾਤ ਵਾਧਾ ਇੱਕ ਹਕੀਕੀ ਨਤੀਜਾ ਹੋ ਸਕਦਾ ਹੈ।

**ਟੈਕਸਟਾਈਲ ਤੇ ਰੈਡੀਮੇਡ ਕੱਪੜੇ**

ਪੰਜਾਬ ਦਾ ਲੁਧਿਆਣਾ ਤੇ ਫਗਵਾੜਾ ਟੈਕਸਟਾਈਲ ਤੇ ਐਪੈਰਲ (ਕੱਪੜੇ) ਖੇਤਰ 'ਚ ਯੂਰਪ ਨੂੰ ਭੇਜੇ ਜਾਂਦੇ 7.2 ਅਰਬ ਡਾਲਰ ਦੀਆਂ ਟੈਕਸਟਾਈਲ ਖੇਪਾਂ ਦਾ 14 16 ਫ਼ੀਸਦੀ ਤੇ ਰੈਡੀਮੇਡ ਕੱਪੜਿਆਂ ਦਾ 13 15 ਫ਼ੀਸਦੀ ਯੋਗਦਾਨ ਪਾਉਂਦੇ ਹਨ, ਜਿਨ੍ਹਾਂ 'ਚ ਨਿਟਵੇਅਰ, ਹੌਜ਼ਰੀ, ਸਰਦੀ ਦੇ ਕੱਪੜੇ ਤੇ ਸਪੋਰਟਸਵੇਅਰ ਸ਼ਾਮਿਲ ਹਨ। ਹੁਣ ਤੱਕ ਇਨ੍ਹਾਂ 'ਤੇ 12 ਫ਼ੀਸਦੀ ਤੱਕ ਦੇ ਈ.ਯੂ. ਟੈਰਿਫ਼ਾਂ ਕਾਰਨ ਬੰਗਲਾਦੇਸ਼, ਵੀਅਤਨਾਮ ਤੇ ਤੁਰਕੀ ਵਰਗੇ ਮੁਕਾਬਲੇਦਾਰ ਵਧੇਰੇ ਫ਼ਾਇਦੇ 'ਚ ਸਨ, ਪਰ ਇਸ ਐਫ਼.ਟੀ.ਏ. ਹੇਠ ਜ਼ੀਰੋ-ਡਿਊਟੀ ਹੋ ਜਾਣ ਨਾਲ ਮੌਜੂਦਾ ਸਥਿਤੀ ਬਦਲ ਜਾਵੇਗੀ। ਚੀਨ ਦੀ ਯੂਰਪੀ ਕੱਪੜਾ ਨਿਰਯਾਤ 'ਚ ਲਗਭਗ 30 ਫ਼ੀਸਦੀ ਹਿੱਸੇਦਾਰੀ ਹੈ। ਪੰਜਾਬ ਲਈ ਇਹ ਕਰਾਰ ਮਜ਼ਦੂਰ-ਕੇਂਦਰਿਤ ਐਪੈਰਲ ਨਿਰਮਾਣ ਨੂੰ ਦੁਬਾਰਾ ਜਗਾਉਣ ਦਾ ਮੌਕਾ ਖੋਲ੍ਹੇਗਾ, ਬਸ਼ਰਤੇ ਫ਼ਰਮਾਂ ਸਸਟੇਨੇਬਿਲਿਟੀ, ਟਰੇਸਬਿਲਿਟੀ, ਰੀਸਾਈਕਲ ਸਮੱਗਰੀ, ਯਾਰਨ, ਕਪਾਹੀ ਯਾਰਨ ਤੇ ਫਾਸਟ-ਫੈਸ਼ਨ ਐਪੈਰਲ ਸੰਬੰਧੀ ਈ.ਯੂ. ਉਮੀਦਾਂ ਨਾਲ ਮੇਲ ਖਾਂਦੀਆਂ ਹੋਣ।

**ਖੇਡ ਸਾਮਾਨ: ਜਲੰਧਰ ਲਈ ਮੌਕਾ**

ਖੇਡ ਸਾਮਾਨ ਉਦਯੋਗ 'ਚ ਪੰਜਾਬ ਦਾ ਇਕੱਲਾ ਜਲੰਧਰ ਹੀ ਭਾਰਤ ਦੇ ਖੇਡ ਸਾਮਾਨ ਦੇ ਕੁੱਲ ਉਤਪਾਦਨ ਤੇ ਨਿਰਯਾਤ 'ਚ ਲਗਭਗ 70- 75 ਫ਼ੀਸਦੀ ਹਿੱਸਾ ਪਾਉਂਦਾ ਹੈ। ਇਸ ਕਲੱਸਟਰ ਤੋਂ ਯੂਰਪੀਅਨ ਯੂਨੀਅਨ ਵੱਲ ਜਾਣ ਵਾਲੀਆਂ ਖੇਪਾਂ ਦੀ ਸਾਲਾਨਾ ਕੀਮਤ 45 55 ਕਰੋੜ ਡਾਲਰ ਹੈ। ਐਫ਼.ਟੀ.ਏ. ਤਹਿਤ ਤੁਰੰਤ ਡਿਊਟੀ ਖ਼ਤਮ ਹੋਣ ਨਾਲ ਜਦੋਂ ਯੂਰਪ 'ਚ ਫਿਟਨੈੱਸ ਉਪਕਰਨ, ਫੁੱਟਬਾਲ, ਕ੍ਰਿਕਟ ਸਾਮਾਨ ਤੇ ਸੁਰੱਖਿਆਤਮਕ ਖੇਡ ਕੱਪੜਿਆਂ ਦੀ ਮੰਗ ਵਧ ਰਹੀ ਹੈ ਤਾਂ ਪੰਜਾਬ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ। ਇੱਕ ਅਨੁਮਾਨ ਅਨੁਸਾਰ ਅਗਲੇ 5 ਸਾਲਾਂ ਵਿੱਚ ਖੇਡ ਸਾਮਾਨ ਦਾ ਨਿਰਯਾਤ 25 35 ਫ਼ੀਸਦੀ ਤੱਕ ਵਧ ਸਕਦਾ ਹੈ। ਹੁਣ ਪੰਜਾਬ ਨੂੰ ਮਾਰਜਿਨ ਵਾਲੀ ਸਬ-ਕਾਂਟ੍ਰੈਕਟਿੰਗ ਤੋਂ ਬ੍ਰਾਂਡ-ਕੇਂਦਰਿਤ ਨਿਰਯਾਤ ਵੱਲ ਤਵੱਜੋ ਦੇਣੀ ਹੋਵੇਗੀ।

**ਖੇਤੀਬਾੜੀ ਤੇ ਸਬੰਧਿਤ ਉਤਪਾਦ**

ਭਾਰਤ ਵਲੋਂ ਖੇਤੀਬਾੜੀ ਨਾਲ ਸੰਬੰਧਿਤ ਉਤਪਾਦਾਂ ਦਾ ਯੂਰਪੀ ਯੂਨੀਅਨ ਨੂੰ 7.1 ਫ਼ੀਸਦੀ ਨਿਰਯਾਤ ਕੀਤਾ ਜਾਂਦਾ ਹੈ। ਪੰਜਾਬ ਯੂਰਪ ਨੂੰ ਜਾਣ ਵਾਲੇ 1.6 1.9 ਅਰਬ ਡਾਲਰ ਦੇ ਭਾਰਤੀ ਖੇਤੀਬਾੜੀ ਵਪਾਰ ਵਿਚ ਲਗਭਗ 9 11 ਫ਼ੀਸਦੀ ਦਾ ਯੋਗਦਾਨ ਪਾਉਂਦਾ ਹੈ, ਜਿਸ 'ਚ ਬਾਸਮਤੀ ਚੌਲ, ਪ੍ਰੋਸੈਸਡ ਖਾਧ ਪਦਾਰਥ ਤੇ ਸੰਬੰਧਿਤ ਉਤਪਾਦ ਹਨ। ਐਫ਼.ਟੀ.ਏ ਤਹਿਤ ਸੰਵੇਦਨਸ਼ੀਲ ਜਿਣਸਾਂ ਲਈ ਸੁਰੱਖਿਆ ਪ੍ਰਬੰਧ ਬਰਕਰਾਰ ਹਨ, ਹੁਣ ਪੰਜਾਬ ਨੂੰ ਥੋਕ ਅਨਾਜ ਨਿਰਯਾਤ ਤੋਂ ਅੱਗੇ ਵਧ ਕੇ ਬਾਸਮਤੀ ਡੈਰੀਵੇਟਿਵ, ਰੈਡੀ-ਟੂ-ਈਟ ਖਾਧ ਪਦਾਰਥ ਤੇ ਆਰਗੈਨਿਕ ਉਤਪਾਦਾਂ ਵੱਲ ਜਾਣ ਦੀ ਲੋੜ ਹੈ।

**ਚਮੜਾ: ਉੱਚ ਮਿਆਰ, ਉੱਚ ਦਾਅਵਾ**

ਚਮੜਾ ਤੇ ਇਸ ਤੋਂ ਬਣੇ ਉਤਪਾਦਾਂ 'ਚ ਭਾਰਤ ਦਾ ਯੂਰਪੀਅਨ ਯੂਨੀਅਨ ਵੱਲ ਨਿਰਯਾਤ ਸਿਰਫ਼ 2.7 ਫ਼ੀਸਦੀ ਹੈ। ਜਿਸ 'ਚ ਪੰਜਾਬ ਦੇ ਜਲੰਧਰ, ਫਗਵਾੜਾ ਤੇ ਪਟਿਆਲਾ ਲਗਭਗ 70-90 ਕਰੋੜ ਡਾਲਰ ਦਾ ਨਿਰਯਾਤ ਕਰਦੇ ਹਨ, ਜੋ ਭਾਰਤ ਦੇ ਕੁੱਲ ਨਿਰਯਾਤ ਦਾ 7 9 ਫ਼ੀਸਦੀ ਬਣਦਾ ਹੈ। ਟੈਰਿਫ਼ ਖ਼ਤਮ ਹੋਣ ਨਾਲ ਇਸ ਖੇਤਰ 'ਚ ਪੰਜਾਬ ਅੱਗੇ ਵਧ ਸਕਦਾ ਹੈ, ਹਾਲਾਂਕਿ ਈ.ਯੂ. ਦੀਆਂ ਸ਼ਰਤਾਂ ਨੂੰ ਅਪਣਾਉਣਾ ਹੋਵੇਗਾ ਤੇ ਚਮੜਾ ਖੇਤਰ ਦੀਆਂ ਫ਼ਰਮਾਂ ਸਾਫ਼ ਟੈਨਿੰਗ ਤਕਨੀਕਾਂ, ਪਾਣੀ ਰੀਸਾਈਕਲਿੰਗ ਤੇ ਕਾਰਬਨ-ਕੁਸ਼ਲ ਉਤਪਾਦਨ ਵਿੱਚ ਨਿਵੇਸ਼ ਕਰਕੇ ਪ੍ਰੀਮੀਅਮ ਸਥਿਤੀ ਹਾਸਿਲ ਕਰਨਗੀਆਂ।

**ਅੱਗੇ ਦਾ ਰਾਹ**

ਭਾਰਤ ਈ.ਯੂ. ਐਫ਼.ਟੀ.ਏ . ਦੁਨੀਆ ਦੇ ਸਭ ਤੋਂ ਸੁਧਰੇ ਤੇ ਨਿਯਮ-ਕੇਂਦਰਿਤ ਬਾਜ਼ਾਰਾਂ 'ਚੋਂ ਇੱਕ ਹੈ, ਜਿਸ ਦੇ ਦਰਵਾਜ਼ੇ ਪੰਜਾਬ ਲਈ ਖੁੱਲ੍ਹ ਗਏ ਹਨ। ਪਰ ਸਿਰਫ਼ ਤਰਜੀਹੀ ਪਹੁੰਚ ਨਾਲ ਹੀ ਮੁਕਾਬਲੇਬਾਜ਼ੀ ਨਹੀਂ ਆਉਂਦੀ, ਇਸ ਮੌਕੇ ਦਾ ਲਾਭ ਉਠਾਉਣ ਵਾਸਤੇ ਪੰਜਾਬ ਨੂੰ ਇੱਕ ਤੇਜ਼ ਲੰਬੇ ਸਮੇਂ ਦੀ ਨਿਰਯਾਤ ਅਗਵਾਈ ਵਿੱਚ ਬਦਲਣ ਲਈ ਨਿਰਯਾਤ-ਕੇਂਦਰਿਤ ਉਦਯੋਗਿਕ ਨੀਤੀ ਦੀ ਲੋੜ ਹੈ ਜੋ ਵਪਾਰ ਨੂੰ ਨਤੀਜੇ ਵਜੋਂ ਨਹੀਂ, ਸਗੋਂ ਇਕ ਰਣਨੀਤਕ ਉਦੇਸ਼ ਵਜੋਂ ਦੇਖੇ। ਇਸ ਲਈ ਸਭ ਤੋਂ ਪਹਿਲਾ ਧਿਆਨ ਕਲੱਸਟਰ-ਸਤ੍ਹਾ ਤਬਦੀਲੀ ਵੱਲ ਮੋੜਨਾ ਹੋਵੇਗਾ।

ਇੰਜੀਨੀਅਰਿੰਗ, ਟੈਕਸਟਾਈਲ, ਖੇਡ ਸਾਮਾਨ, ਲੈਦਰ ਤੇ ਫੂਡ-ਪ੍ਰੋਸੈਸਿੰਗ ਕਲੱਸਟਰਾਂ ਨੂੰ ਨਿਸ਼ਾਨਾਬੱਧ ਤਕਨੀਕੀ ਅਪਗ੍ਰੇਡ ਦੀ ਲੋੜ ਹੈ ਮਿਆਰੀ ਟੈਸਟਿੰਗ ਸਹੂਲਤਾਂ, ਆਧੁਨਿਕ ਡਿਜ਼ਾਈਨ ਕੇਂਦਰ, ਪਲੱਗ-ਐਂਡ-ਪਲੇ ਉਦਯੋਗਿਕ ਢਾਂਚਾ ਤੇ ਸਸਤੀਆਂ ਗ੍ਰੀਨ ਤਕਨੀਕਾਂ ਤੱਕ ਪਹੁੰਚ ਜ਼ਰੂਰੀ ਹੈ। ਇਸ ਤੋਂ ਬਿਨਾਂ ਪੰਜਾਬ ਦੇ ਸੂਖ਼ਮ, ਛੋਟੇ ਤੇ ਦਰਮਿਆਨੇ ਉਦਯੋਗਾਂ (ਐਮ.ਐੱਸ.ਐਮ.ਈਜ਼) ਲਈ ਗੁਣਵੱਤਾ, ਟ੍ਰੇਸਬਿਲਿਟੀ ਤੇ ਸਸਟੇਨੇਬਿਲਿਟੀ ਸੰਬੰਧੀ ਈ.ਯੂ. ਦੇ ਕਠੋਰ ਮਿਆਰ ਪੂਰੇ ਕਰਨੇ ਮੁਸ਼ਕਿਲ ਹੋਣਗੇ।

(ਬਾਕੀ ਸਫ਼ਾ 27 'ਤੇ)

# ਪੰਜਾਬ ਦੇ ਨਿੱਤ ਵਿਗੜਦੇ ਹਾਲਾਤ ਚਿੰਤਾ ਦਾ ਵਿਸ਼ਾ



ਬਲਬੀਰ ਸਿੰਘ ਰਾਜੇਵਾਲ
ਪ੍ਰਧਾਨ ਬੀ.ਕੇ.ਯੂ.

ਅਗਲੇ ਸਾਲ ਚੜ੍ਹਦੇ ਸਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆ ਰਹੀਆਂ ਹਨ। ਪੰਜਾਬ ਦੀਆਂ ਸਾਰੀਆਂ ਰਾਜਸੀ ਧਿਰਾਂ ਸੱਤਾ ਹਾਸਿਲ ਕਰਨ ਲਈ ਹੁਣੇ ਤੋਂ ਪੱਬਾਂ ਭਾਰ ਹਨ। ਹਰ ਪਾਰਟੀ ਦੇ ਆਗੂ ਆਪੋ-ਆਪਣੇ ਵਿਰੋਧੀਆਂ ਵਿਰੁੱਧ ਤਿੱਖੇ ਬਿਆਨ ਦਾਗ਼ ਰਹੇ ਹਨ। ਲੋਕਾਂ ਲਈ ਵੱਡੀਆਂ-ਵੱਡੀਆਂ ਸਹੂਲਤਾਂ ਅਤੇ ਮੁਆਫ਼ੀਆਂ ਦੇ ਹਰ ਪਾਰਟੀ ਹੁਣੇ ਤੋਂ ਐਲਾਨ ਕਰਨ ਲੱਗੀ ਹੋਈ ਹੈ। ਪਰ ਲੋਕਾਂ ਦੇ ਅਸਲੀ ਮੁੱਦੇ ਗਾਇਬ ਹਨ।

ਪਰ ਪੰਜਾਬ ਦੇ ਨਿੱਤ ਵਿਗੜਦੇ ਹਾਲਾਤ ਸਭ ਲਈ ਚਿੰਤਾ ਦਾ ਵਿਸ਼ਾ ਹਨ। ਹਰ ਰੋਜ਼ ਕਤਲ ਹੁੰਦੇ ਹਨ। ਅਮਨ ਕਾਨੂੰਨ ਪੰਜਾਬ ਵਿਚੋਂ ਖੰਭ ਲਾ ਕੇ ਉੱਡ ਗਿਆ ਹੈ ਹਰ ਰੋਜ਼ ਲੁੱਟਾਂ, ਖੋਹਾਂ, ਫਿਰੌਤੀਆਂ ਸ਼ਰੇਆਮ ਜਬਰੀ ਮੰਗੀਆਂ ਜਾ ਰਹੀਆਂ ਹਨ। ਸਿਆਸੀ ਧਿਰਾਂ ਵੱਲੋਂ ਬੀਤੇ ਸਮੇਂ ਵਿੱਚ ਰੁਜ਼ਗਾਰ ਦੇ ਮੌਕੇ ਨਾ ਪੈਦਾ ਕਰਨ ਕਾਰਨ ਸਾਡੇ ਬੱਚੇ ਲੁੱਟਾਂ ਲਈ ਗਿਰੋਹ ਬਣਾ ਕੇ ਗੈਂਗਸਟਰ ਅਖਵਾਉਣ ਲੱਗੇ ਹਨ। ਇਨ੍ਹਾਂ ਦੇ ਕਈ ਮੁਖੀਆਂ ਨੂੰ ਤਾਂ ਆਪਣੀ ਲੋੜ ਲਈ ਰਾਜਨੇਤਾਵਾਂ ਨੇ ਹੀ ਪਾਲਿਆ ਹੈ। ਹੁਣ ਜਦੋਂ ਉਨ੍ਹਾਂ ਨੇ ਉਨ੍ਹਾਂ ਨੌਜਵਾਨਾਂ ਉੱਤੋਂ ਆਪਣਾ ਹੱਥ ਚੁੱਕ ਲਿਆ ਤਾਂ ਉਹ ਵੱਡੇ ਗਿਰੋਹਾਂ ਦੇ ਸਰਗਣਾ ਬਣ ਗਏ ਹਨ। ਸੱਤਾਧਾਰੀਆਂ ਦੀ ਆਖਰੀ ਵਰ੍ਹੇ ਅੱਖ ਖੁੱਲ੍ਹੀ ਹੈ। ਹੁਣ ਉਹ ਅਪਰੇਸ਼ਨ ਪ੍ਰਹਾਰ ਚਲਾ ਕੇ ਹਜ਼ਾਰਾਂ ਨੌਜੁਆਨਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰ ਰਹੇ ਹਨ। ਇੱਕਾ-ਦੁੱਕਾ ਮੁਕਾਬਲੇ ਵਿੱਚ ਮਾਰੇ ਵੀ ਜਾ ਰਹੇ ਹਨ। ਪੰਜਾਬੀਆਂ ਨੇ 40 ਕੁ ਵਰ੍ਹੇ ਪਹਿਲਾਂ ਵੀ ਅਜਿਹੇ ਦੌਰ ਦਾ ਸੰਤਾਪ ਹੰਡਾਇਆ ਹੈ। ਡਰ ਲਗਦਾ ਹੈ ਕਿ ਕਿਤੇ ਸੱਤਾ ਉੱਤੇ ਕਾਬਜ਼ ਰਹਿਣ ਲਈ ਇਹ ਕਿਤੇ ਪੰਜਾਬ ਵਿਰੁੱਧ ਕੋਈ ਸਾਜਿਸ਼ ਤਾਂ ਨਹੀਂ? ਸੱਤਾ ਧਾਰੀਆਂ ਉੱਤੇ ਸਵਾਲ ਹੈ ਕਿ ਪਿਛਲੇ ਲੰਮੇ ਸਮੇਂ ਵਿੱਚ ਰਾਜ ਵਿੱਚ ਗੈਂਗਸਟਰਵਾਦ ਨੂੰ ਪਨਪਣ ਅਤੇ ਪ੍ਰਫੁੱਲਿਤ ਹੀ ਕਿਉਂ ਹੋਣ ਦਿੱਤਾ ਗਿਆ?

ਪੰਜਾਬ ਵਿੱਚ ਨਸ਼ਿਆਂ ਦਾ ਪ੍ਰਵਾਹ ਵੀਹ ਕੁ ਵਰ੍ਹੇ ਪਹਿਲਾਂ ਸ਼ੁਰੂ ਹੋਇਆ। ਉਸ ਵੇਲੇ ਵੀ ਕੁਝ ਰਾਜਨੇਤਾ ਇਸ ਲਾਅਨਤ ਨੂੰ ਸ਼ਹਿ ਦਿੰਦੇ ਰਹੇ। ਅੱਜ ਪੰਜਾਬ ਵਿੱਚ ਨਸ਼ਿਆਂ ਦਾ ਵਪਾਰ ਸਿਖਰਾਂ ਉੱਤੇ ਹੈ। ਨਸ਼ਿਆਂ ਨੇ ਅਨੇਕਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ ਹਨ। ਘਰਾਂ ਦੇ ਘਰ ਖਾਲੀ ਹੋ ਗਏ ਹਨ। ਸਰਕਾਰ ਲੱਖ ਦਾਅਵੇ ਕਰੇ ਕਿ ਉਸ ਨੇ ਕੁਇੰਟਲਾਂ ਵਿੱਚ ਹੈਰੋਇਨ, ਚਿੱਟਾ ਆਦਿ ਫੜੇ ਹਨ, ਕਰੋੜਾਂ ਰੁਪਏ ਦੀ ਡਰੱਗ ਮਨੀ ਫੜੀ ਹੈ ਪਰ ਨਸ਼ਾ ਬੰਦ ਤਾਂ ਨਹੀਂ ਹੋਇਆ। ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਹਰ ਪਿੰਡ ਵਿੱਚ ਕਿਵੇਂ ਸ਼ਰੇਆਮ ਨਸ਼ਾ ਵਿਕਦਾ ਹੈ। ਲੋਕਾਂ ਦੇ ਹਾਲ ਦੁਹਾਈ ਪਾਉਣ ਦੇ ਬਾਵਜੂਦ ਪੁਲਿਸ ਨਸ਼ਾ ਵੇਚਣ ਵਾਲਿਆਂ ਨੂੰ ਨਹੀਂ ਫੜਦੀ। ਇਹ ਕੰਮ ਪੁਲਿਸ ਨਾਲ ਮਿਲੀਭੁਗਤ ਅਤੇ ਸਿਆਸੀ ਸ਼ਹਿ ਤੋਂ ਬਿਨਾਂ ਨਹੀਂ ਚੱਲ ਸਕਦਾ।

ਪੰਜਾਬ ਵਿੱਚ ਅੱਤਾਂ ਦੀ ਬੇਰੁਜ਼ਗਾਰੀ ਹੈ। ਅੱਜ ਦੇ ਸੱਤਾਧਾਰੀ ਇਸ ਨੂੰ ਖ਼ਤਮ ਕਰਨ ਦੇ ਨਾਅਰੇ ਲਾ ਕੇ ਸੱਤਾ ਉੱਤੇ ਕਾਬਜ਼ ਹੋਏ ਸਨ। ਅੱਜ ਰੁਜ਼ਗਾਰ ਮੰਗਦੇ ਸਾਡੇ ਬੱਚਿਆਂ ਉੱਤੇ ਹਰ ਰੋਜ਼ ਡਾਂਗਾਂ ਵਰਾਈਆਂ ਜਾ ਰਹੀਆਂ ਹਨ।

ਸਰਕਾਰ ਲੱਖ ਦਾਅਵੇ ਕਰੇ ਭ੍ਰਿਸ਼ਟਾਚਾਰ ਪਹਿਲਾਂ ਨਾਲੋਂ ਵੀ ਘੱਟੋ-ਘੱਟ ਦਸ ਗੁਣਾ ਵਧ ਗਿਆ ਹੈ। ਕਿਸੇ ਵੇਲੇ ਲੋਕ ਲਿਹਾਜ ਨਾਲ ਵੀ ਸਰਕਾਰੀ ਦਫ਼ਤਰਾਂ ਵਿਚੋਂ ਕੰਮ ਕਰਵਾ ਲਿਆ ਕਰਦੇ ਸਨ। ਹੁਣ ਤਾਂ ਬਿਨਾਂ ਸੇਵਾ ਕੀਤਿਆਂ ਫਾਈਲ ਅੱਗੇ ਤੁਰਦੀ ਹੀ ਨਹੀਂ। ਬਹੁਤੀ ਥਾਈਂ ਸੱਤਾਧਾਰੀਆਂ ਵੱਲੋਂ ਭ੍ਰਿਸ਼ਟਾਚਾਰ ਵਿਚੋਂ ਹਿੱਸਾ ਬਟੋਰਨ ਦੀ ਚਰਚਾ ਹੁਣ ਆਮ ਸੁਣਨ ਨੂੰ ਮਿਲਦੀ ਹੈ।

ਰੇਤ ਮਾਫ਼ੀਆ ਜਿੰਨਾ ਮਜ਼ਬੂਤ ਮੌਜੂਦਾ ਸੱਤਾਧਾਰੀਆਂ ਦੇ ਸਮੇਂ ਵਿੱਚ ਹੋਇਆ ਹੈ, ਕਦੀ ਸੁਣਿਆ ਵੀ ਨਹੀਂ ਸੀ। ਲੋਕ ਬਹੁਤ ਕੁਝ ਦੇਖਦੇ ਹਨ, ਪ੍ਰੇਸ਼ਾਨ ਵੀ ਹੁੰਦੇ ਹਨ ਪਰ ਸੱਤਾਧਾਰੀ ਡੰਡੇ ਤੋਂ ਡਰਦੇ ਚੁੱਪ ਹਨ। ਜਾਣ ਵੀ ਕਿੱਥੇ? ਵਿਰੋਧੀ ਧਿਰਾਂ ਵੀ ਇਹੋ ਕੁਝ ਕਰਦੀਆਂ ਰਹੀਆਂ ਹਨ। ਲੋਕਾਂ ਨੇ ਸਾਰੀਆਂ ਧਿਰਾਂ ਦੀ ਧੱਕੇਸ਼ਾਹੀ ਆਪਣੇ ਪਿੰਡੇ 'ਤੇ ਹੰਢਾਈ ਹੈ। ਲੋਕ ਵਕਤ ਲੰਘਾਉਣਾ ਸਿੱਖ ਗਏ ਹਨ। ਲੋਕਾਂ ਨੂੰ ਕਿਸੇ 'ਤੇ ਵਿਸ਼ਵਾਸ ਨਹੀਂ। ਸਾਡੇ ਰਾਜਨੇਤਾ ਆਮ ਤੌਰ 'ਤੇ ਲੋਕਾਂ ਦਾ ਵਿਸ਼ਵਾਸ ਗੁਆ ਚੁੱਕੇ ਹਨ। ਹਰ ਚੋਣ ਵਿੱਚ ਲੋਕਾਂ ਨੂੰ ਨਵਾਂ ਤਜਰਬਾ ਹੁੰਦਾ ਹੈ। ਹੁਣ ਮੈਂ ਅਸਲ ਮੁੱਦੇ ਉੱਤੇ ਆਉਂਦਾ ਹਾਂ। ਪਿਛਲੇ ਦਿਨੀਂ ਮੇਰੀ ਸਿਹਤ ਠੀਕ ਨਹੀਂ ਸੀ। ਕਾਫ਼ੀ ਦਿਨ ਹਸਪਤਾਲ ਵੀ ਦਾਖ਼ਲ ਹੋਣਾ ਪਿਆ। ਜਦੋਂ ਥੋੜ੍ਹਾ ਠੀਕ ਹੋਇਆ ਤਾਂ ਡਾਕਟਰਾਂ ਨਾਲ ਅੱਜ ਦੇ ਗੰਭੀਰ ਮੁੱਦੇ ਉੱਤੇ ਚਰਚਾ ਵੀ ਕੀਤੀ। ਬਾਅਦ ਵਿੱਚ ਇਸ ਸੰਬੰਧੀ ਰਿਪੋਰਟਾਂ ਵੀ ਪੜ੍ਹੀਆਂ।

ਗੁਰਬਾਣੀ ਵਿੱਚ ਲਿਖਿਆ ਹੈ, 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।' ਅੱਜ ਸਾਡਾ ਗੁਰੂ ਪਵਣ ਬੁਰੀ ਤਰ੍ਹਾਂ ਪਲੀਤ ਹੋ ਗਈ ਹੈ। ਸਾਡਾ ਪਿਤਾ ਪਾਣੀ ਵੀ ਦੂਸ਼ਿਤ ਹੋ ਗਿਆ ਹੈ ਅਤੇ ਧਰਤੀ ਮਾਤਾ ਵਿੱਚ ਵੀ ਜ਼ਹਿਰ ਘੁਲ ਗਿਆ ਹੈ। ਇਹ ਸਭ ਅਸੀਂ ਹੀ ਕੀਤਾ ਹੈ।


ਮੈਂ ਪਾਣੀ ਦੀ ਗੱਲ ਕਰਦਾ ਹਾਂ, ਜਿਸ ਨੇ ਮੈਨੂੰ ਬੁਰੀ ਤਰ੍ਹਾਂ ਟੁੰਬਿਆ ਹੈ। ਬੀਤੇ ਵਰ੍ਹੇ ਦੇਸ਼ ਦੇ ਜਲ ਸਰੋਤ ਮੰਤਰੀ ਨੇ ਪਾਰਲੀਮੈਂਟ ਵਿੱਚ ਖੜ੍ਹੇ ਹੋ ਕੇ ਕਿਹਾ ਸੀ ਕਿ ਪੰਜਾਬ ਕੈਂਸਰ ਸਟੇਟ ਬਣ ਗਿਆ ਹੈ। ਇਸ ਸੰਬੰਧੀ ਸਾਰੀਆਂ ਸਿਆਸੀ ਧਿਰਾਂ ਨੂੰ ਪਤਾ ਹੈ ਪਰ ਕਿਸੇ ਉੱਤੇ ਇਸ ਦਾ ਅਸਰ ਨਹੀਂ ਹੋਇਆ। ਮੈਂ ਕਈ ਰਿਪੋਰਟਾਂ ਪੜ੍ਹੀਆਂ ਹਨ, ਜਿਨ੍ਹਾਂ ਦੀ ਮੀਡੀਆ ਵਿਚ ਵੀ ਚਰਚਾ ਹੈ। ਅਸੀਂ ਆਮ ਤੌਰ 'ਤੇ ਪੜ੍ਹ ਕੇ ਸਥਿਤੀ ਨੂੰ ਅਣਗੌਲਿਆ ਕਰਦੇ ਹਾਂ। ਸਾਡੇ ਪਾਣੀ ਵਿੱਚ ਯੂਰੇਨੀਅਮ, ਲੈਡ, ਫ਼ਲੋਰਾਈਡ, ਜ਼ਹਿਰੀਲੇ ਤੱਕ ਨਾਈਟਰੇਟਸ ਆਦਿ ਆ ਗਏ ਹਨ। ਇਸ ਨਾਲ ਲੋਕ ਕੈਂਸਰ ਅਤੇ ਕਾਲੇ ਪੀਲੀਏ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਬਠਿੰਡੇ ਤੋਂ ਬੀਕਾਨੇਰ ਨੂੰ ਚਲਦੀ ਕੈਂਸਰ ਟਰੇਨ ਦੀ ਚਰਚਾ ਤਾਂ ਪੁਰਾਣੀ ਹੋ ਗਈ ਹੈ। ਡਾਕਟਰਾਂ ਨੇ ਮੈਨੂੰ ਆਖਿਆ ਕਿ ਪੰਜਾਬ ਵਿੱਚ ਹਰ ਚੌਥਾ ਆਦਮੀ ਅਪਣੇ ਅੰਦਰ ਕੈਂਸਰ ਲਈ ਫ਼ਿਰਦਾ ਹੈ। ਬਹੁਤਾ ਸਮਾਂ ਨਹੀਂ ਲੱਗਣਾ, ਵੱਧ ਤੋਂ ਵੱਧ ਚਾਰ ਸਾਲਾਂ ਵਿੱਚ ਹਰ ਘਰ ਵਿਚ ਕੈਂਸਰ ਹੋਵੇਗਾ। ਅੱਜ ਕਿਸੇ ਵੀ ਹਸਪਤਾਲ ਚਲੇ ਜਾਓ, ਜਿੱਥੇ ਕੈਂਸਰ ਦਾ ਇਲਾਜ ਹੁੰਦਾ ਹੈ, ਉੱਥੇ ਮਰੀਜ਼ਾਂ ਦੀ ਭੀੜ ਸਥਿਤੀ ਦੀ ਭਿਆਨਕਤਾ ਨੂੰ ਬਿਆਨ ਕਰਦੀ ਹੈ। ਜਦੋਂ ਸਥਿਤੀ ਇੰਨੀ ਗੰਭੀਰ ਹੋਵੇ ਤਾਂ ਸਿਆਸੀ ਧਿਰਾਂ ਨੂੰ ਪੰਜਾਬ ਅਤੇ ਪੰਜਾਬੀਆਂ ਦੀ ਚਿੰਤਾ ਕਿਉਂ ਨਹੀਂ?

ਅੱਜ ਵੀ ਸਾਡੇ ਦਰਿਆਵਾਂ ਦਾ ਪਾਣੀ ਸਾਫ ਅਤੇ ਸਭ ਤੋਂ ਵਧੀਆ ਹੈ। ਕੁਦਰਤ ਦੀ ਇਹ ਪੰਜਾਬੀਆਂ ਲਈ ਵੱਡੀ ਦਾਤ ਹੈ। ਜੇ ਇਸ ਨੂੰ ਦੂਸ਼ਿਤ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਨੱਥ ਨਾ ਪਾਈ ਤਾਂ ਇਹ ਪਾਣੀ ਵੀ ਸਾਡੇ ਵਰਤਣ ਯੋਗ ਨਹੀਂ ਰਹੇਗਾ। ਅਸੀਂ ਮੋਰਿੰਡੇ ਲਾਗੇ ਟਰੀਟਮੈਂਟ ਪਲਾਟ ਲਾ ਕੇ ਚੰਡੀਗੜ੍ਹ, ਮੋਹਾਲੀ, ਮਨੀਮਾਜਰਾ ਅਤੇ ਪੰਚਕੂਲਾ ਨੂੰ ਪੀਣ ਲਈ ਭਾਖੜਾ ਨਹਿਰ ਵਿਚੋਂ ਸਾਫ਼ ਪਾਣੀ ਭੇਜਦੇ ਹਾਂ। ਸਾਡੇ ਕੋਲ ਇੱਕ ਹੀ ਰਾਹ ਹੈ। ਤੁਰੰਤ ਯੋਜਨਾ ਬਣਾ ਕੇ ਦਰਿਆਈ ਪਾਣੀ ਸਾਫ਼ ਕਰਕੇ ਪੰਜਾਬ ਦੇ ਹਰ ਘਰ ਲਈ ਚੰਡੀਗੜ੍ਹ ਵਾਂਗ ਸਪਲਾਈ ਕਰੀਏ। ਇਸ ਤੋਂ ਬਿਨਾਂ ਗੁਜ਼ਾਰਾ ਨਹੀਂ। ਪਾਣੀ ਦੀ ਪੰਜਾਬ ਲਈ ਵੱਡੀ ਸਮੱਸਿਆ ਇਹ ਹੈ ਕਿ ਕੁਦਰਤ ਨੇ ਤਾਂ ਸਾਨੂੰ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਰਾਹੀਂ ਪਾਣੀ ਬਹੁਤ ਬਖ਼ਸ਼ਿਆ ਪਰ ਸੰਵਿਧਾਨ ਅਨੁਸਾਰ ਅਤੇ ਰਾਏਪੇਰੀਅਨ ਸਿਧਾਂਤ ਅਨੁਸਾਰ ਇਸ ਦੇ ਮਾਲਕ ਹੁੰਦੇ ਹੋਏ ਵੀ ਅਸੀਂ ਆਪਣਾ ਪਾਣੀ ਸਾਂਭ ਨਹੀਂ ਸਕੇ। ਕੇਂਦਰ ਵਿੱਚ ਸਰਕਾਰ ਭਾਵੇਂ ਕਾਂਗਰਸ ਦੀ ਰਹੀ ਹੋਵੇ ਜਾਂ ਭਾਜਪਾ ਦੀ ਪਾਣੀ ਦੇ ਮਸਲੇ ਉੱਤੇ ਸਭ ਨੇ ਸੰਵਿਧਾਨ ਦੀ ਉਲੰਘਣਾ ਕਰਕੇ ਪੰਜਾਬ ਦੇ ਪਾਣੀ ਦੀ ਲੁੱਟ ਕਰਕੇ ਰਾਜਸਥਾਨ ਵਰਗੇ ਗੈਰ ਰਾਏਪੇਰੀਅਨ ਰਾਜਾਂ ਨੂੰ ਸਾਡਾ ਪਾਣੀ ਮੁਫ਼ਤ ਦੇ ਦਿੱਤਾ। ਹਰਿਆਣੇ ਕੋਲ 70 ਲੱਖ ਏਕੜ ਖੇਤੀ ਹੇਠ ਰਕਬਾ ਹੈ, ਪੰਜਾਬ ਕੋਲ 1 ਕਰੋੜ ਏਕੜ। ਹਰਿਆਣੇ ਨੂੰ ਪੰਜਾਬ ਨਾਲੋਂ ਘੱਟੋ-ਘੱਟ ਢਾਈ ਲੱਖ ਏਕੜ ਫੁੱਟ ਵੱਧ ਪਾਣੀ ਜਾਂਦਾ ਹੈ। ਹਾਲਾਂ ਵੀ ਸਾਡੇ ਸਿਰ 'ਤੇ ਕੇਂਦਰ ਦੀ ਸ਼ਹਿ ਉੱਤੇ ਐਸ.ਵਾਈ.ਐਲ. ਦਾ ਘੋੜਾ ਹਿਣਕਦਾ ਹੈ। ਪਾਣੀ ਦੀ ਕਾਣੀ ਵੰਡ ਲਈ ਸਾਡੇ ਸਿਆਸੀ ਲੀਡਰ ਵੀ ਜ਼ਿੰਮੇਵਾਰ ਹਨ। ਸਮੇਂ-ਸਮੇਂ ਪੰਜਾਬ ਦੇ ਆਗੂਆਂ ਨੇ ਸੱਤਾ ਵਿੱਚ ਬਣੇ ਰਹਿਣ ਲਈ ਕੇਂਦਰ ਦੇ ਦਬਾਅ ਹੇਠ ਪੰਜਾਬ ਦੇ ਹਿੱਤ ਕੁਰਬਾਨ ਕੀਤੇ।

ਸਾਡੀ ਰਾਜਧਾਨੀ ਚੰਡੀਗੜ੍ਹ ਵੀ ਸਾਡੇ ਕੋਲ ਨਹੀਂ। ਹਰ ਪੱਧਰ ਉੱਤੇ ਪੰਜਾਬ ਨਾਲ ਬੇਇਨਸਾਫੀ ਹੋਈ, ਦੋਸ਼ੀ ਸਾਡੇ ਹੀ ਆਗੂ/ਡੈਮ ਸੇਫ਼ਟੀ ਐਕਟ ਬਣਾ ਕੇ ਕੇਂਦਰ ਨੇ ਸਾਡੇ ਭਾਖੜਾ, ਰਣਜੀਤ ਸਾਗਰ ਅਤੇ ਪੌਂਗ ਡੈਮ ਉੱਤੇ ਕਬਜ਼ਾ ਕਰ ਲਿਆ। ਇਨ੍ਹਾਂ ਦੀ ਰਾਖੀ ਲਈ ਲੱਗੀਆਂ ਕੇਂਦਰੀ ਫੋਰਸਾਂ ਦੀ ਤਨਖਾਹ ਵੀ ਪੰਜਾਬ ਸਰਕਾਰ ਦਿੰਦੀ ਹੈ।

(ਬਾਕੀ ਸਫ਼ਾ 27 'ਤੇ)

# ਜੇਲ ’ਚ ਅਦਾਲਤੀ ਹੁਕਮ ਕਿਉਂ ਨਹੀਂ ਲਾਗੂ ਕੀਤੇ ਜਾਂਦੇ ?



ਰੂਪੇਸ਼ ਕੁਮਾਰ ਸਿੰਘ

ਅੱਜ ਸਾਡੇ ਦੇਸ਼ ਵਿੱਚ ਪੂੰਜੀਪਤੀਆਂ ਦਾ, ਪੂੰਜੀਪਤੀਆਂ ਲਈ ਅਤੇ ਪੂੰਜੀਪਤੀਆਂ ਦੁਆਰਾ ਚਲਾਇਆ ਜਾਣ ਵਾਲਾ ਸ਼ਾਸਨ ਹੈ। ਅੱਜ ਸਾਡੇ ਦੇਸ਼ ਵਿੱਚ ਗਣਤੰਤਰ ਦੀ ਥਾਂ ਪੂੰਜੀਤੰਤਰ, ਲੁੱਟਤੰਤਰ ਅਤੇ ਗੰਨਤੰਤਰ (ਬੰਦੂਕ ਦਾ ਰਾਜ) ਹੈ। ਵਰਤਮਾਨ ਵਿੱਚ ਸਾਡੇ ਦੇਸ਼ ਦੀ ਸੱਤਾ ’ਤੇ ਕਾਬਜ਼ ਹਿੰਦੂਤਵ ਰਾਸ਼ਟਰਵਾਦੀ ਮੋਦੀ ਸਰਕਾਰ ਨੇ ਲੋਕਤੰਤਰ ਦੇ ਸਾਰੇ ਅੰਗਾਂ ਨੂੰ ਨਿਢਾਲ ਕਰ ਦਿੱਤਾ ਹੈ। ਪੂਰੇ ਦੇਸ਼ ਵਿੱਚ ਹਿੰਦੂ ਰਾਸ਼ਟਰਵਾਦ ਦਾ ਸੁਪਨਾ ਪੂਰਾ ਕਰਨ ਲਈ ਆਰ.ਐੱਸ.ਐੱਸ. ਤੇ ਭਾਜਪਾ ਜੀ-ਜਾਨ ਨਾਲ ਜੁਟੀਆਂ ਹਨ। ਇਨ੍ਹਾਂ ਨੇ ਸਪੱਸ਼ਟ ਤੌਰ ’ਤੇ ਐਲਾਨ ਕਰ ਰੱਖਿਆ ਹੈ ਕਿ ਜੋ ਉਨ੍ਹਾਂ ਦੇ ਨਾਲ ਨਹੀਂ ਹੈ, ਉਹ ਇਸ ਦੇਸ਼ ਦਾ ਦੁਸ਼ਮਣ ਹੈ।

ਕੱਲ੍ਹ ਤੱਕ ਜਿੱਥੇ ਦੇਸ਼ ਦਾ ਅਰਥ ‘ਵਿਭਿੰਨਤਾ ਵਿੱਚ ਏਕਤਾ’ ਸੀ, ਅੱਜ ਦੇਸ਼ ਦਾ ਅਰਥ ਸੱਤਾਧਾਰੀ ਸਰਕਾਰ ਬਣ ਚੁੱਕਾ ਹੈ। ਹੁਣ ਸੱਤਾਧਾਰੀ ਸਰਕਾਰ ਦੇ ਖਿਲਾਫ਼ ਬੋਲਣਾ ਮਤਲਬ ਦੇਸ਼ ਦੇ ਖ਼ਿਲਾਫ਼ ਬੋਲਣਾ ਹੈ।

ਇਨ੍ਹਾਂ ਨੇ ਚੋਣਾਂ ਜਿੱਤਣ ਲਈ ਸਾਮ-ਦਾਮ-ਦੰਡ-ਭੇਦ ਦੀ ਨੀਤੀ ਅਪਣਾ ਰੱਖੀ ਹੈ। ਉਸ ਤੋਂ ਬਾਅਦ ਵੀ ਜੇਕਰ ਇਹ ਚੋਣਾਂ ਨਹੀਂ ਜਿੱਤ ਪਾਉਂਦੇ, ਤਾਂ ਫਿਰ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨੂੰ ਤੋੜਨ ਲਈ ਪੈਸਾ, ਕੇਂਦਰੀ ਏਜੰਸੀਆਂ ਦੀਆਂ ਕਾਰਵਾਈਆਂ, ਡਰਾਉਣ-ਧਮਕਾਉਣ ਆਦਿ ਰਸਤਿਆਂ ਦਾ ਸਹਾਰਾ ਲੈਂਦੇ ਹਨ ਅਤੇ ਰਾਜਾਂ ਵਿੱਚ ਅੰਤ ਵਿੱਚ ਆਪਣੀ ਸਰਕਾਰ ਬਣਾ ਲੈਂਦੇ ਹਨ। ਕੱਲ੍ਹ ਤੱਕ ਵਿਰੋਧ ਦੇ ਭ੍ਰਿਸ਼ਟ ਨੇਤਾ (ਇਨ੍ਹਾਂ ਦੁਆਰਾ ਹੀ ਘੋਸ਼ਿਤ) ਇਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੁੰਦੇ ਹੀ ਇਮਾਨਦਾਰ ਬਣ ਜਾਂਦੇ ਹਨ ਅਤੇ ਉਨ੍ਹਾਂ ’ਤੇ ਦਰਜ ਦਰਜਨਾਂ ਮੁਕੱਦਮਿਆਂ ਨੂੰ ਵਾਪਸ ਲੈ ਲਿਆ ਜਾਂਦਾ ਹੈ।

ਆਪਣੇ ਮਿੱਤਰ ਉਦਯੋਗਪਤੀਆਂ ਨੂੰ ਬਹੁਮੁੱਲੀ ਖਣਿਜ ਸੰਪੱਤੀ ਸੌਂਪਣ ਲਈ ਇਹ ਆਦਿਵਾਸੀਆਂ ਦਾ ਘਾਣ ਕਰਦੇ ਹਨ। ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਨੂੰ ‘ਦੇਸ਼ਧ੍ਰੋਹੀ’, ‘ਅਰਬਨ ਨਕਸਲ’ ਘੋਸ਼ਿਤ ਕੀਤਾ ਜਾਂਦਾ ਹੈ। ਆਪਣੇ ਹੱਕ-ਹਕੂਕ ਦੀ ਆਵਾਜ਼ ਬੁਲੰਦ ਕਰਨ ’ਤੇ ਮੁਸਲਮਾਨਾਂ ਨੂੰ ਅੱਤਵਾਦੀ ਘੋਸ਼ਿਤ ਕੀਤਾ ਜਾਂਦਾ ਹੈ, ਤਾਂ ਸਿੱਖਾਂ ਨੂੰ ਖਾਲਿਸਤਾਨੀ। ਇਸ ਸਰਕਾਰ ਨੇ ਸਿੱਖਿਆ ਦਾ ਭਗਵਾਂਕਰਨ ਕਰਕੇ ਵਿਦਿਆਰਥੀਆਂ ਨੂੰ ਝੂਠਾ ਇਤਿਹਾਸ ਪੜ੍ਹਨ ਲਈ ਮਜਬੂਰ ਕੀਤਾ ਹੈ।

ਤੁਸੀਂ ਜਾਣਦੇ ਹੋ ਕਿ ਸਾਡੇ ਗਣਤੰਤਰ ਵਿੱਚ ਵੱਡੀ ਗਿਣਤੀ ਵਿੱਚ ਕੈਦਖਾਨੇ (ਜੇਲ੍ਹਾਂ) ਵੀ ਹਨ, ਜਿਨ੍ਹਾਂ ਵਿੱਚ ਲੱਖਾਂ ਬੰਦੀ ਕੈਦ ਹਨ। ਕੀ ਤੁਸੀਂ ਕੈਦਖਾਨੇ ਵਿੱਚ ਬੰਦ ਇਸ ਗਣਤੰਤਰ ਦੇ ਬੰਦੀਆਂ ਬਾਰੇ ਜਾਣਦੇ ਹੋ?

ਮੈਂ ਇਸ ਗਣਤੰਤਰ ਦਾ ਇੱਕ ਬੰਦੀ ਹਾਂ ਅਤੇ ਪਿਛਲੇ 42 ਮਹੀਨਿਆਂ ਤੋਂ ਕੈਦਖਾਨੇ ਵਿੱਚ ਕੈਦ ਹਾਂ। 42 ਮਹੀਨੇ ਪਹਿਲਾਂ ਮੈਂ ਸੁਤੰਤਰ ਪੱਤਰਕਾਰੀ ਕਰਦਾ ਸੀ ਅਤੇ ਸਰਕਾਰ ਦੀਆਂ ਜਨ-ਵਿਰੋਧੀ ਨੀਤੀਆਂ ਦੇ ਖਿਲਾਫ਼ ਸਿਰਫ਼ ਲਿਖਦਾ ਹੀ ਨਹੀਂ ਸੀ, ਸਗੋਂ ਬੋਲਦਾ ਵੀ ਸੀ। ਨਤੀਜੇ ਵਜੋਂ ਸਰਕਾਰ ਨੇ 17 ਜੁਲਾਈ 2022 ਨੂੰ ਮੇਰੇ ’ਤੇ ਕਾਲੇ ਕਾਨੂੰਨ ‘ਯੂਏਪੀਏ’ ਦੀਆਂ ਕਈ ਧਾਰਾਵਾਂ ਲਗਾ ਕੇ ਮੈਨੂੰ ਗ੍ਰਿਫ਼ਤਾਰ ਕਰ ਲਿਆ ਅਤੇ 18 ਜੁਲਾਈ 2022 ਨੂੰ ਜੇਲ੍ਹ ਭੇਜ ਦਿੱਤਾ।

ਤਦ ਤੋਂ ਮੈਂ ਝਾਰਖੰਡ ਦੀ ਸਰਾਏਕੇਲਾ ਡਿਸਟ੍ਰਿਕਟ ਜੇਲ੍ਹ ਅਤੇ ਬਿਰਸਾ ਮੁੰਡਾ ਸੈਂਟਰਲ ਜੇਲ੍ਹ, ਹੋਟਵਾਰ (ਰਾਂਚੀ) ਅਤੇ ਬਿਹਾਰ ਦੀ ਸ਼ਹੀਦ ਜੁੱਬਾ ਸਹਿਣੀ ਸੈਂਟਰਲ ਜੇਲ੍ਹ, ਭਾਗਲਪੁਰ ਵਿੱਚ ਕੈਦ ਰਿਹਾ ਅਤੇ ਫਿਲਹਾਲ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਵਿੱਚ ਕੈਦ ਹਾਂ।



### ਜੇਲ੍ਹਾਂ ਦਾ ਹਾਲ ਅਤੇ ਕੈਦੀਆਂ ਦੇ ਅਧਿਕਾਰ

ਬਿਹਾਰ-ਝਾਰਖੰਡ ਦੀਆਂ 90 ਪ੍ਰਤੀਸ਼ਤ ਜੇਲ੍ਹਾਂ ਵਿੱਚ ਸਮਰੱਥਾ ਤੋਂ ਵੱਧ (ਡੇਢ ਗੁਣਾ ਅਤੇ ਕਿਤੇ-ਕਿਤੇ ਦੁੱਗਣਾ) ਬੰਦੀ ਹਨ। ਕਿਸੇ ਵੀ ਜੇਲ੍ਹ ਵਿੱਚ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ, ਜੇਲ੍ਹ-ਸਾਬਣ ਆਦਿ ਨਹੀਂ ਮਿਲਦਾ। ਹਾਂ! ਜੇਕਰ ਤੁਸੀਂ ਦਬੰਗ ਹੋ, ਤਾਂ ਫਿਰ ਤੁਸੀਂ ਜੇਲ੍ਹ ਅਧਿਕਾਰੀਆਂ ਨੂੰ ਪੈਸੇ ਦੇ ਕੇ ਜੇਲ੍ਹ ਵਿੱਚ ਹੀਟਰ ’ਤੇ ਵੀ ਸੁਆਦੀ ਖਾਣਾ ਬਣਵਾ ਸਕਦੇ ਹੋ ਜਾਂ ਘਰ ਅਤੇ ਹੋਟਲ ਤੋਂ ਵੀ ਮੰਗਵਾ ਸਕਦੇ ਹੋ। ਭਾਰਤ ਦੇ ਸੁਪਰੀਮ ਕੋਰਟ (ਮਹਾਰਾਸ਼ਟਰ ਰਾਜ ਬਨਾਮ ਪ੍ਰਭਾਕਰ ਪਾਂਡੁਰੰਗ 1966) ਅਨੁਸਾਰ, ‘ਕਿਸੇ ਵੀ ਬੰਦੀ ਜਾਂ ਕੈਦੀ ਨੂੰ ਸੰਵਿਧਾਨ ਦੁਆਰਾ ਦਿੱਤੇ ਗਏ ਹੋਰ ਮੌਲਿਕ ਅਧਿਕਾਰਾਂ ਦੇ ਨਾਲ-ਨਾਲ ਅਨੁਛੇਦ 21, ਜਿਊਣ ਦਾ ਅਧਿਕਾਰ’ ਵੀ ਪ੍ਰਾਪਤ ਹੈ।’

ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ‘ਇੱਕ ਕੈਦੀ, ਚਾਹੇ ਉਹ ਵਿਚਾਰ ਅਧੀਨ ਹੋਵੇ ਜਾਂ ਦੋਸ਼ੀ ਅਤੇ ਇੱਥੋਂ ਤੱਕ ਕਿ ਅਦਾਲਤ ਵਿੱਚ ਉਸ ਦੇ ਵਿਰੁੱਧ ਦੋਸ਼ੀ ਜਾਂ ਸਿੱਧ ਅਪਰਾਧ ਚਾਹੇ ਜੋ ਵੀ ਹੋਵੇ, ਦੇਸ਼ ਦੇ ਹੋਰ ਨਾਗਰਿਕਾਂ ਵਾਂਗ ਸੁਤੰਤਰਤਾ ਤੋਂ ਇਲਾਵਾ ਸਾਰੇ ਅਧਿਕਾਰਾਂ ਦਾ ਆਨੰਦ ਲੈ ਸਕਦਾ ਹੈ।’

ਸੁਪਰੀਮ ਕੋਰਟ ਦੇ ਫੈਸਲੇ ਦੀ ਰੌਸ਼ਨੀ ਵਿੱਚ ਜੇਕਰ ਅਸੀਂ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਬੰਦ ਬੰਦੀਆਂ ਦੀ ਸਥਿਤੀ ਨੂੰ ਦੇਖਦੇ ਹਾਂ, ਤਾਂ ਇਹ ਇੱਕ ਸੁਪਨੇ ਵਰਗਾ ਲੱਗਦਾ ਹੈ। ਕਿਉਂਕਿ ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਬੰਦੀਆਂ ਨੂੰ ਨਾ ਤਾਂ ਮਨੁੱਖੀ ਸਨਮਾਨ ਨਾਲ ਜਿਊਣ ਦਾ ਅਧਿਕਾਰ, ਜਲਦੀ ਸੁਣਵਾਈ ਦਾ ਅਧਿਕਾਰ, ਸਿਹਤ ਅਤੇ ਡਾਕਟਰੀ ਇਲਾਜ ਦਾ ਅਧਿਕਾਰ, ਹੱਥਕੜੀ ਦੇ ਖਿਲਾਫ਼ ਸੁਰੱਖਿਆ ਦਾ ਅਧਿਕਾਰ ਅਤੇ ਨਾ ਹੀ ਜੇਲ੍ਹ ਮੈਨੂਅਲ ਅਨੁਸਾਰ ਨਾਸ਼ਤਾ, ਭੋਜਨ ਅਤੇ ਹੋਰ ਸਹੂਲਤਾਂ ਹੀ ਮਿਲਦੀਆਂ ਹਨ।

ਇੱਥੋਂ ਤੱਕ ਕਿ ਬੰਦੀਆਂ ਨੂੰ ਆਪਣੇ ਪਰਿਵਾਰਕ ਮੈਂਬਰਾਂ ਅਤੇ ਵਕੀਲਾਂ ਨੂੰ ਚਿੱਠੀ ਤੱਕ ਲਿਖਣ ਦਾ ਅਧਿਕਾਰ ਜੇਲ੍ਹ ਪ੍ਰਸ਼ਾਸਨ ਨਹੀਂ ਦਿੰਦਾ।

ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਰਹਿੰਦੇ ਹੋਏ ਮੈਂ ਇਹੀ ਜਾਣਿਆ ਕਿ ਜੇਲ੍ਹ ਇੱਕ ਤਸੀਹਾ ਘਰ ਹੈ, ਜਿਸ ਨੂੰ ਸੁਧਾਰ ਘਰ ਤਾਂ ਬਿਲਕੁਲ ਵੀ ਨਹੀਂ ਕਿਹਾ ਜਾ ਸਕਦਾ। ਜੇਲ੍ਹ ਭ੍ਰਿਸ਼ਟਾਚਾਰ ਦਾ ਸਭ ਤੋਂ ਵੱਡਾ ਕੇਂਦਰ ਹੈ, ਇੱਥੇ ਭ੍ਰਿਸ਼ਟਾਚਾਰ ਸ਼ਰੇਆਮ ਹੁੰਦਾ ਹੈ। ਜੇਕਰ ਤੁਹਾਡੇ ਕੋਲ ਪੈਸਾ ਹੈ, ਤਾਂ ਤੁਹਾਡੇ ਲਈ ਜੇਲ੍ਹ ਵੀ ਸਵਰਗ ਹੈ ਅਤੇ ਜੇਕਰ ਤੁਹਾਡੇ ਕੋਲ ਪੈਸਾ ਨਹੀਂ ਹੈ, ਤਾਂ ਜੇਲ੍ਹ ਤੁਹਾਡੇ ਲਈ ਨਰਕ ਤੋਂ ਵੀ ਬਦਤਰ ਹੈ।ਜੇਲ੍ਹ ਵਿੱਚ ਇਲਾਜ ਦੇ ਨਾਂ ’ਤੇ ਸਿਰਫ਼ ਧੋਖਾ ਹੁੰਦਾ ਹੈ, ਜੇਕਰ ਤੁਸੀਂ ਕਿਸੇ ਗੰਭੀਰ ਬਿਮਾਰੀ ਨਾਲ ਗ੍ਰਸਿਤ ਹੋ ਜਾਓ ਤਾਂ ਤੁਹਾਡੀ ਮੌਤ ਜੇਲ੍ਹ ਵਿੱਚ ਹੀ ਨਿਸ਼ਚਿਤ ਹੈ, ਪਰ ਤੁਹਾਡੀ ਮੌਤ ਬਾਹਰ ਦੇ ਹਸਪਤਾਲ ਵਿੱਚ ਇਲਾਜ ਦੌਰਾਨ ਹੀ ਦਿਖਾਈ ਜਾਵੇਗੀ।

ਮੈਂ ਜਦੋਂ ਗ੍ਰਿਫ਼ਤਾਰ ਹੋ ਕੇ ਸਰਾਏਕੇਲਾ ਡਿਸਟ੍ਰਿਕਟ ਜੇਲ੍ਹ ਵਿੱਚ ਗਿਆ, ਤਾਂ ਉੱਥੇ ਮੈਨੂੰ ਸੈੱਲ ਦੇ ਅਜਿਹੇ ਕਮਰੇ ਵਿੱਚ ਰੱਖਿਆ ਗਿਆ ਜਿਸ ਦੇ ਨਾਲ ਦੇ ਕਮਰਿਆਂ ਵਿੱਚ ਕੋਹੜ , ਟੀਬੀ ਅਤੇ ਏਡਜ਼ ਤੋਂ ਪੀੜਤ ਬੰਦੀ ਸਨ ਅਤੇ ਸਾਡਾ ਸਾਰਿਆਂ ਦਾ ਇਸ਼ਨਾਨਘਰ ਅਤੇ ਪਖਾਨਾ ਸਾਂਝਾ ਸੀ।

ਮੇਰੇ ਵਿਰੋਧ ਕਰਨ ’ਤੇ ਮੈਨੂੰ ਪੁਰਾਣੇ ਮਹਿਲਾ ਵਾਰਡ (ਭੂਤ ਬੰਗਲਾ ਦੇ ਨਾਂ ਨਾਲ ਮਸ਼ਹੂਰ) ਵਿੱਚ ਇਕੱਲੇ ਬੰਦ ਕਰ ਦਿੱਤਾ ਗਿਆ, ਜਿਸ ਦੀ ਛੱਤ ਤੋਂ ਬਾਰਿਸ਼ ਵਿੱਚ ਪਾਣੀ ਟਪਕਦਾ ਸੀ ਅਤੇ ਪੂਰੇ ਕਮਰੇ ਵਿੱਚ ਪਾਣੀ ਹੀ ਪਾਣੀ ਹੋ ਜਾਂਦਾ ਸੀ। ਨਤੀਜਾ, ਮੈਨੂੰ ਇੱਕ ਕੋਨੇ ਵਿੱਚ ਬੈਠ ਕੇ ਦਿਨ-ਰਾਤ ਬਿਤਾਉਣੀ ਪੈਂਦੀ ਸੀ। ਮੇਰੇ ਪਰਿਵਾਰ ਵਾਲਿਆਂ ਵੱਲੋਂ ਭੇਜੀਆਂ ਗਈਆਂ ਕਿਤਾਬਾਂ, ਕਾਪੀਆਂ ਅਤੇ ਕਲਮ ਨੂੰ ਜੇਲ੍ਹ ਪ੍ਰਸ਼ਾਸਨ ਨੇ ਮੈਨੂੰ ਦੇਣ ਤੋਂ ਇਨਕਾਰ ਕਰ ਦਿੱਤਾ।

ਬਿਰਸਾ ਮੁੰਡਾ ਕੇਂਦਰੀ ਜੇਲ੍ਹ ਹੋਟਵਾਰ (ਰਾਂਚੀ) ਵਿੱਚ ਤਾਂ ਮੇਰੀ ਲਿਖੀ ਕਿਤਾਬ ‘ਕੈਦਖਾਨੇ ਕਾ ਆਇਨਾ’ ਵੀ ਜੇਲ ਪ੍ਰਸ਼ਾਸਨ ਨੇ ਪਰਿਵਾਰ ਵਾਲਿਆਂ ਵਲੋਂ ਮੈਨੂੰ ਨਹੀਂ ਦੇਣ ਦਿੱਤੀ ਗਈ, ਕਿਹਾ ਗਿਆ ਕਿ ਇਸ ਵਿੱਚ ਜੇਲ੍ਹ ਵਿਵਸਥਾ ਦੇ ਖਿਲਾਫ਼ ਗੱਲਾਂ ਲਿਖੀਆਂ ਗਈਆਂ ਹਨ, ਜਦਕਿ ਉਹ ਕਿਤਾਬ ਐਮਾਜ਼ਾਨ ਅਤੇ ਫਲਿੱਪਕਾਰਟ ’ਤੇ ਉਪਲਬਧ ਹੈ। ਉੱਥੋਂ ਦੇ ਸੁਪਰਡੈਂਟ ਹਾਮਿਦ ਅਖ਼ਤਰ ਇੱਕ ਮੁਸਲਿਮ ਸਨ, ਪਰ ਉਨ੍ਹਾਂ ਨੇ ਜੇਲ੍ਹ ਲਾਇਬ੍ਰੇਰੀ ਵਿੱਚ ਮੌਜੂਦ ਤਸਲੀਮਾ ਨਸਰੀਨ ਦੀਆਂ ਸਾਰੀਆਂ ਪੁਸਤਕਾਂ ’ਤੇ ਪਾਬੰਦੀ ਲਗਾ ਦਿੱਤੀ ਸੀ ਤਾਂ ਜੋ ਬੰਦੀ ਪੜ੍ਹ ਨਾ ਸਕਣ।

ਬਿਰਸਾ ਮੁੰਡਾ ਸੈਂਟਰਲ ਜੇਲ੍ਹ ਵਿੱਚ ਮੈਂ ਜੇਲ੍ਹ ਪ੍ਰਸ਼ਾਸਨ ਤੋਂ ਇਤਿਹਾਸ ਵਿੱਚ ਐਮ.ਏ. ਕਰਨ ਦੀ ਇੱਛਾ ਜ਼ਾਹਿਰ ਕੀਤੀ, ਤਾਂ ਮੈਨੂੰ ਦੱਸਿਆ ਗਿਆ ਕਿ ਇੱਥੇ ਸਿਰਫ਼ 10ਵੀਂ ਅਤੇ 12ਵੀਂ ਦੀ ਪੜ੍ਹਾਈ ਦੀ ਸਹੂਲਤ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਬਿਹਾਰ-ਝਾਰਖੰਡ ਦੀ ਕਿਸੇ ਵੀ ਜੇਲ੍ਹ ਵਿੱਚ ਐਮ.ਏ. ਦੀ ਪੜ੍ਹਾਈ ਦੀ ਸਹੂਲਤ ਇਗਨੂ ਤੋਂ ਵੀ ਨਹੀਂ ਹੈ। ਇਸ ਲਈ ਮੈਨੂੰ ਇਗਨੂ ਦੇ ਰਾਮਗੜ੍ਹ (ਝਾਰਖੰਡ) ਸਟੱਡੀ ਸੈਂਟਰ ’ਤੇ ਐਮ.ਏ. ਵਿੱਚ ਆਪਣੇ ਨਿੱਜੀ ਖਰਚੇ ’ਤੇ ਦਾਖਲਾ ਲੈਣਾ ਪਿਆ ਸੀ।

### ਤੋੜ ਦਿੰਦੀ ਹੈ ਸੈੱਲ ਦੀ ਜ਼ਿੰਦਗੀ

ਜੇਲ੍ਹਾਂ ਵਿੱਚ ਆਮ ਵਾਰਡ ਤੋਂ ਇਲਾਵਾ ਸੈੱਲ (ਅੰਡਾ ਸੈੱਲ, ਹਾਈ ਸਕਿਓਰਿਟੀ ਸੈੱਲ ਆਦਿ) ਵੀ ਹੁੰਦਾ ਹੈ। ਮੈਂ ਆਪਣੇ 42 ਮਹੀਨਿਆਂ ਦੀ ਜੇਲ੍ਹ ਵਿੱਚ 33 ਮਹੀਨੇ ਸੈੱਲ ਵਿੱਚ ਹੀ ਰਿਹਾ ਹਾਂ ਅਤੇ ਵਰਤਮਾਨ ਵਿੱਚ ਵੀ ਸੈੱਲ ਵਿੱਚ ਹੀ ਬੰਦ ਹਾਂ। ਆਮ ਵਾਰਡ ਦੇ ਬੰਦੀਆਂ ਨੂੰ ਤਾਂ ਕੁਝ ਅਧਿਕਾਰ ਵੀ ਹਾਸਲ ਹਨ ਜਾਂ ਕਹਿ ਸਕਦੇ ਹਾਂ ਕਿ ਕੁਝ ਸਹੂਲਤਾਂ ਵੀ ਹਾਸਲ ਹਨ, ਪਰ ਸੈੱਲ ਦੇ ਬੰਦੀ ਜ਼ਿਆਦਾਤਰ ਸਹੂਲਤਾਂ ਤੋਂ ਵਾਂਝੇ ਹਨ।

(ਬਾਕੀ ਸਫ਼ਾ 27 ’ਤੇ)

# ਸ਼ੱਕ ਦੇ ਘੇਰੇ ’ਚ ਹੈ ਰਾਜਪਾਲਾਂ ਦੀ ਭੂਮਿਕਾ

ਡਾ. ਗਿਆਨ ਪਾਠਕ

## ਕੇਂਦਰ ਸਰਕਾਰ ਰਾਜਪਾਲਾਂ ਨੂੰ ਹਥਿਆਰ ਵਜੋਂ ਕਿਉਂ ਵਰਤ ਰਹੀ ਹੈ ਵਿਰੋਧੀ ਧਿਰ ਦੇ ਖ਼ਿਲਾਫ਼ ?

ਕਰਨਾਟਕ ਦੇ ਰਾਜਪਾਲ ਥਾਵਰਚੰਦ ਗਹਿਲੋਤ ਵੱਲੋਂ ਪਿਛਲੇ ਦਿਨੀਂ ਕਰਨਾਟਕ ਵਿਧਾਨ ਸਭਾ ਤੋਂ ਵਾਕਆਊਟ ਕਰਨ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਦੇਸ਼ ’ਚ ਵਿਰੋਧੀ ਧਿਰ ਦੇ ਸ਼ਾਸਨ ਵਾਲੇ ਸੂਬਿਆਂ ਦੇ ਰਾਜਪਾਲਾਂ ਨੇ ਉਨ੍ਹਾਂ ਸਰਕਾਰਾਂ ਦੇ ਵਿਰੁੱਧ ਇੱਕ ਸੋਚੀ-ਸਮਝੀ ਰਣਨੀਤੀ ’ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਕੇਂਦਰ ਸਰਕਾਰ ਦੇ ਤਾਲਮੇਲ ਜਾਂ ਨਿਰਦੇਸ਼ ਤੋਂ ਬਿਨਾਂ ਸੰਭਵ ਨਹੀਂ ਹੋ ਸਕਦਾ, ਕਿਉਂਕਿ ਉਨ੍ਹਾਂ ਵੱਖ-ਵੱਖ ਮੁੱਦਿਆਂ ’ਤੇ ਕੇਂਦਰ ਨੂੰ ਰਿਪੋਰਟ ਕਰਨੀ ਹੁੰਦੀ ਹੈ। ਅਜਿਹਾ ਲੱਗਦਾ ਹੈ ਕਿ ਕੇਂਦਰ ਸਰਕਾਰ ਰਾਜਪਾਲਾਂ ਰਾਹੀਂ ਦਖ਼ਲ ਦੇ ਕੇ ਵਿਰੋਧੀ ਧਿਰ ਦੇ ਵਿਕਾਸ ਤੇ ਭਲਾਈ ਪ੍ਰੋਗਰਾਮਾਂ ਦੇ ਬਿਰਤਾਂਤ (ਨੈਰੇਟਿਵ) ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਰਨਾਟਕ ਦੇ ਰਾਜਪਾਲ ਦੁਆਰਾ ਹੰਗਾਮਾ ਕਰਨਾ ਦੋ ਦਿਨਾਂ ’ਚ ਤੀਜੀ ਅਜਿਹੀ ਘਟਨਾ ਹੈ। 20 ਜਨਵਰੀ ਨੂੰ ਤਾਮਿਲਨਾਡੂ ਦੇ ਰਾਜਪਾਲ ਆਰ.ਐਨ. ਰਵੀ ਵਿਧਾਨ ਸਭਾ ਚੋਂ ਵਾਕਆਊਟ ਕਰ ਗਏ ਸਨ, ਜਦਕਿ ਕੇਰਲ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਸੂਬਾ ਸਰਕਾਰ ਦੇ ਭਾਸ਼ਨ ਨਾਲ ਛੇੜਛਾੜ ਕਰਦਿਆਂ ਉਸ ਦਾ ਕੁਝ ਹਿੱਸਾ ਹਟਾ ਦਿੱਤਾ ਤੇ ਕੁਝ ਜੋੜ ਦਿੱਤਾ ਸੀ। ਜਦਕਿ ਪਰੰਪਰਾ ਅਨੁਸਾਰ ਰਾਜਪਾਲਾਂ ਲਈ ਸੂਬਾ ਸਰਕਾਰਾਂ ਦੁਆਰਾ ਲਿਖੇ ਤੇ ਮਨਜ਼ੂਰ ਕੀਤੇ ਭਾਸ਼ਨ ਨੂੰ ਪੜ੍ਹਨਾ ਜ਼ਰੂਰੀ ਹੁੰਦਾ ਹੈ। ਸੰਵਿਧਾਨ ਦੇ ਅਨੁਛੇਦ 176 ਅਨੁਸਾਰ ਵਿਧਾਨ ਸਭਾ ਦੀਆਂ ਆਮ ਚੋਣਾਂ ਤੋਂ ਬਾਅਦ ਪਹਿਲੇ ਸੈਸ਼ਨ ਦੇ ਸ਼ੁਰੂ ਵਿਚ ਤੇ ਹਰ ਸਾਲ ਦੇ ਪਹਿਲੇ ਸੈਸ਼ਨ ਦੀ ਸ਼ੁਰੂਆਤ ’ਚ ਰਾਜਪਾਲ ਦੁਆਰਾ ਰਾਜ ਵਿਧਾਨ ਸਭਾਵਾਂ ਨੂੰ ਵਿਸ਼ੇਸ਼ ਤੌਰ ’ਤੇ ਸੰਬੋਧਨ ਕਰਨਾ ਜ਼ਰੂਰੀ ਹੈ। ਫਿਰ ਵੀ ਕਿਸੇ ਨਾ ਕਿਸੇ ਬਹਾਨੇ ਉਕਤ ਰਾਜਪਾਲਾਂ ਨੇ ਵਿਰੋਧੀ ਧਿਰ ਦੇ ਸ਼ਾਸਨ ਵਾਲੇ ਸੂਬਿਆਂ ਦੇ ਮੰਤਰੀ-ਮੰਡਲ ਦੁਆਰਾ ਪ੍ਰਵਾਨਿਤ ਭਾਸ਼ਨਾਂ ਨਾਲ ਛੇੜਛਾੜ ਕਰਦਿਆਂ ਭਾਸ਼ਨ ਪੜ੍ਹਿਆ ਨਹੀਂ ਜਾਂ ਵਾਕਆਊਟ ਕਰ ਗਏ।


ਕਰਨਾਟਕ ਵਿਧਾਨ ਸਭਾ ਦੇ ਅੰਦਰ ਉਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਰਾਜਪਾਲ ਗਹਿਲੋਤ ਸੂਬੇ ਦੇ ਦੋ ਸਦਨੀ ਸਦਨ (ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ) ਦੇ ਸਾਂਝੇ ਸੈਸ਼ਨ ਦੇ ਪਹਿਲੇ ਦਿਨ ਸਿਰਫ਼ ਦੋ ਲਾਈਨਾਂ ਦਾ ਸੰਖੇਪ ਭਾਸ਼ਨ ਦੇਣ ਤੋਂ ਬਾਅਦ ਸਦਨ ਤੋਂ ਬਾਹਰ ਚਲੇ ਗਏ। ਰਾਜਪਾਲ ਗਹਿਲੋਤ ਨੇ ਕਰਨਾਟਕ ਸਰਕਾਰ ਦੁਆਰਾ ਤਿਆਰ ਕੀਤੇ ਗਏ ਭਾਸ਼ਨ ਦੇ 11 ਪੈਰਿਆਂ ’ਤੇ ਇਤਰਾਜ਼ ਪ੍ਰਗਟਾਇਆ, ਜਿਸ ਵਿੱਚ ਦੇਸ਼ ਦੇ ਇਕੋ-ਇੱਕ ਪੇਂਡੂ ਰੁਜ਼ਗਾਰ ਗਾਰੰਟੀ ਪ੍ਰੋਗਰਾਮ (ਮਗਨਰੇਗਾ) ਨੂੰ ਖ਼ਤਮ ਕਰਕੇ ਇਸ ਦੀ ਥਾਂ ਵੀ.ਬੀ.-ਜੀ. ਰਾਮ ਜੀ ਐਕਟ ਲਿਆਉਣ ਲਈ ਕੇਂਦਰ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਗਈ ਸੀ। ਕਰਨਾਟਕ ਸਰਕਾਰ ਨੇ ਮਗਨਰੇਗਾ ਨੂੰ ਖ਼ਤਮ ਕਰਨ ਅਤੇ ਵੀ.ਬੀ.-ਜੀ. ਰਾਮ ਜੀ ਐਕਟ ’ਤੇ ਚਰਚਾ ਕਰਨ ਲਈ 22 ਤੋਂ 31 ਜਨਵਰੀ ਤੱਕ ਇੱਕ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਬੁਲਾਇਆ ਸੀ। ਰਾਜਪਾਲ ਗਹਿਲੋਤ ਨੇ ਭਾਸ਼ਨ ਦੀਆਂ ਸਿਰਫ਼ ਦੋ-ਲਾਈਨਾਂ- ਮੇਰੀ ਸਰਕਾਰ ਸੂਬੇ ’ਚ ਆਰਥਿਕ ਤੇ ਸਮਾਜਿਕ ਤਰੱਕੀ ਦੀ ਗਤੀ ਨੂੰ ਦੁੱਗਣਾ ਕਰਨ ਲਈ ਵਚਨਬੱਧ ਹੈ। ‘ਜੈ ਹਿੰਦ, ਜੈ ਕਰਨਾਟਕ।’ ਪੜ੍ਹਨ ਬਾਅਦ ਆਪਣਾ ਭਾਸ਼ਨ ਸਮਾਪਤ ਕਰਕੇ ਸਦਨ ਤੋਂ ਚਲੇ ਗਏ। ਕਰਨਾਟਕ ’ਚ ਕਾਂਗਰਸ ਦੀ ਸਰਕਾਰ ਹੈ। ਮੁੱਖ ਮੰਤਰੀ ਸਿੱਧਾਰਮਈਆ ਨੇ ਰਾਜਪਾਲ ਗਹਿਲੋਤ ਦੇ ਵਾਕਆਊਟ ਦੀ ਨਿੰਦਾ ਕਰਦਿਆਂ ਇਸ ਨੂੰ ‘ਭਾਰਤੀ ਸੰਵਿਧਾਨ ਦੀ ਉਲੰਘਣਾ’ ਦੱਸਦਿਆਂ ਕਿਹਾ ਕਿ ਰਾਜਪਾਲ ਨੇ ਕੇਂਦਰ ਸਰਕਾਰ ਦੀ ਕਠਪੁਤਲੀ ਵਾਂਗ ਕੰਮ ਕੀਤਾ ਹੈ। ਕੇਂਦਰ ਸਰਕਾਰ ਨੇ ਆਪਣੀਆਂ ਗਲਤੀਆਂ ਨੂੰ ਛੁਪਾਉਣ ਲਈ ਰਾਜਪਾਲ ਕੋਲੋਂ ਆਪਣਾ ਭਾਸ਼ਨ ਪੜ੍ਹਾਇਆ ਹੈ। ਰਾਜਪਾਲ ਆਪਣਾ ਭਾਸ਼ਨ ਨਹੀਂ ਪੜ੍ਹ ਸਕਦੇ, ਉਨ੍ਹਾਂ ਨੂੰ ਮੰਤਰੀ ਮੰਡਲ ਦੁਆਰਾ ਤਿਆਰ ਕੀਤਾ ਭਾਸ਼ਨ ਪੜ੍ਹਨਾ ਪੈਂਦਾ ਹੈ। ਸਿੱਧਾਰਮਈਆ ਨੇ ਦੱਸਿਆ ਕਿ ਕੈਬਨਿਟ ਨੇ ਮਗਨਰੇਗਾ 2005 ਦੀ ਬਹਾਲੀ ਦੀ ਮੰਗ ਨੂੰ ਰਾਜਪਾਲ ਦੇ ਭਾਸ਼ਨ ’ਚ ਸ਼ਾਮਿਲ ਕੀਤਾ ਸੀ, ਪਰ ਰਾਜਪਾਲ ਨੇ ਕੈਬਨਿਟ ਦਾ ਤਿਆਰ ਕੀਤਾ ਭਾਸ਼ਨ ਨਾ ਪੜ੍ਹ ਕੇ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਕਰਦਿਆਂ ਚੁਣੇ ਹੋਏ ਪ੍ਰਤੀਨਿਧੀਆਂ ਦੇ ਸਦਨ ਦਾ ਵੀ ਅਪਮਾਨ ਕੀਤਾ ਹੈ। ਸਾਡੀ ਸਰਕਾਰ, ਪਾਰਟੀ ਤੇ ਵਿਧਾਇਕ ਇਸ ਦਾ ਵਿਰੋਧ ਕਰਨ ਲਈ ਸੂਬੇ ਭਰ ਵਿੱਚ ਵਿਰੋਧ ਪ੍ਰਦਰਸ਼ਨ ਕਰਾਂਗੇ।

ਕੇਰਲਾ ਵਿਧਾਨ ਸਭਾ ’ਚ ਵੀ 20 ਜਨਵਰੀ ਨੂੰ ਇੱਕ ਅਸਾਧਾਰਨ ਦ੍ਰਿਸ਼ ਦੇਖਣ ਨੂੰ ਮਿਲਿਆ, ਜਦੋਂ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਸਦਨ ਤੋਂ ਵਾਕਆਊਟ ਕਰ ਗਏ ਅਤੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਉਨ੍ਹਾਂ ਦੇ ਨੀਤੀਗਤ ਭਾਸ਼ਨ ਨੂੰ ਠੀਕ ਕੀਤਾ। ਸੂਬੇ ਵਿੱਚ ਖੱਬੇ ਪੱਖੀ ਜਮਹੂਰੀ ਮੋਰਚੇ ਦੀ ਸਰਕਾਰ ਹੈ, ਮੁੱਖ ਮੰਤਰੀ ਵਿਜਯਨ ਨੇ ਦੱਸਿਆ ਕਿ ਰਾਜਪਾਲ ਅਰਲੇਕਰ ਨੇ ਆਪਣੇ ਨੀਤੀਗਤ ਭਾਸ਼ਨ ਦੇ ਪੈਰੇ 12, 15 ਤੇ 16 ਵਿਚ ਬਦਲਾਅ ਕਰਦਿਆਂ ਕੁਝ ਗੱਲਾਂ ਆਪਣੇ ਵਲੋਂ ਜੋੜੀਆਂ ਹਨ। ਕੇਰਲਾ ਕੈਬਨਿਟ ਨੇ ਪੈਰਾ 12 ਵਿਚ ਲਿਖਿਆ ਸੀ ਕਿ ਇਨ੍ਹਾਂ ਸਮਾਜਿਕ ਤੇ ਸੰਸਥਾਗਤ ਪ੍ਰਾਪਤੀਆਂ ਦੇ ਬਾਵਜੂਦ ਕੇਰਲਾ ਕੇਂਦਰ ਸਰਕਾਰ ਦੀਆਂ ਕਈ ਪ੍ਰਤੀਕੂਲ ਕਾਰਵਾਈਆਂ ਕਾਰਨ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਜੋ ਵਿੱਤੀ ਸੰਘਵਾਦ ਦੇ ਸੰਵਿਧਾਨਕ ਸਿਧਾਂਤਾਂ ਨੂੰ ਕਮਜ਼ੋਰ ਕਰਦੇ ਹਨ। ਰਾਜਪਾਲ ਅਰਲੇਕਰ ਨੇ ਇਸ ਨੂੰ ਬਦਲ ਦਿੱਤਾ ਅਤੇ ਪੈਰਾ 15 ਦੇ ਉਸ ਹਿੱਸੇ ਨੂੰ ਨਹੀਂ ਪੜ੍ਹਿਆ ਜਿੱਥੇ ਲਿਖਿਆ ਗਿਆ ਸੀ ਕਿ ਰਾਜ ਵਿਧਾਨ ਸਭਾ ਦੁਆਰਾ ਪਾਸ ਕੀਤੇ ਗਏ ਕਈ ਬਿੱਲ ਲੰਬੇ ਸਮੇਂ ਤੋਂ ‘ਪੈਂਡਿੰਗ’ ਪਏ ਹਨ। ਮੇਰੀ ਸਰਕਾਰ ਨੇ ਇਨ੍ਹਾਂ ਮੁੱਦਿਆਂ ’ਤੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ, ਜਿਨ੍ਹਾਂ ਨੂੰ ਇੱਕ ਸੰਵਿਧਾਨਕ ਬੈਂਚ ਨੂੰ ਭੇਜਿਆ ਗਿਆ ਹੈ। ਰਾਜਪਾਲ ਨੇ ਕੈਬਨਿਟ ਦੁਆਰਾ ਪ੍ਰਵਾਨਿਤ ਪੈਰਾ 16 ਵਿੱਚ ਲਿਖੇ, ‘ਟੈਕਸਾਂ ਦੀ ਵੰਡ ਤੇ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਸੂਬਿਆਂ ਦੇ ਸੰਵਿਧਾਨਕ ਅਧਿਕਾਰ ਹਨ, ਕੋਈ ਚੈਰਿਟੀ ਨਹੀਂ ਅਤੇ ਇਸ ਕਾਰਜ ਲਈ ਜ਼ਿੰਮੇਵਾਰ ਸੰਵਿਧਾਨਕ ਸੰਸਥਾਵਾਂ ’ਤੇ ਕੋਈ ਵੀ ਦਬਾਅ ਸੰਘੀ ਪ੍ਰਣਾਲੀ ਨੂੰ ਕਮਜ਼ੋਰ ਕਰਦਾ ਹੈ’ ਨੂੰ ਵੀ ਨਹੀਂ ਪੜ੍ਹਿਆ। ਮੁੱਖ ਮੰਤਰੀ ਵਿਜਯਨ ਨੇ ਦੱਸਿਆ ਕਿ ਰਾਜਪਾਲ ਸਾਲ ਦੇ ਪਹਿਲੇ ਸੈਸ਼ਨ ਦੀ ਸ਼ੁਰੂਆਤ ਵਿੱਚ ਵਿਧਾਨ ਸਭਾ ਨੂੰ ਸੰਬੋਧਨ ਕਰਨ ਸਮੇਂ ਸੂਬਾ ਸਰਕਾਰ ਦੀ ਨੀਤੀ ਨੂੰ ਪੇਸ਼ ਕਰਦੇ ਹਨ, ਇਸ ਲਈ ਕੈਬਨਿਟ ਦੁਆਰਾ ਪ੍ਰਵਾਨਿਤ ਪੈਰਾ 12, 15 ਤੇ 16 ਹੀ ਠੀਕ ਮੰਨੇ ਜਾਣਗੇ।

ਤਾਮਿਲਨਾਡੂ ਦੇ ਰਾਜਪਾਲ ਆਰ.ਐਨ. ਰਵੀ ਨੇ ਜਦੋਂ 20 ਜਨਵਰੀ ਨੂੰ ਲਗਾਤਾਰ ਤੀਜੇ ਸਾਲ ਵਿਧਾਨ ਸਭਾ ਚੋਂ ਵਾਕਆਊਟ ਕੀਤਾ ਤਾਂ ਭਾਰਤ ਦੇ ਰਾਸ਼ਟਰੀ ਗੀਤ ਦਾ ਅਪਮਾਨ ਕਰਨ ਦਾ ਦੋਸ਼ ਲਗਾਉਂਦਿਆਂ ਬਾਈਕਾਟ ਕਰਨ ਦੇ 12 ਹੋਰ ਕਾਰਨ ਦੱਸੇ, ਜਿਸ ਤੋਂ ਬਾਅਦ ਡੀ.ਐਮ.ਕੇ. ਨੇਤਾ ਤੇ ਸੂਬੇ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕਿਹਾ ਕਿ ਉਹ

(ਬਾਕੀ ਸਫ਼ਾ 27 ’ਤੇ)

# ਕਿਤੇ ਤਕਨੀਕ ਦਾ ਗ਼ੁਲਾਮ ਨਾ ਬਣ ਜਾਵੇ ਮਨੁੱਖ



ਸੁਖਵਿੰਦਰ ਕੌਰ

ਅੱਜ ਦੇ ਡਿਜੀਟਲ ਯੁੱਗ ਵਿੱਚ ਮੋਬਾਈਲ ਫੋਨ ਅਤੇ ਲੈਪਟਾਪ ਮਨੁੱਖੀ ਜੀਵਨ ਦਾ ਅਹਿਮ ਹਿੱਸਾ ਬਣ ਚੁੱਕੇ ਹਨ। ਕਿਸੇ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨ, ਸੰਚਾਰ ਕਰਨ, ਆਨਲਾਈਨ ਸਿੱਖਿਆ ਅਤੇ ਮਨੋਰੰਜਨ ਲਈ ਇਹ ਸਾਧਨ ਬਹੁਤ ਜ਼ਰੂਰੀ ਹੋ ਗਏ ਹਨ।

ਜਿੱਥੇ ਇਹ ਇੱਕ ਪਾਸੇ ਸਹੂਲਤਾਂ ਪ੍ਰਦਾਨ ਕਰਦੇ ਹਨ, ਓਥੇ ਹੀ ਦੂਜੇ ਪਾਸੇ ਇਨ੍ਹਾਂ ਦੀ ਜ਼ਿਆਦਾ ਵਰਤੋਂ ਮਨੁੱਖੀ ਸਿਹਤ ਅਤੇ ਵਿਦਿਆਰਥੀ ਜੀਵਨ ਉੱਤੇ ਬਹੁਤ ਬੁਰੇ ਪ੍ਰਭਾਵ ਛੱਡ ਰਹੀ ਹੈ। ਲੰਬੇ ਸਮੇਂ ਤੱਕ ਫੋਨ ਜਾਂ ਲੈਪਟਾਪ ਦੀ ਸਕਰੀਨ ਦੇਖਣ ਨਾਲ ਅੱਖਾਂ ਉੱਤੇ ਬਹੁਤ ਬੁਰਾ ਅਸਰ ਪੈਂਦਾ ਹੈ। ਇਨ੍ਹਾਂ ਦੀ ਵਧੇਰੇ ਵਰਤੋਂ ਕਾਰਨ ਅੱਖਾਂ ਵਿੱਚ ਜਲਣ, ਪਾਣੀ ਨਿਕਲਣਾ, ਧੁੰਦਲਾ ਦਿਸਣਾ ਤੇ ਸਿਰ ਦਰਦ ਆਮ ਸਮੱਸਿਆਵਾਂ ਬਣ ਗਈਆਂ ਹਨ।

ਸਕਰੀਨ ਤੋਂ ਨਿਕਲਣ ਵਾਲੀ ਰੌਸ਼ਨੀ ਨੀਂਦ ਦੇ ਚੱਕਰ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਨਾਲ ਨੀਂਦ ਨਾ ਆਉਣਾ ਅਤੇ ਥਕਾਵਟ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਦੇ ਨਾਲ-ਨਾਲ ਸਰੀਰਕ ਸਿਹਤ ਉੱਤੇ ਵੀ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਫੋਨ ਜਾਂ ਲੈਪਟਾਪ ਦੀ ਵਰਤੋਂ ਦੌਰਾਨ ਲੰਬੇ ਸਮੇਂ ਤੱਕ ਇੱਕੋ ਅਵਸਥਾ ਵਿੱਚ ਬੈਠੇ ਰਹਿਣ ਨਾਲ ਗਰਦਨ ਤੇ ਕਮਰ ਦਰਦ ਅਤੇ ਸਰੀਰ ਦੀ ਜਕੜਨ ਵਧਦੀ ਹੈ। ਇਨ੍ਹਾਂ ਕਾਰਨ ਬੱਚਿਆਂ ਅਤੇ ਨੌਜਵਾਨਾਂ ਵਿੱਚ ਸਰੀਰਕ ਸਰਗਰਮੀ ਘੱਟ ਹੋ ਰਹੀ ਹੈ। ਇਸ ਕਾਰਨ ਮੋਟਾਪੇ ਤੇ ਹੋਰ ਬਿਮਾਰੀਆਂ ਦਾ ਖ਼ਤਰਾ ਵਧ ਰਿਹਾ ਹੈ। ਵਿਦਿਆਰਥੀ ਜੀਵਨ ਵਿੱਚ ਸਕਰੀਨ ਦੀ ਵਧਦੀ ਵਰਤੋਂ ਪੜ੍ਹਾਈ ਲਈ ਵੱਡੀ ਚੁਣੌਤੀ ਬਣ ਗਈ ਹੈ। ਆਨਲਾਈਨ ਗੇਮਾਂ, ਸੋਸ਼ਲ ਮੀਡੀਆ ਪਲੇਟਫਾਰਮਾਂ ਕਾਰਨ ਵਿਦਿਆਰਥੀਆਂ ਦਾ ਧਿਆਨ ਪੜ੍ਹਾਈ ਤੋਂ ਭਟਕਦਾ ਹੈ। ਪੜ੍ਹਾਈ ਦੇ ਸਮੇਂ ਨੋਟੀਫਿਕੇਸ਼ਨ ਆਉਣ ਨਾਲ ਧਿਆਨ ਭੰਗ ਹੁੰਦਾ ਹੈ ਜਿਸ ਨਾਲ ਯਾਦਦਾਸ਼ਤ ਅਤੇ ਇਕਾਗਰਤਾ, ਦੋਵੇਂ ਪ੍ਰਭਾਵਿਤ ਹੁੰਦੀਆਂ ਹਨ।

ਨਤੀਜੇ ਵਜੋਂ ਅਕਾਦਮਿਕ ਪ੍ਰਦਰਸ਼ਨ ਘਟਦਾ ਹੈ। ਮਾਨਸਿਕ ਤੌਰ ’ਤੇ ਵੀ ਫੋਨ ਅਤੇ ਲੈਪਟਾਪ ਦੀ ਜ਼ਿਆਦਾ ਵਰਤੋਂ ਹਾਨੀਕਾਰਕ ਸਾਬਿਤ ਹੋ ਰਹੀ ਹੈ। ਵਰਚੁਅਲ ਦੁਨੀਆ ਵਿੱਚ ਵਧੇਰੇ ਸਮਾਂ ਬਿਤਾਉਣ ਨਾਲ ਮਨੁੱਖ ਵਿੱਚ ਇਕਾਂਤ, ਚਿੜਚਿੜਾਪਣ ਅਤੇ ਤਣਾਅ ਵਧ ਰਿਹਾ ਹੈ। ਅਸਲੀ ਜੀਵਨ ਦੇ ਸਬੰਧ ਕਮਜ਼ੋਰ ਹੋ ਰਹੇ ਹਨ ਜਿਸ ਨਾਲ ਸਮਾਜਿਕ ਵਿਕਾਸ ਰੁਕਦਾ ਹੈ। ਬੱਚੇ ਅਕਸਰ ਮੋਬਾਈਲ ਫੋਨ ਜਾਂ ਟੈਬਲਟ ’ਤੇ ਗੇਮਜ਼ ਬਹੁਤ ਜ਼ਿਆਦਾ ਖੇਡਦੇ ਹਨ। ਇਸ ਕਾਰਨ ਉਨ੍ਹਾਂ ਦੀ ਦਿਮਾਗੀ ਕਾਰਜਪ੍ਰਣਾਲੀ ’ਤੇ ਮਾੜਾ ਅਸਰ ਪੈਂਦਾ ਹੈ।

ਬਹੁਤ ਵਾਰ ਦੇਖਣ ਵਿੱਚ ਆਇਆ ਹੈ ਕਿ ਬੱਚੇ ਬਹੁਤ ਭਿਆਨਕ ਦਿਮਾਗੀ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਬਾਰੇ ਸਾਨੂੰ ਸਾਰਿਆਂ ਨੂੰ ਸੋਚਣ ਦੀ ਬਹੁਤ ਜ਼ਰੂਰਤ ਹੈ। ਮਾਪਿਆਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬੱਚਿਆਂ ਨੂੰ ਮੋਬਾਈਲ ਦੀ ਵਰਤੋਂ ਘੱਟ ਤੋਂ ਘੱਟ ਕਰਨ ਦਿੱਤੀ ਜਾਵੇ। ਬੱਚੇ ਗਰਾਊਂਡ ਵਿੱਚ ਜਾ ਕੇ ਖੇਡਣ ਅਤੇ ਹੋਰ ਸਰੀਰਕ ਗਤੀਵਿਧੀਆਂ ਕਰਨ।

ਇਹ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਬੱਚੇ ਨੂੰ ਜੇ ਤੁਸੀਂ 10 ਸਾਲ ਤੱਕ ਇਨ੍ਹਾਂ ਅਜੋਕੀਆਂ ਮੁਸੀਬਤਾਂ ਤੋਂ ਦੂਰ ਰੱਖੋਗੇ ਤਾਂ ਉਨ੍ਹਾਂ ਦਾ ਭਵਿੱਖ ਬਹੁਤ ਚੰਗਾ ਹੋਵੇਗਾ ਤੇ ਉਹ ਸਿਹਤਮੰਦ ਵੀ ਰਹਿਣਗੇ। ਇੰਝ ਕਰਨ ਨਾਲ ਸਾਡਾ ਸਮਾਜ ਨਰੋਆ ਤੇ ਵਿਕਸਿਤ ਬਣੇਗਾ।

ਅੱਜ ਦੇ ਸਮੇਂ ਵਿੱਚ ਦੁਨੀਆ ਭਰ ਦੇ ਲੋਕ ਹਰ ਰੋਜ਼ ਔਸਤਨ ਛੇ ਤੋਂ ਸੱਤ ਘੰਟੇ ਇੰਟਰਨੈੱਟ ਜਾਂ ਡਿਜੀਟਲ ਡਿਵਾਈਸਾਂ, ਮੋਬਾਈਲ, ਲੈਪਟਾਪ ਤੇ ਟੈਬਲੇਟ ’ਤੇ ਬਿਤਾਉਂਦੇ ਹਨ। ਦੁਨੀਆ ਦੀ ਲਗਪਗ 70% ਆਬਾਦੀ ਇੰਟਰਨੈਟ ਵਰਤਦੀ ਹੈ। ਕੁਝ ਦੇਸ਼ਾਂ ਵਿੱਚ ਲੋਕ 8-9 ਘੰਟੇ ਤੱਕ ਵੀ ਆਨਲਾਈਨ ਰਹਿੰਦੇ ਹਨ। ਵਿਦਿਆਰਥੀ, ਨੌਕਰੀਪੇਸ਼ਾ ਲੋਕ ਅਤੇ ਸੋਸ਼ਲ ਮੀਡੀਆ ਵਰਤਣ ਵਾਲੇ ਲੋਕਾਂ ਦਾ ਸਕਰੀਨ ਟਾਈਮ ਬਹੁਤ ਜ਼ਿਆਦਾ ਹੁੰਦਾ ਹੈ। ਵਿਦਿਆਰਥੀ ਪੰਜ ਤੋਂ ਅੱਠ ਘੰਟੇ ਪ੍ਰਤੀ ਦਿਨ ਆਨਲਾਈਨ ਕਲਾਸਾਂ, ਯੂਟਿਊਬ, ਗੂਗਲ ਏਆਈ, ਗੇਮਿੰਗ ਅਤੇ ਸੋਸ਼ਲ ਮੀਡੀਆ ’ਤੇ ਬਿਤਾਉਂਦੇ ਹਨ। ਡਿਜੀਟਲ ਡਿਵਾਈਸ ਅੱਜ ਦੇ ਦੌਰ ਦੀ ਜ਼ਰੂਰਤ ਵੀ ਹਨ ਤੇ ਲਾਭਦਾਇਕ ਵੀ ਪਰ ਇਨ੍ਹਾਂ ਦੀ ਸਹੀ ਅਤੇ ਸੰਤੁਲਿਤ ਵਰਤੋਂ ਬਹੁਤ ਜ਼ਰੂਰੀ ਹੈ।

ਇਨ੍ਹਾਂ ਨੂੰ ਸਮਝਦਾਰੀ ਨਾਲ ਵਰਤਿਆ ਜਾਵੇ ਤਾਂ ਇਹ ਪੜ੍ਹਾਈ ਵਿਚ ਬਹੁਤ ਲਾਹੇਵੰਦ ਸਿੱਧ ਹੁੰਦੇ ਹਨ। ਪੜ੍ਹਾਈ ਲਈ ਟੈਕਨਾਲੋਜੀ ਦੀ ਵਰਤੋਂ ਵਿਦਿਆਰਥੀਆਂ ਨੂੰ ਬਹੁਤ ਅੱਗੇ ਤੱਕ ਲੈ ਕੇ ਜਾ ਸਕਦੀ ਹੈ। ਇੰਟਰਨੈੱਟ ਅਤੇ ਡਿਜੀਟਲ ਡਿਵਾਈਸਿਜ਼ ਦੀ ਵਰਤੋਂ ਜ਼ਰੂਰ ਕਰੋ ਪਰ ਕਿਤਾਬਾਂ ਨੂੰ ਆਪਣੇ ਸ਼ੌਕ ਵਿੱਚੋਂ ਮਨਫ਼ੀ ਨਾ ਹੋਣ ਦਿਓ। ਕਿਤਾਬਾਂ ਜ਼ਰੂਰ ਪੜ੍ਹੋ, ਇਸ ਨਾਲ ਤੁਹਾਡਾ ਸਕਰੀਨ ਟਾਈਮ ਘਟਦਾ ਹੈ ਤੇ ਇਕਾਗਰਤਾ ਵਧਦੀ ਹੈ।

ਸਕਰੀਨ ਟਾਈਮ ਘਟਾਉਣ ਦੇ ਕੁਝ ਅਹਿਮ ਨੁਕਤੇ ਹਨ ਜਿਨ੍ਹਾਂ ਨੂੰ ਜ਼ਰੂਰ ਅਪਣਾਓ। ਮੋਬਾਈਲ ਜਾਂ ਟੀਵੀ ਲਈ ਦਿਨ ’ਚ ਸਮਾਂ ਨਿਸ਼ਚਿਤ ਕਰੋ, ਪੜ੍ਹਾਈ ਕਰਦੇ ਸਮੇਂ ਮੋਬਾਈਲ ਸਾਈਲੈਂਟ ਜਾਂ ਦੂਜੇ ਕਮਰੇ ਵਿਚ ਰੱਖੋ। ਹਰ 30-40 ਮਿੰਟਾਂ ਬਾਅਦ ਅੱਖਾਂ ਨੂੰ ਆਰਾਮ ਦਿਓ। ਬਿਨਾਂ ਲੋੜ ਮੋਬਾਈਲ ਚਲਾਉਣ ਤੋਂ ਬਚੋ। ਗੇਮਾਂ ਅਤੇ ਸੋਸ਼ਲ ਮੀਡੀਆ ’ਤੇ ਸੀਮਤ ਸਮਾਂ ਗੁਜ਼ਾਰੋ। ਕਿਤਾਬਾਂ ਪੜ੍ਹਨ ਦੀ ਆਦਤ ਪਾਓ, ਬੇਸ਼ੱਕ ਉਹ ਕਹਾਣੀਆਂ ਜਾਂ ਗਿਆਨ ਵਾਲੀਆਂ ਕਿਤਾਬਾਂ ਹੋਣ ਜਾਂ ਤੁਹਾਡੇ ਕਿਸੇ ਵੀ ਵਿਸ਼ੇ ਨਾਲ ਮਿਲਦੀਆਂ ਹੋਣ। ਬਾਹਰ ਖੇਡੋ ਅਤੇ ਕਸਰਤ ਕਰੋ। ਜਦੋਂ ਵੀ ਬੱਚੇ ਆਪਣਾ ਡਿਜੀਟਲ ਡਿਵਾਈਸ ਵਰਤੋਂ ਵਿੱਚ ਲਿਆਉਂਦੇ ਹਨ ਤਾਂ ਉਨ੍ਹਾਂ ’ਤੇ ਨਜ਼ਰ ਰੱਖੀ ਜਾਵੇ। ਹੋਰ ਸ਼ੌਕ ਵੀ ਵਿਕਸਿਤ ਕਰੋ ਜਿਵੇਂ ਕਿ ਡਰਾਇੰਗ, ਗੀਤ-ਸੰਗੀਤ, ਲਿਖਣਾ ਜਾਂ ਬਾਗ਼ਵਾਨੀ ਆਦਿ। ਪੜ੍ਹਾਈ ਦੇ ਨਾਲ-ਨਾਲ ਆਪਣੇ ਸ਼ੌਕ ਵੀ ਜਿਉਂਦੇ ਰੱਖੋ। ਟੈਕਨਾਲੋਜੀ ਨੂੰ ਲੋੜ ਲਈ ਵਰਤੋ। ਮਨੋਰੰਜਨ ਤੇ ਸਿੱਖਿਆ ਨੂੰ ਤਰਜੀਹ ਦਿਓ। ਪੜ੍ਹਾਈ ਦੌਰਾਨ ਡਿਜੀਟਲ ਵਿਘਨਾਂ ਨੂੰ ਘਟਾਇਆ ਜਾਵੇ ਜਿਵੇਂ ਕਿ ਨੋਟੀਫਿਕੇਸ਼ਨ ਬੰਦ ਕਰਨਾ ਅਤੇ ਫੋਨ ਨੂੰ ਸਾਈਲੈਂਟ ਰੱਖਣਾ। ਇੱਕ ਸਮੇਂ ’ਚ ਇੱਕ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਮਾਪਿਆਂ ਤੇ ਅਧਿਆਪਕਾਂ ਨੂੰ ਬੱਚਿਆਂ ਅੱਗੇ ਆਪ ਮਿਸਾਲ ਪੇਸ਼ ਕਰਨੀ ਚਾਹੀਦੀ ਹੈ। ਜਦੋਂ ਬੱਚੇ ਵੱਡਿਆਂ ਨੂੰ ਸੰਤੁਲਿਤ ਸਕਰੀਨ ਵਰਤੋਂ ਕਰਦੇ ਵੇਖਦੇ ਹਨ ਤਾਂ ਉਹ ਖ਼ੁਦ ਵੀ ਉਸੇ ਤਰ੍ਹਾਂ ਹੀ ਕਰਨ ਲੱਗਦੇ ਹਨ।

ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਕਰਨੀ ਬਹੁਤ ਜ਼ਰੂਰੀ ਹੈ ਤੇ ਉਨ੍ਹਾਂ ਨੂੰ ਵਧੇਰੇ ਸਮਾਂ ਸਕਰੀਨ ਦੇਖਣ ਦੇ ਨੁਕਸਾਨਾਂ ਬਾਰੇ ਸਮਝਾਇਆ ਜਾਵੇ। ਸਮੇਂ ਦੇ ਹਾਣੀ ਬਣਨ ਲਈ ਸਾਨੂੰ ਡਿਜੀਟਲ ਡਿਵਾਈਸਿਜ਼ ਨੂੰ ਸਿੱਖਣਾ ਤੇ ਪੂਰੇ ਸੰਸਾਰ ਨਾਲ ਜੁੜਨਾ ਬਹੁਤ ਜ਼ਰੂਰੀ ਹੈ ਪਰ ਖ਼ੁਦ ਨੂੰ ਸਿਹਤਮੰਦ ਰੱਖਣ ਲਈ ਸਾਨੂੰ ਇਨ੍ਹਾਂ ਦੀ ਸੰਤੁਲਿਤ ਵਰਤੋਂ ਕਰਨੀ ਚਾਹੀਦੀ ਹੈ। ਮੋਬਾਈਲ ਤੇ ਲੈਪਟਾਪ ਆਦਿ ਨੂੰ ਪੂਰੀ ਤਰ੍ਹਾਂ ਛੱਡਣਾ ਅੱਜ ਦੇ ਯੁੱਗ ਵਿੱਚ ਸੰਭਵ ਨਹੀਂ ਹੈ ਪਰ ਸਹੀ ਯੋਜਨਾ ਅਤੇ ਜਾਗਰੂਕਤਾ ਨਾਲ ਬੱਚਿਆਂ, ਵਿਦਿਆਰਥੀਆਂ ਅਤੇ ਪਰਿਵਾਰ ਨੂੰ ਸਕਰੀਨ ਨਾਲ ਜੁੜੀਆਂ ਕਈ ਸਮੱਸਿਆਵਾਂ ਤੋਂ ਬਚਾਇਆ ਜਾ ਸਕਦਾ ਹੈ। ਦਿਨ ਵਿੱਚ ਘੱਟੋ-ਘੱਟ ਇੱਕ ਸਮਾਂ ਅਜਿਹਾ ਹੋਵੇ ਜਦੋਂ ਸਾਰੇ ਪਰਿਵਾਰਕ ਮੈਂਬਰ ਇਕੱਠੇ ਬੈਠ ਕੇ ਗੱਲਬਾਤ ਕਰਨ, ਖਾਣਾ ਖਾਣ ਜਾਂ ਕਿਸੇ ਸਰਗਰਮੀ ਵਿੱਚ ਭਾਗ ਲੈਣ ਤੇ ਮੋਬਾਈਲ ਫੋਨ ਬੰਦ ਹੋਣ ਜਾਂ ਸਾਈਲੈਂਟ ’ਤੇ ਰੱਖੇ ਜਾਣ।

ਇਸ ਦੌਰਾਨ ਫੋਨ ਤੋਂ ਦੂਰੀ ਬਣਾਈ ਜਾਵੇ। ਨੀਂਦ ਤੋਂ ਘੱਟੋ-ਘੱਟ ਇੱਕ ਘੰਟਾ ਪਹਿਲਾਂ ਫੋਨ ਜਾਂ ਲੈਪਟਾਪ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕੋਸ਼ਿਸ਼ ਕਰੋ ਕਿ ਫੋਨ ਨੂੰ ਛੱਡ ਕੇ ਕੋਈ ਵੀ ਕਿਤਾਬ ਸੌਣ ਤੋਂ ਪਹਿਲਾਂ ਜ਼ਰੂਰ ਪੜ੍ਹੀ ਜਾਵੇ। ਅੱਜ-ਕੱਲ੍ਹ ਦੇ ਸਮੇਂ ਵਿੱਚ ਆਮ ਦੇਖਦੇ ਹਾਂ ਕਿ ਔਰਤਾਂ ਪ੍ਰੈਗਨੈਂਸੀ ਦੌਰਾਨ ਵੀ ਮੋਬਾਈਲ ਫੋਨ, ਲੈਪਟਾਪ ਜਾਂ ਟੀਵੀ ’ਤੇ ਬਹੁਤ ਜ਼ਿਆਦਾ ਸਮਾਂ ਬਿਤਾਉਂਦੀਆਂ ਹਨ।

(ਬਾਕੀ ਸਫ਼ਾ 27 ’ਤੇ)

# ਕੀ ਹੋਵੇਗਾ ਨਵੇਂ ਬੀਜ ਬਿੱਲ ਦਾ ਅਸਰ ?



ਡਾ. ਅਮਨਪ੍ਰੀਤ ਸਿੰਘ ਬਰਾੜ

ਭਾਰਤ ਵਿੱਚ ਖੇਤੀ ਖੋਜ ਅਤੇ ਪਸਾਰ ਮੁੱਖ ਤੌਰ ’ਤੇ ਸਰਕਾਰੀ ਅਦਾਰਿਆਂ ਵੱਲੋਂ ਹੀ ਕੀਤਾ ਜਾਂਦਾ ਰਿਹਾ ਹੈ। ਭਾਵੇਂ ਕੁਝ ਨਿੱਜੀ ਕੰਪਨੀਆਂ ਆਪਣੇ ਖੇਤੀ ਵਿੱਚ ਵਰਤੋਂ ਵਾਲੇ ਰਸਾਇਣ ਵੇਚਣ ਵਾਸਤੇ ਖੇਤਾਂ ਵਿੱਚ ਪ੍ਰਦਰਸ਼ਨੀ ਪਲਾਟ ਲਗਾ ਕੇ ਆਪਣੇ-ਆਪ ਨੂੰ ਤਕਨਾਲੋਜੀ ਦੇ ਖੇਤਰ ਵਿੱਚ ਹਿੱਸਾ ਪਾਉਣਾ ਦੱਸ ਕੇ ਸਰਕਾਰੀ ਫੰਡਾਂ ਵਿੱਚੋਂ ਹਿੱਸਾ ਮੰਗਦੀਆਂ ਰਹੀਆਂ ਹਨ ਪਰ ਪਹਿਲੀਆਂ ਸਰਕਾਰਾਂ ਨੇ ਇਹ ਮੰਗ ਨਹੀਂ ਮੰਨੀ। ਕਹਿਣ ਦਾ ਮਤਲਬ ਇਹ ਕਿ ਜੋ ਖੇਤੀ ਖੋਜ ਜਾਂ ਪਸਾਰ ਦਾ ਕੰਮ ਭਾਰਤ ਵਿੱਚ ਕਿਸੇ ਦੇਸੀ ਜਾਂ ਵਿਦੇਸ਼ੀ ਕੰਪਨੀ ਨੇ ਕੀਤਾ, ਉਹ ਆਪਣਾ ਪੈਸਾ ਖ਼ਰਚ ਕੇ ਕੀਤਾ ਪਰ ਹੁਣ ਵਿਦੇਸ਼ੀ ਕੰਪਨੀਆਂ ਨੇ ਬਣੇ-ਬਣਾਏ ਸਰਕਾਰੀ ਅਦਾਰਿਆਂ ਵਿੱਚ ਪੈਰ ਧਰਨਾ ਸ਼ੁਰੂ ਕਰ ਦਿੱਤਾ ਹੈ।

ਹੁਣ ਖੇਤੀ ਖੋਜ ’ਚ ਨਿੱਜੀ ਖੇਤਰ ਦੀ ਹਿੱਸੇਦਾਰੀ ਦਾ ਰਾਹ ਪੱਧਰਾ ਹੋ ਗਿਆ ਹੈ। ਸੰਨ 2023 ਵਿੱਚ ਬਿਲ ਗੇਟਸ ਜੋ ਬਿਲ ਐਂਡ ਮਲਿੰਡਾ ਫਾਊਂਡੇਸ਼ਨ ਦੇ ਮੁੱਖ ਸੰਚਾਲਕ ਹਨ, ਨੇ ਪੂਸਾ ਇੰਸਟੀਚਿਊਟ ਨਵੀਂ ਦਿੱਲੀ ਵਿੱਚ ਗੇੜਾ ਮਾਰਿਆ ਸੀ ਅਤੇ ਇੱਛਾ ਜ਼ਾਹਰ ਕੀਤੀ ਸੀ ਕਿ ਉਹ ਰਲ ਕੇ ਖੋਜ ਕਰਨ ਜਿਸ ਨਾਲ ਬਦਲਦੇ ਮੌਸਮ ਦੇ ਅਨੁਕੂਲ ਖੋਜ ਕਰ ਕੇ ਫ਼ਸਲਾਂ ਦੇ ਨਵੇਂ ਬੀਜ ਲਿਆਂਦੇ ਜਾਣ। ਸਾਡੇ ਆਈਏਆਰਆਈ (ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ) ਜਿਸ ਨੂੰ ਪੂਸਾ ਇੰਸਟੀਚਿਊਟ ਵੀ ਕਿਹਾ ਜਾਂਦਾ ਹੈ, ਇਸ ਤੋਂ ਇਲਾਵਾ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ (ਆਈਸੀਏਆਰ) ਜਿਸ ਨਾਲ 113 ਖੋਜ ਕੇਂਦਰ ਅਤੇ 71 ਯੂਨੀਵਰਸਟੀਆਂ ਜੁੜੀਆਂ ਹਨ, ਇਹ ਸਾਰੇ ਹੀ ਵਿਸ਼ਵ ਪੱਧਰੀ ਖੋਜ ਕਰ ਰਹੇ ਹਨ, ਫਿਰ ਨਿੱਜੀ ਸੰਸਥਾਵਾਂ ਨੂੰ ਵਿੱਚ ਵਾੜਨ ਦੀ ਕੀ ਲੋੜ ਪੈ ਗਈ।

ਅਸਲ ਵਿੱਚ ਸਾਰੇ ਕਾਰਪੋਰੇਟ ਚਾਹੇ ਉਹ ਸਾਡੇ ਹੋਣ ਜਾਂ ਬਾਹਰਲੇ, ਉਹ ਸਾਡੀ ਖੇਤੀ ਨੂੰ ਕੰਟਰੋਲ ਕਰਨਾ ਚਾਹੁੰਦੇ ਹਨ। ਨਵੇਂ ਖੇਤੀ ਕਾਨੂੰਨ ਜੋ ਹੁਣ ਰੱਦ ਹਨ, ਇਨ੍ਹਾਂ ਦੀ ਹੀ ਦੇਣ ਸਨ। ਹੁਣ ਇਹ ਵਲ-ਭੰਨ ਕੇ ਦੁਬਾਰਾ ਹੰਬਲਾ ਮਾਰ ਰਹੇ ਹਨ। ਮਾਰਕੀਟਿੰਗ, ਪਸਾਰ ਤਾਂ ਪਹਿਲਾਂ ਹੀ ਇਨ੍ਹਾਂ ਦੇ ਹੱਥ ਵਿੱਚ ਜਾ ਚੁੱਕਾ ਹੈ। ਇਸ ਤੋਂ ਹਿਸਾਬ ਲੱਗਦਾ ਹੈ ਕਿ ਰੋਟੀ ਹਰੇਕ ਦੀ ਜ਼ਰੂਰਤ ਹੈ। ਕਿਉਂ ਨਾ ਇਕੱਲੀ ਇਸ ਦੀ ਮਾਰਕੀਟਿੰਗ ਦੀ ਬਜਾਏ ਇਸ ਦੀ ਪੈਦਾਵਾਰ ਨੂੰ ਹੀ ਕੰਟਰੋਲ ਕਰ ਲਿਆ ਜਾਵੇ। ਇਸ ਨੂੰ ਸਮਝਣ ਲਈ ਥੋੜ੍ਹਾ ਪਿੱਛੇ ਜਾਣਾ ਬਣਦਾ ਹੈ। ਇਸ ਸਾਰੀ ਵਾਰਤਾ ਵਿੱਚ ਖੋਜ ਖ਼ਾਸ ਕਰਕੇ ਬੀਜ ਦੀ, ਉਸ ਨੂੰ ਪੇਟੈਂਟ ਕੀਤਾ ਜਾਵੇਗਾ। ਇਹ ਕਿਸਾਨਾਂ ਲਈ ਇੱਕ ਖ਼ਤਰਨਾਕ ਕਦਮ ਹੋ ਸਕਦਾ ਹੈ।

ਜਦੋਂ ਤੱਕ ਗੈਟ (ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟੈਰਿਫ) ਰਿਹਾ, ਉਸ ਵਿੱਚੋਂ ਖੇਤੀ (ਭੋਜਨ) ਅਤੇ ਸਿਹਤ ਨੂੰ ਬਾਹਰ ਰੱਖਿਆ ਗਿਆ ਪਰ ਇਹ ਗੱਲ ਵਿਕਸਿਤ ਦੇਸ਼ਾਂ ਨੂੰ ਮਨਜ਼ੂਰ ਨਹੀਂ ਹੋਈ। ਉਨ੍ਹਾਂ ਨੇ ਆਪਣੇ ਪਲਾਂਟ ਬਰੀਡਰਾਂ ਦੀ ਖੋਜ ਨੂੰ ਇੰਟਲੈਕਚੂਅਲ ਪ੍ਰਾਪਰਟੀ ਰਾਈਟ ਹੇਠ ਲਿਆ ਕੇ ਆਪਣੇ ਹਿਸਾਬ ਨਾਲ ਸੂਈ-ਜੈਨਰਿਸ ਤਹਿਤ ਪੇਟੈਂਟ ਕਰਨਾ ਸ਼ੁਰੂ ਕਰ ਦਿੱਤਾ। ਇਸ ਨੂੰ 1961 ਵਿੱਚ ਮੋਡੀਫਾਈ ਕਰ ਕੇ ਇੰਟਰਨੈਸ਼ਨਲ ਯੂਨੀਅਨ ਫਾਰ ਦਿ ਪ੍ਰੋਟੈਕਸ਼ਨ ਆਫ ਨਿਊ ਵਰਾਈਟੀਜ਼ ਆਫ ਪਲਾਂਟ (ਯੂਪੀਓਵੀ) ਬਣਾ ਦਿੱਤਾ।

ਸਾਲ 1978 ਵਿੱਚ ਅਮਰੀਕਾ ਨੂੰ ਵੀ ਇਸ ਅਦਾਰੇ ਨਾਲ ਜੁੜਨ ਦੀ ਮਾਨਤਾ ਮਿਲ ਗਈ ਬਿਨਾਂ ਆਪਣਾ ਕਾਨੂੰਨ ਬਦਲੇ।

ਸੰਨ 1978 ਵਿੱਚ ਯੂਪੀਓਵੀ ਦੀ ਕਨਵੈਨਸ਼ਨ ਵਿੱਚ ਪਲਾਂਟ ਬਰੀਡਰ ਦੀ ਤਕਰੀਬਨ ਚੜ੍ਹਤ ਹੋ ਗਈ ਪਰ ਇਸ ਵੇਲੇ ਟਰੇਡ ਰਿਲੇਟਡ ਇੰਟੈਕਚੂਅਲ ਪ੍ਰੋਪਰਟੀ ਰਾਈਟਸ (ਟੀਆਰਆਈਪੀਐੱਸ) ਨੇ ਦੋ ਲੋਕਾਂ ਨੂੰ ਇਸ ਤੋਂ ਬਾਹਰ ਰੱਖਿਆ। ਪਹਿਲਾ, ਹੋਰ ਪਲਾਂਟ ਬਰੀਡਰ ਜਿਨ੍ਹਾਂ ਨੇ ਉਸ ਨੂੰ ਵਰਤ ਕੇ ਹੋਰ ਵਰਾਇਟੀ ਤਿਆਰ ਕਰਨੀ ਹੈ। ਦੂਜਾ, ਕਿਸਾਨ ਯਾਨੀ ਉਹ ਆਪਣੇ ਉਸ ਖ਼ਰੀਦੇ ਬੀਜ ਵਿੱਚੋਂ ਅਗਾਂਹ ਲਈ ਬੀਜ ਰੱਖ ਸਕਦਾ ਹੈ।

ਸੰਨ 1991 ਵਿੱਚ ਇਸ ਨੂੰ ਦੁਬਾਰਾ ਬਦਲਿਆ ਜਿਸ ਤਹਿਤ ਪਲਾਂਟ ਬਰੀਡਰ ਨੂੰ ਹੋਰ ਪ੍ਰੋਟੈਕਸ਼ਨ ਦਿੱਤੀ ਜਿਸ ਤਹਿਤ ਉਨ੍ਹਾਂ ਦੀ ਪੂਰੀ ਚੜ੍ਹਤ ਹੋ ਗਈ। ਇਸ ਤਹਿਤ ਜੇ ਕਿਸੇ ਹੋਰ ਬਰੀਡਰ ਨੇ ਇਸ ਨੂੰ ਵਰਤਣਾ ਹੈ ਤਾਂ ਉਸ ਨੂੰ ਪਲਾਂਟ ਬਰੀਡਰ ਰਾਈਟ ਹੋਲਡਰ (ਪੀਬੀਆਰ) ਤਹਿਤ ਰਾਇਲਟੀ ਦੇਣੀ ਹੋਵੇਗੀ ਜੇ ਉਸ ਨਵੀਂ ਵਰਾਇਟੀ ਵਿੱਚ ਕੋਈ ਵੀ ਟਰੇਟ/ਗੁਣ ਪੁਰਾਣੀ ਕਿਸਮ ਦਾ ਹੈ। ਇਸ ਤਰ੍ਹਾਂ ਕਿਸਾਨ ਵੀ ਹੁਣ ਆਪਣੀ ਪੈਦਾਵਾਰ ਅਗਲੇ ਸਾਲ ਲਈ ਨਹੀਂ ਵਰਤ ਸਕਣਗੇ। ਜੇ ਉਨ੍ਹਾਂ ਨੇ ਵਰਤਣੀ ਹੈ ਤਾਂ ਉਨ੍ਹਾਂ ਨੂੰ ਵੀ ਮੁਆਵਜ਼ਾ ਦੇਣਾ ਪਵੇਗਾ ਜਾਂ ਬਰੀਡਰ ਤੋਂ ਮਨਜ਼ੂਰੀ ਲੈਣੀ ਪਵੇਗੀ।


ਇਸ ਨੂੰ ਡਬਲਿਊਟੀਓ ਬਣਨ ਵੇਲੇ ਅੰਤਿਮ ਗੇੜ ਵਿੱਚ ਮਾਨਤਾ ਦਿੱਤੀ ਗਈ ਸੀ। ਇਸ ਨੂੰ ਲਾਗੂ ਕਰਨ ਨੂੰ ਦਸ ਸਾਲ ਦਿੱਤੇ ਗਏ ਸਨ। ਇਸ ਨੂੰ ਲਾਗੂ ਨਾ ਕਰਨ ਵਿੱਚ ਉਸ ਵੇਲੇ ਦੀਆਂ ਭਾਰਤ ਸਰਕਾਰਾਂ ਹਮੇਸ਼ਾ ਹੀ ਡਬਲਿਊਟੀਓ ਦੇ ਨਿਸ਼ਾਨੇ ’ਤੇ ਰਹਿੰਦੀਆਂ ਰਹੀਆਂ। ਇਹ ਹਾਲਾਤ ਸਾਨੂੰ ਕੁਝ ਵਿਕਸਤ ਦੇਸ਼ਾਂ ਵਿੱਚ ਦੇਖਣ ਨੂੰ ਮਿਲਦੇ ਹਨ। ਬ੍ਰਿਟਿਸ਼ ਸੁਸਾਇਟੀ ਫਾਰ ਪਲਾਂਟ ਪ੍ਰੋਟੈਕਸ਼ਨ ਨੇ 1995 ਵਿਚ ਸਕਾਟਲੈਂਡ ਦੇ ਕਿਸਾਨਾਂ ’ਤੇ ਕੋਰਟ ਵਿੱਚ ਉੱਚ ਪੱਧਰ ਦਾ ਕੇਸ ਕੀਤਾ ਕਿ ਇਹ ਕਿਸਾਨ ਦੂਜੇ ਕਿਸਾਨਾਂ ਨੂੰ ਆਲੂਆਂ ਦਾ ਬੀਜ ਵੇਚ ਰਹੇ ਹਨ। ਇਸ ਦੋਸ਼ ਵਿੱਚ ਅਦਾਲਤ ਨੇ ਕਿਸਾਨਾਂ ਨੂੰ 30000 ਪੌਂਡ ਦਾ ਜੁਰਮਾਨਾ ਕੀਤਾ ਤਾਂ ਕਿ ਜੋ ਘਾਟਾ ਸੀਡ (ਬੀਜ) ਕੰਪਨੀਆਂ ਨੂੰ ਪਿਆ ਹੈ, ਉਹ ਪੂਰਾ ਕੀਤਾ ਜਾ ਸਕੇ। ਇਸ ਤਰ੍ਹਾਂ ਦਾ ਕੇਸ ਅਮਰੀਕਾ ਵਿੱਚ ਐਸਗਰੋ ਸੀਡ ਕੰਪਨੀ ਨੇ ਉੱਥੋਂ ਦੇ ਕਿਸਾਨ ਡੈਨੀ ਅਤੇ ਉਸ ਦੀ ਪਤਨੀ ਬੈਕੀ ਵਿਨਟਰ ਬੋਇਰ ’ਤੇ ਕੀਤਾ ਸੀ। ਇਹ ਮੁਕੱਦਮਾ ਐਸਗਰੋਅ ਅਤੇ ਵਿਨਟਰ ਬੋਇਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਕੇਸ ਦਾ ਫ਼ੈਸਲਾ 1995 ਵਿੱਚ ਆਇਆ ਸੀ।

ਵਿਨਟਰ ਬੋਇਰ ਨੇ ਐਸਗਰੋ ਕੰਪਨੀ ਤੋਂ ਸੋਇਆਬੀਨ ਦਾ ਬੀਜ ਖ਼ਰੀਦਿਆ ਸੀ ਅਤੇ ਅੱਗੋਂ ਬੀਜ ਵਧਾ ਕੇ ਹੋਰ ਕਿਸਾਨਾਂ ਨੂੰ ਵੇਚ ਦਿੱਤਾ। ਕੰਪਨੀ ਦਾ ਤਰਕ ਸੀ ਕਿ ਇਹ ਕਿਸਮ ਪੇਟੈਂਟ ਹੋਈ ਹੈ ਅਤੇ ਕਿਸਾਨ ਅੱਗੋਂ ਬੀਜ ਨਹੀਂ ਵੇਚ ਸਕਦੇ। ਕਿਸਾਨਾਂ ਨੇ ਦਲੀਲ ਦਿੱਤੀ ਕਿ ਬੀਜ ਇੱਕ ਕਿਸਾਨ ਨੇ (ਵਿਨਟਰ ਬੋਇਰ) ਨੇ ਅੱਗੋਂ ਬੀਜ ਕਿਸਾਨਾਂ ਨੂੰ ਵੇਚਿਆ ਹੈ ਜੋ ਮੁੱਢਲੇ ਤੌਰ ’ਤੇ ਕੰਪਨੀ ਤੋਂ ਖ਼ਰੀਦਿਆ ਗਿਆ ਸੀ। ਇਹ ਕੇਸ ਤਾਂ ਵਿਨਟਰ ਬੋਇਰ ਦੇ ਹੱਕ ਵਿੱਚ ਹੋ ਗਿਆ ਪਰ ਅੱਗੋਂ ਤੋਂ ਕੰਪਨੀਆਂ ਨੇ ਸਰਕਾਰ ਤੋਂ ਕਾਨੂੰਨ ਹੀ ਬਦਲਵਾ ਦਿੱਤਾ। ਸਰਕਾਰਾਂ ਕਿਤੇ ਵੀ ਹੋਣ, ਕਾਰਪੋਰੇਟ ਦੇ ਹੱਕ ਵਿੱਚ ਹੀ ਭੁਗਤਦੀਆਂ ਹਨ।

ਇਸ ਅੰਤਰਰਾਸ਼ਟਰੀ ਐਕਟ ਨੇ ਤਾਂ ਭਾਰਤ ਦੀ ਹਲਦੀ, ਨਿੰਮ, ਬਾਸਮਤੀ ਵੀ ਨਹੀਂ ਸੀ ਛੱਡੀ। ਸੰਨ 1995 ਦੇ ਐਕਟ ਹੇਠ ਹਲਦੀ ਨੂੰ ਵੀ ਪੇਟੈਂਟ ਕਰ ਲਿਆ ਗਿਆ, ਨਿੰਮ ਨੂੰ ਪੈਸਟੀਸਾਈਡ ਬਣਾ ਕੇ ਅਮਰੀਕਨ ਕੰਪਨੀ ਨੂੰ ਪੇਟੈਂਟ ਮਿਲ ਗਿਆ। ਸਾਡੀ ਬਾਸਮਤੀ ਨੂੰ 1997 ਵਿੱਚ ਅਮਰੀਕਾ ਦੀ ਰਾਈਸ ਟੈਕ ਕੰਪਨੀ ਨੇ ਪੇਟੈਂਟ ਕਰਵਾ ਲਿਆ ਅਤੇ ਉਸ ਨੂੰ ਦੋ ਟਰੇਡ ਮਾਰਕਾਂ ਦੇ ਨਾਂ ’ਤੇ ਵੇਚਣ ਲੱਗੀ। ਟੈਕਸਮਤੀ-ਜਿਸ ਨੂੰ ਅਮਰੀਕਨ ਸਟਾਈਲ ਦੇ ਚੌਲ ਕਿਹਾ ਗਿਆ ਅਤੇ ਕਾਸਮਤੀ ਜਿਸ ਨੂੰ ਇੰਡੀਅਨ ਸਟਾਈਲ ਦੇ ਚੌਲ ਕਿਹਾ ਗਿਆ। ਇਸ ’ਤੇ ਭਾਰਤ ਨੇ 2000 ’ਚ ਇਤਰਾਜ਼ ਜਤਾਇਆ ਤਾਂ ਤਿੰਨ ਵਰਾਇਟੀਆਂ ਬੀਏਐੱਸ 867, ਆਰਟੀ 117 ਅਤੇ ਆਰਟੀ 121 ਨੂੰ ਪੇਟੈਂਟ ’ਚੋਂ ਬਾਹਰ ਕੱਢ ਦਿੱਤਾ ਗਿਆ।

(ਬਾਕੀ ਸਫ਼ਾ 27 ’ਤੇ)








# ਸਖ਼ਤ ਮਿਹਨਤ ਅਤੇ ਇਮਾਨਦਾਰੀ ਨਾਲ ਮਿਲਦੀ ਹੈ ਮੰਜ਼ਿਲ




ਜਗਮੋਹਨ ਸਿੰਘ 'ਲੱਕੀ'
9463819174

**ਸੁਪਨੇ ਤਾਂ ਹਰ ਉਮਰ ਵਿੱਚ ਵੇਖੇ ਜਾ ਸਕਦੇ ਹਨ। ਸੁਪਨਿਆਂ ਨੂੰ ਲੈਣ ਲਈ ਉਮਰ ਕੋਈ ਮਾਅਨੇ ਨਹੀਂ ਰੱਖਦੀ। ਜੋਬਨ ਰੁੱਤ ਵਿੱਚ ਲਏ ਸੁਪਨੇ ਵੀ ਅਕਸਰ ਸੱਚ ਹੋ ਜਾਂਦੇ ਹਨ ਅਤੇ ਅੱਧਖੜ ਉਮਰ ਵਿੱਚ ਵੀ ਲਏ ਗਏ ਸੁਪਨੇ ਪੂਰੇ ਕਰਨ ਲਈ ਕਈ ਮਨੁੱਖ ਆਪਣੀ ਪੂਰੀ ਵਾਹ ਲਗਾ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਜਿਹੜਾ ਵਿਅਕਤੀ 40 ਸਾਲ ਤੋਂ ਪਹਿਲਾਂ ਪਹਿਲਾਂ ਰੁਜ਼ਗਾਰ ਉੱਪਰ ਲੱਗ ਗਿਆ ਸੋ ਲੱਗ ਗਿਆ, ਉਸ ਤੋਂ ਬਾਅਦ ਉਸ ਨੂੰ ਕੰਮ ਮਿਲਣਾ ਮੁਸ਼ਕਿਲ ਹੋ ਜਾਂਦਾ ਹੈ ਪਰ ਅਸੀਂ ਅਜਿਹੇ ਲੋਕ ਵੀ ਵੇਖੇ ਹਨ ਜਿਨ੍ਹਾਂ ਨੂੰ 40 ਸਾਲ ਜਾਂ ਉਸ ਤੋਂ ਵੱਡੀ ਉਮਰ ਵਿੱਚ ਆਪਣੀ ਨੌਕਰੀ ਤੋਂ ਜਵਾਬ ਮਿਲ ਜਾਂਦਾ ਹੈ ਤਾਂ ਉਹ ਨਵਾਂ ਕੰਮ ਲੱਭਣ ਲਈ ਨਵਾਂ ਸੁਪਨਾ ਵੇਖਦੇ ਹਨ ਅਤੇ ਫਿਰ ਉਸ ਸੁਪਨੇ ਨੂੰ ਪੂਰਾ ਕਰਨ ਲਈ ਨਵੇਂ ਸਿਰੇ ਤੋਂ ਸਖ਼ਤ ਮਿਹਨਤ ਕਰਦੇ ਹਨ। ਸੋ ਕਹਿਣ ਦਾ ਭਾਵ ਇਹ ਹੈ ਕਿ ਸੁਪਨੇ ਲੈਣ ਦੀ ਕੋਈ ਉਮਰ ਹੱਦ ਨਿਸ਼ਚਿਤ ਨਹੀਂ ਹੁੰਦੀ। ਇਹ ਹਰ ਉਮਰ ਵਿੱਚ ਲਏ ਜਾ ਸਕਦੇ ਹਨ।**

ਸੁਪਨੇ ਇਸ ਦੁਨੀਆ ਰੂਪੀ ਸਲਤਨਤ ਦੇ ਸੁਲਤਾਨ ਹੁੰਦੇ ਹਨ, ਜੋ ਕਿ ਇੱਕ ਝਲਕ ਵਿੱਚ ਹੀ ਕਈ ਸਾਲਾਂ ਦੇ ਵਿੱਛੜਿਆਂ ਨਾਲ ਵੀ ਮੇਲ ਕਰਵਾ ਦਿੰਦੇ ਹਨ ਅਤੇ ਕੁਝ ਸਕਿੰਟਾਂ ਵਿੱਚ ਹੀ ਸੁੱਤੇ ਪਏ ਵਿਅਕਤੀ ਨੂੰ ਪੂਰੇ ਵਿਸ਼ਵ ਦੀ ਸੈਰ ਕਰਵਾ ਦਿੰਦੇ ਹਨ। ਅੱਲ੍ਹੜ ਉਮਰ ਅਤੇ ਜੋਬਨ ਰੁੱਤ ਵਿੱਚ ਤਾਂ ਹਰ ਕੋਈ ਸੁਪਨੇ ਲੈਂਦਾ ਹੈ, ਪਰ ਜੇ ਸੁਪਨੇ ਬਚਪਨ ਵਿੱਚ ਹੀ ਲਏ ਜਾਣ ਤਾਂ ਜ਼ਿੰਦਗੀ ਚੰਗੇਰੀ ਬਣ ਜਾਂਦੀ ਹੈ। ਬਚਪਨ ਵਿੱਚ ਲਏ ਸੁਪਨੇ ਪੂਰੇ ਕਰਨ ਲਈ ਕਾਫ਼ੀ ਸਮਾਂ ਪਿਆ ਹੁੰਦਾ ਹੈ, ਜਿਸ ਕਰਕੇ ਇਹ ਚੰਗੇ ਸੁਪਨੇ ਸਹੀ ਤਰੀਕੇ ਨਾਲ ਪੂਰੇ ਕੀਤੇ ਜਾ ਸਕਦੇ ਹਨ।

ਜਦੋਂ ਅਸੀਂ ਮਹਾਨ ਅਤੇ ਵਿਸ਼ਵ ਜੇਤੂ ਵਿਅਕਤੀਆਂ ਦੀਆਂ ਸਵੈ - ਜੀਵਨੀਆਂ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਇਹਨਾਂ ਨੇ ਵਿਸ਼ਵ ਜੇਤੂ ਬਣਨ ਦਾ ਸੁਪਨਾ ਆਪਣੇ ਬਚਪਨ ਵਿੱਚ ਹੀ ਵੇਖਿਆ ਸੀ। ਪ੍ਰਸਿੱਧ ਖਿਡਾਰੀਆਂ ਵੱਲੋਂ ਵੀ ਬਚਪਨ ਵਿੱਚ ਆਪਣੇ ਨਿੱਕੇ ਨਿੱਕੇ ਕੋਮਲ ਹੱਥਾਂ ਵਿੱਚ ਟੈਨਿਸ, ਬੈਡਮਿੰਟਨ ਦਾ ਰੈਕਟ, ਕ੍ਰਿਕਟ ਦਾ ਬੈਟ ਅਤੇ ਹਾਕੀ ਫੜਕੇ ਲਿਆ ਗਿਆ ਵਿਸ਼ਵ ਜੇਤੂ ਬਣਨ ਦਾ ਸੁਪਨਾ ਇੱਕ ਦਿਨ ਜ਼ਰੂਰ ਪੂਰਾ ਹੁੰਦਾ ਸਾਰੀ ਦੁਨੀਆ ਨੇ ਵੇਖਿਆ ਹੁੰਦਾ ਹੈ। ਨਿੱਕੇ ਨਿੱਕੇ ਨੰਗੇ ਪੈਰਾਂ ਨਾਲ ਤੁਰਨ ਉਮਰੇ ਖੇਡੀ ਗਈ ਫੁੱਟਬਾਲ ਅਨੇਕਾਂ ਪ੍ਰਸਿੱਧ ਖਿਡਾਰੀਆਂ ਨੂੰ ਵਿਸ਼ਵ ਪ੍ਰਸਿੱਧ ਫੁੱਟਬਾਲਰ ਬਣਾ ਚੁੱਕੀ ਹੈ।

ਕਿਸੇ ਪੰਗੂੜੇ ਉੱਪਰ ਇਹ ਸ਼ਬਦ ਉੱਕਰੇ ਹੋਏ ਸਨ ਕਿ 'ਨਿੱਕੇ ਬਾਲ ਵੀ ਵੱਡੇ ਸੁਪਨੇ ਲੈਂਦੇ ਹਨ'। ਲੋੜ ਤਾਂ ਇਹਨਾਂ ਸੁਪਨਿਆਂ ਨੂੰ ਸੱਚ ਵਿੱਚ ਤਬਦੀਲ ਕਰਨ ਲਈ ਚੰਗੇ ਮਾਰਗ ਦਰਸ਼ਨ ਦੀ ਹੁੰਦੀ ਹੈ। ਜੇ ਜ਼ਿੰਦਗੀ ਦੀ ਡੋਰ ਬਚਪਨ ਵਿੱਚ ਹੀ ਸਹੀ ਹੱਥਾਂ ਵਿੱਚ ਚਲੀ ਜਾਵੇ ਤਾਂ ਹਰ ਬੱਚੇ ਦੀ ਜ਼ਿੰਦਗੀ ਬਣ ਜਾਂਦੀ ਹੈ। ਜ਼ਿੰਦਗੀ ਦੀ ਡੋਰ ਫੜਨ ਵਾਲੇ ਵਿਅਕਤੀ ਨੂੰ ਵੀ ਇਹ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਉਹਨਾਂ ਨੇ ਬੱਚੇ ਦੀ ਜ਼ਿੰਦਗੀ ਰੂਪੀ ਡੋਰ ਨੂੰ ਕਦੋਂ ਢਿੱਲ ਦੇਣੀ ਹੈ ਅਤੇ ਕਦੋਂ ਕਸਾਓ ਪਾਉਣਾ ਹੈ। ਇਸ ਡੋਰ ਵਿੱਚ ਲਚਕੀਲਾਪਣ ਹੋਣਾ ਜ਼ਰੂਰੀ ਹੁੰਦਾ ਹੈ। ਵਧੇਰੇ ਢਿੱਲੀ ਡੋਰ ਵੀ ਕਿਸੇ ਕੰਮ ਦੀ ਨਹੀਂ ਹੁੰਦੀ ਅਤੇ ਖਿੱਚ ਮਾਰਨ ਨਾਲ ਡੋਰ ਦੇ ਟੁੱਟਣ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਬੱਚਿਆਂ ਉੱਪਰ ਪੜ੍ਹਾਈ ਦਾ ਓਨਾ ਕੁ ਭਾਰ ਪਾਓ, ਜਿੰਨਾ ਕੁ ਉਹ ਸਹਿਜੇ ਹੀ ਚੁੱਕ ਸਕਣ।



ਜਿਹੜੇ ਬੱਚੇ ਬਚਪਨ ਅਤੇ ਅੱਲ੍ਹੜ ਉਮਰ ਵਿੱਚ ਸਖ਼ਤ ਮਿਹਨਤ ਕਰ ਲੈਂਦੇ ਹਨ, ਉਹ ਜ਼ਿੰਦਗੀ ਭਰ ਐਸ਼ ਕਰਦੇ ਹਨ ਭਾਵ ਚੰਗਾ ਜੀਵਨ ਬਤੀਤ ਕਰਦੇ ਹਨ। ਦੂਜੇ ਪਾਸੇ ਜਿਹੜੇ ਬੱਚੇ ਬਚਪਨ ਵਿੱਚ ਆਪਣੀ ਜ਼ਿੰਦਗੀ ਪ੍ਰਤੀ ਅਵੇਸਲੇ ਰਹਿੰਦੇ ਹਨ ਉਹ ਜ਼ਿੰਦਗੀ ਦੇ ਰਾਹ ਵਿੱਚ ਵਿਖਰ ਜਾਂਦੇ ਹਨ। ਕਈ ਬੱਚੇ ਬਚਪਨ ਵਿੱਚ ਹੀ ਬਿਖੜੇ ਪੈਂਡਿਆਂ ਦੇ ਰਾਹੀ ਬਣ ਜਾਂਦੇ ਹਨ। ਕੋਈ ਬੱਚਾ ਬਚਪਨ ਵਿੱਚ ਪੁਲਾੜ ਵਿਗਿਆਨੀ ਬਣਨ ਦਾ ਸੁਪਨਾ ਲੈਂਦਾ ਹੈ। ਕੋਈ ਬੱਚਾ ਬਚਪਣ ਵਿੱਚ ਹੀ ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਜਾਣ ਦਾ ਸੁਪਨਾ ਲੈਂਦਾ ਹੈ। ਇਸੇ ਤਰ੍ਹਾਂ ਵੱਡੀ ਗਿਣਤੀ ਬੱਚੇ ਵੱਡੇ ਹੋ ਕੇ ਕੁਝ ਵੱਡਾ ਕਰਨ ਦਾ ਸੁਪਨਾ ਜ਼ਰੂਰ ਆਪਣੇ ਬਚਪਣ ਵਿੱਚ ਵੇਖਦੇ ਹਨ, ਲੋੜ ਤਾਂ ਇਹਨਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਉਚਿੱਤ ਮਾਹੌਲ ਦੇਣ ਦੀ ਹੈ।



ਸੁਪਨਿਆਂ ਦੀ ਉਡਾਣ ਮਨੁੱਖ ਨੂੰ ਦਿਨ-ਰਾਤ ਪ੍ਰੇਰਿਤ ਕਰਦੀ ਹੈ ਉਸ ਉਚਾਈ 'ਤੇ ਪਹੁੰਚਣ ਦੀ ਜੋ ਉਹ ਪ੍ਰਾਪਤ ਕਰਨਾ ਚਾਹੁੰਦਾ ਹੈ। ਆਤਮ-ਵਿਸ਼ਵਾਸ ਅਤੇ ਲਗਨ ਨਾਲ ਅਸੰਭਵ ਵੀ ਸੰਭਵ ਹੋ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਰੁਕਾਵਟਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਵਾਰ-ਵਾਰ ਕਰਨਾ ਪੈਂਦਾ ਹੈ ਪਰ ਅਸਲ ਵਿੱਚ ਜਿੱਤ ਦਾ ਤਾਜ ਵੀ ਉਸ ਦੇ ਸਿਰ ਹੀ ਸਜਦਾ ਹੈ ਜੋ ਮੁਸ਼ਕਲਾਂ ਤੋਂ ਘਬਰਾਉਂਦਾ ਨਹੀਂ ਸਗੋਂ ਅਸਫਲਤਾ ਨੂੰ ਆਪਣੀ ਸਕਾਰਾਤਮਕ ਸੋਚ ਸਦਕਾ ਇੱਕ ਹੋਰ ਮੌਕੇ ਦੀ ਭਾਲ ਦੇ ਰੂਪ ਵਿੱਚ ਹੀ ਦੇਖਦਾ ਹੈ। ਕਹਿੰਦੇ ਹਨ ਇੱਕ ਵਾਰ ਕਿਸੇ ਨੇ ਥਾਮਸ ਐਡੀਸਨ ਨੂੰ ਪੁੱਛਿਆ ਕਿ ਉਸ ਨੂੰ ਨਿਰਾਸ਼ਾ ਨਹੀਂ ਹੋਈ ਕਿਉਂਕਿ ਉਹ 10,000 ਵਾਰ ਅਸਫਲ ਰਹਿਣ ਤੋਂ ਬਾਅਦ ਬਲਬ ਬਣਾ ਸਕਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਨਹੀਂ ਸਗੋਂ ਮੈਨੂੰ ਇਹ ਪਤਾ ਲੱਗਿਆ ਕਿ 10,000 ਤਰੀਕੇ ਅਜਿਹੇ ਹਨ ਜਿਨ੍ਹਾਂ ਨਾਲ ਇਹ ਨਹੀਂ ਬਣ ਸਕਦਾ।

ਉਹਨਾਂ ਦਾ ਆਤਮ-ਵਿਸ਼ਵਾਸ ਅਤੇ ਸਕਾਰਾਤਮਕ ਸੋਚ ਹੀ ਉਹਨਾਂ ਨੂੰ ਸਫਲ ਬਣਾ ਸਕੀ। ਜੇ ਕੋਈ ਮਨੁੱਖ ਨਿਰਾਸ਼ਾ ਦੇ ਹਨੇਰੇ ਵਿੱਚ ਡੁੱਬ ਜਾਵੇ ਤਾਂ ਉਹ ਕਦੇ ਵੀ ਸਫਲਤਾ ਦਾ ਸੁਆਦ ਨਹੀਂ ਲੈ ਸਕੇਗਾ। ਹਰ ਹਨੇਰੀ ਰਾਤ ਤੋਂ ਬਾਅਦ ਦਿਨ ਦਾ ਉਜਾਲਾ ਵੀ ਆਉਂਦਾ ਹੈ। ਇਸ ਲਈ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਮਿਲੀ ਅਸਫ਼ਲਤਾ ਤੋਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਪਹਿਲਾਂ ਨਾਲੋਂ ਵੀ ਵਧੇਰੇ ਮਿਹਨਤ ਕਰਨੀ ਚਾਹੀਦੀ ਹੈ।

ਸੁਪਨੇ ਸਿਰਫ਼ ਬੱਚੇ ਹੀ ਨਹੀਂ ਵੇਖਦੇ ਸਗੋਂ ਉਹਨਾਂ ਦੇ ਮਾਪੇ ਵੀ ਵੇਖਦੇ ਹਨ। ਕਈ ਮਾਪੇ ਆਪਣੇ ਬੱਚਿਆਂ ਨੂੰ ਡਾਕਟਰ ਤੇ ਇੰਜੀਨੀਅਰ ਬਣਾਉਣਾ ਚਾਹੁੰਦੇ ਹਨ। ਉਹ ਇਸ ਨਾਲ ਸਬੰਧਿਤ ਪੜ੍ਹਾਈ ਦਾ ਪੂਰਾ ਪ੍ਰਬੰਧ ਬੱਚੇ ਲਈ ਕਰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਰੁਚੀ ਅਨੁਸਾਰ ਉਹਨਾਂ ਲਈ ਪੜ੍ਹਾਈ ਦਾ ਪ੍ਰਬੰਧ ਕਰਨ। ਬੱਚਿਆਂ ਦੇ ਸੁਪਨੇ ਪੂਰੇ ਕਰਨ ਲਈ ਮਾਪਿਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਮਾਪਿਆਂ ਦੇ ਸੁਪਨੇ ਪੂਰੇ ਜ਼ਰੂਰ ਕਰਨ। ਸੁਪਨੇ ਵੇਖਣਾ ਚੰਗੀ ਗੱਲ ਹੈ ਪਰ ਸੁਪਨੇ ਪੂਰੇ ਕਰਨ ਲਈ ਸਖ਼ਤ ਮਿਹਨਤ ਕਰਨੀ ਵੀ ਬਹੁਤ ਜ਼ਰੂਰੀ ਹੈ।



# ਪੰਜਾਬ ਵਿੱਚ ਯੂਰੇਨੀਅਮ ਪ੍ਰਦੂਸ਼ਣ ਦੀ ਵੱਧਦੀ ਸਮੱਸਿਆ

## ਕੀ ਕਹਿੰਦੀ ਹੈ ਸੀ.ਜੀ.ਡਬਲਯੂ.ਬੀ. ਦੀ ਰਿਪੋਰਟ ?

## ਸਭ ਤੋਂ ਵੱਧ ਪ੍ਰਭਾਵਿਤ ਖੇਤਰ ਕਿਹੜੇ ਅਤੇ ਕੀ ਹੈ ਯੂਰੇਨੀਅਮ ਵਧਣ ਦੇ ਕਾਰਨ ?

ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ ਦੀ ਮਾਤਰਾ ਵਧਣ ਨਾਲ ਸਿਹਤ ਲਈ ਵੱਡੀ ਚੁਣੌਤੀ ਬਣ ਗਈ ਹੈ। ਹਾਲ ਹੀ ਵਿੱਚ ਕੇਂਦਰੀ ਭੂਮੀ ਜਲ ਬੋਰਡ (ਸੀ.ਜੀ.ਡਬਲਯੂ.ਬੀ.) ਦੀ 2025 ਦੀ ਰਿਪੋਰਟ ਨੇ ਇਹ ਖੁਲਾਸਾ ਕੀਤਾ ਹੈ ਕਿ ਪੰਜਾਬ ਵਿੱਚ ਮੌਨਸੂਨ ਤੋਂ ਬਾਅਦ 62.5 ਫੀਸਦੀ ਧਰਤੀ ਹੇਠਲੇ ਪਾਣੀ ਦੇ ਨਮੂਨੇ ਯੂਰੇਨੀਅਮ ਨਾਲ ਪ੍ਰਦੂਸ਼ਿਤ ਹਨ। ਇਹ ਮਾਤਰਾ ਵਿਸ਼ਵ ਸਿਹਤ ਸੰਗਠਨ ਵੱਲੋਂ ਨਿਰਧਾਰਤ ਸੁਰੱਖਿਅਤ ਸੀਮਾ 30 ਪੀ.ਪੀ.ਬੀ. ਤੋਂ ਵੱਧ ਹੈ। ਇਸ ਨਾਲ ਨਾ ਸਿਰਫ਼ ਪੀਣ ਵਾਲਾ ਪਾਣੀ ਜ਼ਹਿਰ ਬਣ ਰਿਹਾ ਹੈ ਸਗੋਂ ਲੋਕਾਂ ਦੀ ਸਿਹਤ ਵੀ ਖ਼ਤਰੇ ਵਿੱਚ ਪੈ ਗਈ ਹੈ। ਪੰਜਾਬ, ਵਿੱਚ ਧਰਤੀ ਹੇਠਲਾ ਪਾਣੀ ਇੱਥੇ ਖੇਤੀਬਾੜੀ ਅਤੇ ਪੀਣ ਲਈ ਮੁੱਖ ਸਰੋਤ ਹੈ। ਪਰ ਹਾਲੀਆ ਅਧਿਐਨਾਂ ਨੇ ਇਹ ਸਾਬਤ ਕੀਤਾ ਹੈ ਕਿ ਇਸ ਪਾਣੀ ਵਿੱਚ ਯੂਰੇਨੀਅਮ ਵਰਗੇ ਖ਼ਤਰਨਾਕ ਤੱਤ ਵਧ ਰਹੇ ਹਨ। ਮੌਨਸੂਨ ਤੋਂ ਬਾਅਦ ਹੁਣ ਤਕ ਯੂਰੇਨੀਅਮ 62.5 ਫੀਸਦੀ ਤੱਕ ਵਧ ਗਿਆ ਹੈ। ਇਹ ਵਾਧਾ ਹੜ੍ਹਾਂ ਤੇ ਭਾਰੀ ਬਾਰਿਸ਼ ਕਾਰਨ ਹੋਇਆ ਸੀ।

**ਇਹ ਸੰਕਟ ਕਿਵੇਂ ਵਧਿਆ ?**

ਮਾਲਵਾ ਖੇਤਰ ਵਿੱਚ ਇਹ ਸਮੱਸਿਆ ਸਭ ਤੋਂ ਵੱਧ ਹੈ। ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਰੀਦਕੋਟ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਇੱਥੇ ਵੱਡੀ ਗਿਣਤੀ ਪਿੰਡਾਂ ਵਿੱਚ ਪਾਣੀ ਦੇ ਨਮੂਨੇ ਜਾਂਚੇ ਗਏ ਅਤੇ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ ਤੱਕ ਪਹੁੰਚ ਗਈ ਹੈ। ਵਿਸ਼ਵ ਸਿਹਤ ਸੰਸਥਾ ਤੇ ਭਾਰਤੀ ਮਿਆਰਾਂ ਅਨੁਸਾਰ ਪੀਣ ਵਾਲੇ ਪਾਣੀ 'ਚ ਯੂਰੇਨੀਅਮ ਦੀ ਮਾਤਰਾ ਇਕ ਨਿਰਧਾਰਤ ਹੱਦ (30 ਪੀਪੀਬੀ) ਤੋਂ ਵੱਧ ਨਹੀਂ ਹੋਣੀ ਚਾਹੀਦੀ, ਪਰ ਮਾਲਵੇ ਦੇ ਕਈ ਪਿੰਡਾਂ 'ਚ ਇਹ ਮਾਤਰਾ ਇਸ ਹੱਦ ਤੋਂ ਕਈ ਗੁਣਾ ਵੱਧ ਪਾਈ ਗਈ ਹੈ। ਸਰਕਾਰੀ, ਕੇਂਦਰੀ ਭੂਮੀਗਤ ਪਾਣੀ ਬੋਰਡ ਦੀ ਸਾਲਾਨਾ ਗਰਾਊਂਡ ਵਾਟਰ ਗੁਣਵੱਤਾ ਰਿਪੋਰਟ 2025 ਤੇ ਕੁਝ ਗ਼ੈਰ-ਸਰਕਾਰੀ ਅਧਿਐਨਾਂ ਤੋਂ ਸਪੱਸ਼ਟ ਹੋ ਚੁੱਕਾ ਹੈ ਕਿ ਮਾਲਵੇ ਦੇ ਬਹੁਤ ਸਾਰੇ ਨਮੂਨਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਖ਼ਤਰਨਾਕ ਪੱਧਰ 'ਤੇ ਹੈ, ਜਦਕਿ ਜ਼ਮੀਨੀ ਪਾਣੀ ਦੀਆਂ ਉੱਪਰੀ ਪਰਤਾਂ 'ਚ ਯੂਰੇਨੀਅਮ ਦੇ ਨਾਲ-ਨਾਲ ਹੋਰ ਭਾਰੀ ਧਾਤਾਂ ਆਰਸੇਨਿਕ, ਫਲੋਰਾਈਡ, ਸੀਸਾ, ਕ੍ਰੋਮਿਯਮ ਤੇ ਕੈਡਮਿਯਮ ਵੀ ਮਿਲ ਰਹੀਆਂ ਹਨ। ਇਹ ਸਭ ਧਾਤਾਂ ਸਰੀਰ ਲਈ ਬਹੁਤ ਨੁਕਸਾਨਦਾਇਕ ਹਨ। ਪੰਜਾਬ ਵਿੱਚ ਗਰੀਬ ਅਤੇ ਮੱਧ ਵਰਗੀ ਆਬਾਦੀ ਇਸ ਪਾਣੀ ਨੂੰ ਪੀਣ ਲਈ ਮਜਬੂਰ ਹੈ, ਜਿਸ ਨਾਲ ਮਜ਼ਦੂਰ ਅਤੇ ਕਿਸਾਨ ਵੱਡੇ ਪੱਧਰ ਤੇ ਪ੍ਰਭਾਵਿਤ ਹੋ ਰਹੇ ਹਨ। ਫਲੋਰਾਈਡ ਦੀ ਵੱਧ ਮਾਤਰਾ ਨਾਲ ਦੰਦਾਂ ਤੇ ਹੱਡੀਆਂ ਦੀ ਬਿਮਾਰੀ 'ਫਲੋਰੋਸਿਸ' ਹੋ ਜਾਂਦੀ ਹੈ। ਮਾਲਵੇ ਦੇ ਕਈ ਪਿੰਡਾਂ 'ਚ ਲੋਕਾਂ ਦੇ ਦੰਦ ਪੀਲੇ ਹੋ ਜਾਣਾ, ਹੱਡੀਆਂ 'ਚ ਦਰਦ ਤੇ ਸਰੀਰ ਦਾ ਝੁਕ ਜਾਣਾ ਆਮ ਗੱਲ ਹੋ ਚੁੱਕੀ ਹੈ। ਆਰਸੇਨਿਕ ਨੂੰ ਚਮੜੀ ਦੇ ਰੋਗਾਂ ਤੇ ਕੈਂਸਰ ਨਾਲ ਜੋੜਿਆ ਜਾਂਦਾ ਹੈ, ਜਦਕਿ ਸੀਸਾ ਖ਼ਾਸ ਕਰਕੇ ਬੱਚਿਆਂ ਦੇ ਦਿਮਾਗੀ ਵਿਕਾਸ 'ਤੇ ਮਾੜਾ ਅਸਰ ਪਾਉਂਦਾ ਹੈ। ਕ੍ਰੋਮਿਯਮ ਤੇ ਕੈਡਮਿਯਮ ਗੁਰਦਿਆਂ ਤੇ ਜਿਗਰ ਨੂੰ ਨੁਕਸਾਨ ਪਹੁੰਚਾਉਂਦੇ ਹਨ। ਜਦੋਂ ਕੋਈ ਵਿਅਕਤੀ ਲੰਬੇ ਸਮੇਂ ਤੱਕ ਯੂਰੇਨੀਅਮ ਵਾਲਾ ਪਾਣੀ ਪੀਂਦਾ ਰਹਿੰਦਾ ਹੈ ਤਾਂ ਸਭ ਤੋਂ ਪਹਿਲਾਂ ਇਸ ਦਾ ਗੁਰਦਿਆਂ 'ਤੇ ਮਾੜਾ ਅਸਰ ਪੈਣ ਲੱਗਦਾ ਹੈ।

## ਸਿਹਤ ਉੱਤੇ ਪੈ ਰਹੇ ਨੇ ਖ਼ਤਰਨਾਕ ਪ੍ਰਭਾਵ ਅਤੇ ਵਧ ਰਹੀਆਂ ਬਿਮਾਰੀਆਂ



ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਲੰਘੇ ਵਰ੍ਹੇ ਦੇ ਅਧਿਐਨ ਵਿੱਚ ਇਹ ਪਤਾ ਲੱਗਾ ਹੈ ਕਿ 60 ਸਾਲ ਤੋਂ ਵੱਧ ਉਮਰ ਵਾਲੇ ਲੋਕਾਂ ਵਿੱਚ ਕੈਂਸਰ ਦੀ ਦਰ ਵੱਧ ਹੈ। ਔਰਤਾਂ ਵਿੱਚ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਦੀ ਦਰ 14 ਫੀਸਦੀ ਹੈ। ਮਰਦਾਂ ਅਤੇ ਔਰਤਾਂ ਵਿੱਚ ਖ਼ੂਨ ਨਾਲ ਜੁੜੇ ਕੈਂਸਰ 23 ਫੀਸਦੀ ਅਤੇ ਪਾਚਣ ਤੰਤਰ ਦੇ ਕੈਂਸਰ 12 ਫੀਸਦੀ ਹਨ। ਇਹ ਬਿਮਾਰੀਆਂ ਪੰਜਾਬ ਦੀ ਸਿਹਤ ਪ੍ਰਣਾਲੀ ਲਈ ਵੱਡੀ ਚੁਣੌਤੀ ਬਣ ਗਈਆਂ ਹਨ।

ਵਾਤਾਵਰਣ ਮਾਹਿਰਾਂ ਅਨੁਸਾਰ ਉਦਯੋਗਿਕ ਸਰਗਰਮੀਆਂ ਵੀ ਇਸ ਸਮੱਸਿਆ ਨੂੰ ਵਧਾਉਂਦੀਆਂ ਹਨ। ਥਰਮਲ ਬਿਜਲੀ ਘਰਾਂ ਦੀ ਰਾਖ, ਉਦਯੋਗਿਕ ਕਚਰਾ ਤੇ ਉਸ ਦੀ ਠੀਕ ਸੰਭਾਲ ਨਾ ਹੋਣਾ ਵੀ ਜ਼ਮੀਨੀ ਪਾਣੀ ਨੂੰ ਦੂਸ਼ਿਤ ਕਰਦਾ ਹੈ। ਇਸ ਤਰ੍ਹਾਂ ਕੁਦਰਤੀ ਪ੍ਰਕਿਰਿਆ ਤੇ ਮਨੁੱਖੀ ਦਖ਼ਲ ਮਿਲ ਕੇ ਸਮੱਸਿਆ ਨੂੰ ਹੋਰ ਭਿਆਨਕ ਬਣਾ ਦਿੰਦੇ ਹਨ। ਇਹ ਇਕ ਚੁੱਪਚਾਪ ਚੱਲਣ ਵਾਲੀ ਪ੍ਰਕਿਰਿਆ ਹੈ, ਜਿਸ ਦਾ ਅਸਰ ਤੁਰੰਤ ਨਹੀਂ ਪਰ ਸਾਲਾਂ ਬਾਅਦ ਗੁਰਦਿਆਂ, ਹੱਡੀਆਂ ਤੇ ਹੋਰ ਅੰਗਾਂ 'ਤੇ ਗੰਭੀਰ ਰੂਪ 'ਚ ਸਾਹਮਣੇ ਆਉਂਦਾ ਹੈ।

ਸਰਕਾਰਾਂ ਨੇ ਸਮੇਂ-ਸਮੇਂ 'ਤੇ ਇਸ ਸਮੱਸਿਆ ਨਾਲ ਨਜਿੱਠਣ ਲਈ ਕਈ ਥਾਵਾਂ 'ਤੇ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਆਰ.ਓ. ਪ੍ਰਣਾਲੀ ਵਾਲੇ ਪਲਾਂਟ ਲਗਾਏ ਹਨ। ਪਰ ਇਸ ਪ੍ਰਕਿਰਿਆ ਦੌਰਾਨ ਬਹੁਤ ਸਾਰਾ ਪਾਣੀ ਬਰਬਾਦ ਹੋ ਜਾਂਦਾ ਹੈ ਤੇ ਜੋ ਗੰਦਾ ਪਾਣੀ ਬਚਦਾ ਹੈ, ਉਸ ਦੀ ਸਹੀਂ ਸੰਭਾਲ ਨਾ ਹੋਣ ਕਰਕੇ ਉਸ ਨੂੰ ਮੁੜ ਧਰਤੀ ਹੇਠ ਜਾਣ ਲਈ ਛੱਡ ਦਿੱਤਾ ਜਾਂਦਾ ਹੈ। ਸਾਫ਼ ਨਹਿਰੀ ਪਾਣੀ ਹਰ ਥਾਂ ਨਹੀਂ ਪਹੁੰਚ ਸਕਦਾ। ਇਸ ਸਮੱਸਿਆ ਦਾ ਹੱਲ ਸਿਰਫ਼ ਤਕਨੀਕੀ ਨਹੀਂ, ਸਗੋਂ ਨੀਤੀਗਤ ਤੇ ਸਮਾਜਿਕ ਵੀ ਹੈ। ਜ਼ਮੀਨੀ ਪਾਣੀ ਦੀ ਬੇਹਿਸਾਬ ਵਰਤੋਂ 'ਤੇ ਰੋਕ ਲਗਾਉਣ ਲਈ ਕੇਂਦਰ ਵੱਲੋਂ ਪੰਜਾਬ ਸਰਕਾਰ ਨਾਲ ਸਹਿਯੋਗ ਕਰਕੇ ਬਿਹਤਰ ਖੇਤੀ ਨੀਤੀਆਂ ਨੂੰ ਲਾਗੂ ਕਰਵਾਉਣਾ ਸਮੇਂ ਦੀ ਮੰਗ ਹੈ।

**ਕੇਂਦਰੀ ਰਿਪੋਰਟਾਂ ਕੀ ਕਹਿੰਦੀਆਂ ਹਨ ?**

ਸੀ.ਜੀ.ਡਬਲਯੂ.ਬੀ. ਦੀ ਰਿਪੋਰਟ ਵਿੱਚ ਪੰਜਾਬ ਨੂੰ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਦੱਸਿਆ ਗਿਆ ਹੈ। ਇੱਥੇ ਯੂਰੇਨੀਅਮ ਦੀ ਮਾਤਰਾ ਹਰਿਆਣਾ, ਦਿੱਲੀ ਅਤੇ ਹੋਰ ਰਾਜਾਂ ਨਾਲੋਂ ਵੱਧ ਹੈ। ਰਿਪੋਰਟ ਅਨੁਸਾਰ, ਖਾਦਾਂ ਦੀ ਵੱਧ ਵਰਤੋਂ ਨੇ ਇਸ ਨੂੰ ਵਧਾਇਆ ਹੈ। ਵਿਸ਼ਵ ਪੱਧਰ ਤੇ ਡਬਲਯੂ.ਐੱਚ.ਓ. ਨੇ ਯੂਰੇਨੀਅਮ ਦੀ ਸੀਮਾ 30 ਯੂਜੀ/ਲੀਟਰ ਨਿਰਧਾਰਤ ਕੀਤੀ ਹੈ। ਵਿਸ਼ਵ ਅਖ਼ਬਾਰਾਂ ਵਿੱਚ ਵੀ ਇਸ ਬਾਰੇ ਚਰਚਾ ਹੋ ਰਹੀ ਹੈ। ਟਾਈਮਜ਼ ਆਫ਼ ਇੰਡੀਆ ਅਤੇ ਹਿੰਦੋਸਤਾਨ ਟਾਈਮਜ਼ ਨੇ ਲਿਖਿਆ ਹੈ ਕਿ ਪੰਜਾਬ ਵਿੱਚ ਇਹ ਸੰਕਟ ਵਧ ਰਿਹਾ ਹੈ ਅਤੇ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ।

ਅੰਤਰਰਾਸ਼ਟਰੀ ਅਧਿਐਨਾਂ ਨੇ ਵੀ ਇਸ ਨੂੰ ਗੰਭੀਰ ਮੰਨਿਆ ਹੈ। ਡਬਲਯੂ.ਐੱਚ.ਓ. ਦੀਆਂ ਰਿਪੋਰਟਾਂ ਵਿੱਚ ਯੂਰੇਨੀਅਮ ਨੂੰ ਗੁਰਦੇ ਅਤੇ ਕੈਂਸਰ ਲਈ ਖ਼ਤਰਨਾਕ ਦੱਸਿਆ ਗਿਆ ਹੈ। ਭਾਰਤ ਵਿੱਚ ਵੀ ਇਸ ਬਾਰੇ ਚਿਤਾਵਨੀ ਦਿੱਤੀ ਗਈ ਹੈ।

ਏਮਸ ਦੇ ਪਲਮੋਨਰੀ ਮੈਡੀਸਨ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਅਨੰਤ ਮੋਹਨ ਦੱਸਦੇ ਹਨ ਕਿ ਯੂਰੇਨੀਅਮ ਸਭ ਤੋਂ ਪਹਿਲਾਂ ਕਿਡਨੀ ਨੂੰ ਨੁਕਸਾਨ ਪਹੁੰਚਾਉਂਦਾਹੈ, ਪਰ ਇਸ ਦਾ ਗਹਿਰਾ ਅਸਰ ਦਿਮਾਗੀ ਕਾਰਜਪ੍ਰਣਾਲੀ 'ਤੇ ਪੈਂਦਾ ਹੈ। ਲੰਬੇ ਸਮੇਂ ਤਕ ਅਜਿਹਾ ਪਾਣੀ ਪੀਣ ਨਾਲ ਬ੍ਰੇਨ ਸੈੱਲਜ਼ ਦੀ ਕਾਰਜਕੁਸ਼ਲਤਾ ਹੌਲੀ ਹੋ ਜਾਂਦੀ ਹੈ।

ਪੰਜਾਬ ਸਰਕਾਰ ਅਤੇ ਰਾਜਨੀਤਿਕ ਪਾਰਟੀਆਂ ਇਸ ਬਾਰੇ ਚੁੱਪ ਕਿਉਂ ਹਨ ?

ਵਿਰੋਧੀ ਪਾਰਟੀਆਂ ਨੇ ਇਸ ਨੂੰ ਵੱਡਾ ਮੁੱਦਾ ਬਣਾਇਆ ਹੈ, ਪਰ ਸੱਤਾਧਾਰੀ ਪਾਰਟੀਆਂ ਨੇ ਕੋਈ ਵੱਡੀ ਕਾਰਵਾਈ ਨਹੀਂ ਕੀਤੀ। ਰਾਜ ਸਭਾ ਵਿੱਚ ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਇਹ ਮੁੱਦਾ ਉਠਾਇਆ ਅਤੇ ਕੇਂਦਰ ਨੂੰ ਅਪੀਲ ਕੀਤੀ ਕਿ ਆਰਓ ਪਲਾਂਟ ਲਗਾਏ ਜਾਣ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਇਹ ਪੁਰਾਣੀ ਸਮੱਸਿਆ ਹੈ ਅਤੇ ਕੇਂਦਰ ਨਾਲ ਗੱਲ ਕੀਤੀ ਜਾਵੇਗੀ। ਪਰ ਲੋਕਾਂ ਨੂੰ ਲੱਗਦਾ ਹੈ ਕਿ ਸਰਕਾਰ ਚੁੱਪ ਹੈ ਕਿਉਂਕਿ ਇਹ ਵੋਟ ਬੈਂਕ ਨਾਲ ਜੁੜਿਆ ਮੁੱਦਾ ਨਹੀਂ ਹੈ। ਐੱਕਸ (ਟਵਿੱਟਰ) ਤੇ ਵੀ ਲੋਕ ਇਸ ਬਾਰੇ ਚਰਚਾ ਕਰ ਰਹੇ ਹਨ ਅਤੇ ਸਰਕਾਰ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਮਾਲਵਾ ਖੇਤਰ ਦੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ ਹਨ। ਇਹ ਸੰਕਟ ਵੱਡਾ ਹੈ ਅਤੇ ਤੁਰੰਤ ਕਾਰਵਾਈ ਦੀ ਲੋੜ ਹੈ। ਸਰਕਾਰ ਨੂੰ ਆਰਓ ਪਲਾਂਟ ਲਗਾਉਣੇ ਚਾਹੀਦੇ ਹਨ, ਪਾਣੀ ਦੀ ਨਿਗਰਾਨੀ ਵਧਾਉਣੀ ਚਾਹੀਦੀ ਹੈ ਅਤੇ ਖੇਤੀ ਵਿੱਚ ਰਸਾਇਣਿਕ ਖਾਦਾਂ ਦੀ ਵਰਤੋਂ ਘਟਾਉਣੀ ਚਾਹੀਦੀ ਹੈ। ਨਹੀਂ ਤਾਂ ਪੰਜਾਬ ਦੇ ਲੋਕਾਂ ਨੂੰ ਵੱਡਾ ਨੁਕਸਾਨ ਹੋਵੇਗਾ।

# ਭਰੋਸੇਯੋਗ ਨਹੀਂ ਰਿਹਾ ਪੀਣ ਵਾਲਾ ਪਾਣੀ

## ਇੰਟੀਗ੍ਰੇਟਿਡ ਹੈਲਥ ਡਾਟਾ ਦੇ ਤਾਜ਼ਾ ਵਿਸ਼ਲੇਸ਼ਣ 'ਚ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ 'ਚ ਪੀਣ ਵਾਲਾ ਪਾਣੀ ਦੀ ਦਿਖਾਈ ਅਸਲ ਤਸਵੀਰ



ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪਾਣੀ ਹੁਣ ਕੇਵਲ ਬੁਨਿਆਦੀ ਸਹੂਲਤ ਨਹੀਂ, ਸਗੋਂ ਜਨਤਕ ਸਿਹਤ ਦਾ ਗੰਭੀਰ ਖ਼ਤਰਾ ਬਣ ਗਿਆ ਹੈ। ਇੰਟੀਗ੍ਰੇਟਿਡ ਹੈਲਥ ਡਾਟਾ ਦੇ ਤਾਜ਼ਾ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਪਿਛਲੇ 5 ਸਾਲਾਂ ਵਿੱਚ ਇਨ੍ਹਾਂ ਰਾਜਾਂ ਵਿੱਚ ਪਾਣੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਮਾਹਿਰ ਇਸ ਨੂੰ 'ਸਾਇਲੈਂਟ ਹੈਲਥ ਐਮਰਜੈਂਸੀ' ਕਹਿ ਰਹੇ ਹਨ।

ਪੰਜਾਬ ਵਿੱਚ ਪਿਛਲੇ ਪੰਜ ਸਾਲਾਂ ਵਿੱਚ 38,000 ਤੋਂ ਵੱਧ ਐਕਿਊਟ ਡਾਇਰੀਅਲ ਡਿਜ਼ੀਜ਼ (ਏਡੀਡੀ) ਦੇ ਮਾਮਲੇ ਦਰਜ ਹੋਏ ਹਨ। ਹਰਿਆਣਾ ਵਿੱਚ ਟਾਈਫਾਈਡ ਦੇ ਕੇਸ ਲਗਾਤਾਰ ਵਧਦੇ ਜਾ ਰਹੇ ਹਨ, ਖਾਸ ਕਰਕੇ ਤੇਜ਼ੀ ਨਾਲ ਸ਼ਹਿਰੀਕਰਨ ਵਾਲੇ ਜ਼ਿਲ੍ਹਿਆਂ ਜਿਵੇਂ ਗੁਰੂਗ੍ਰਾਮ, ਫਰੀਦਾਬਾਦ, ਸੋਨੀਪਤ ਅਤੇ ਰੋਹਤਕ ਵਿੱਚ। ਹਿਮਾਚਲ ਪ੍ਰਦੇਸ਼ ਵਿੱਚ ਏਡੀਡੀ ਦੇ ਨਾਲ-ਨਾਲ ਹੈਪੇਟਾਈਟਿਸ-ਬੀ ਦੇ ਮਾਮਲਿਆਂ ਵਿੱਚ ਵੀ ਵਾਧਾ ਦੇਖਿਆ ਗਿਆ ਹੈ, ਜੋ ਇਹ ਸੰਕੇਤ ਦਿੰਦਾ ਹੈ ਕਿ ਪਹਾੜੀ ਜਲ ਸਰੋਤ ਹੁਣ ਸੁਰੱਖਿਅਤ ਨਹੀਂ ਰਹੇ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਿਰਫ਼ ਮੌਸਮੀ ਕਾਰਨ ਨਹੀਂ, ਸਗੋਂ ਪਾਣੀ ਦੀ ਗੁਣਵੱਤਾ ਅਤੇ ਵੰਡ ਪ੍ਰਣਾਲੀ ਦੀਆਂ ਢਾਂਚਾਗਤ ਖਾਮੀਆਂ ਦਾ ਨਤੀਜਾ ਹੈ। ਪੰਜਾਬ ਦੇ ਕਈ ਪੇਂਡੂ ਇਲਾਕਿਆਂ ਵਿੱਚ ਦਹਾਕਿਆਂ ਪੁਰਾਣੀਆਂ ਪਾਈਪਲਾਈਨਾਂ ਅਜੇ ਵੀ ਵਰਤੀਆਂ ਜਾ ਰਹੀਆਂ ਹਨ। ਕਈ ਥਾਵਾਂ 'ਤੇ ਪਾਈਪਲਾਈਨਾਂ ਸੀਵਰੇਜ ਨੈੱਟਵਰਕ ਦੇ ਬਹੁਤ ਨੇੜੇ ਵਿਛਾਈਆਂ ਗਈਆਂ ਹਨ। ਖਰਾਬ ਪਾਈਪਾਂ ਵਿੱਚ ਮਾਮੂਲੀ ਲੀਕੇਜ ਵੀ ਦੂਸ਼ਿਤ ਪਾਣੀ ਨੂੰ ਸਿੱਧਾ ਸਪਲਾਈ ਵਿੱਚ ਮਿਲਾ ਦਿੰਦੀ ਹੈ। ਗਰਮੀ ਅਤੇ ਬਰਸਾਤ ਦੇ ਮੌਸਮ ਵਿੱਚ ਸਥਿਤੀ ਹੋਰ ਖਰਾਬ ਹੋ ਜਾਂਦੀ ਹੈ, ਅਤੇ ਇਸ ਦੌਰਾਨ ਏਡੀਡੀ ਦੇ ਮਾਮਲਿਆਂ ਵਿੱਚ ਅਚਾਨਕ ਉਛਾਲ ਦੇਖਣ ਨੂੰ ਮਿਲਦਾ ਹੈ।

ਸਿਹਤ ਅੰਕੜਿਆਂ ਤੋਂ ਕਿਉਂ ਵਧੀ ਚਿੰਤਾ ਰਿਪੋਰਟਾਂ ਅਨੁਸਾਰ ਪਿਛਲੇ 5 ਸਾਲਾਂ ਵਿੱਚ ਇਨ੍ਹਾਂ ਤਿੰਨਾਂ ਰਾਜਾਂ ਵਿੱਚ ਏਡੀਡੀ, ਟਾਈਫਾਈਡ, ਹੈਪੇਟਾਈਟਿਸ ਅਤੇ ਦੂਸ਼ਿਤ ਪਾਣੀ ਪੀਣ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਹਜ਼ਾਰਾਂ ਮਾਮਲੇ ਦਰਜ ਕੀਤੇ ਗਏ। ਪੰਜਾਬ ਵਿੱਚ 38,000 ਤੋਂ ਵੱਧ ਐਕਿਊਟ ਡਾਇਰੀਅਲ ਡਿਜ਼ੀਜ਼ ਯਾਨੀ ਏਡੀਡੀ ਦੇ ਮਾਮਲੇ ਸਾਹਮਣੇ ਆਏ। ਹਰਿਆਣਾ ਵਿੱਚ ਟਾਈਫਾਈਡ ਦੇ ਮਾਮਲਿਆਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਗਿਆ, ਖਾਸ ਕਰਕੇ ਤੇਜ਼ੀ ਨਾਲ ਵਿਕਸਤ ਹੁੰਦੇ ਸ਼ਹਿਰੀ ਜ਼ਿਲ੍ਹਿਆਂ ਵਿੱਚ। ਹਿਮਾਚਲ ਪ੍ਰਦੇਸ਼ ਵਿੱਚ ਮੌਨਸੂਨ ਤੋਂ ਬਾਅਦ ਦਸਤ ਅਤੇ ਹੈਪੇਟਾਈਟਿਸ ਨਾਲ ਜੁੜੇ ਮਾਮਲਿਆਂ ਵਿੱਚ ਉਛਾਲ ਦੇਖਿਆ ਗਿਆ। ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਦੀ ਰੋਗ ਨਿਗਰਾਨੀ ਪ੍ਰਣਾਲੀ ਦੱਸਦੀ ਹੈ ਕਿ ਜਲ-ਜਨਿਤ ਰੋਗਾਂ ਵਿੱਚ ਮੌਸਮੀ ਵਾਧਾ ਆਮ ਹੈ, ਪਰ ਲਗਾਤਾਰ ਉੱਚੇ ਬਣੇ ਰਹਿਣਾ ਸਪਲਾਈ ਅਤੇ ਗੁਣਵੱਤਾ ਨਿਯੰਤਰਣ ਦੀ ਕਮਜ਼ੋਰੀ ਵੱਲ ਇਸ਼ਾਰਾ ਕਰਦਾ ਹੈ।

**ਭੂ-ਜਲ ਦੀ ਗੁਣਵੱਤਾ 'ਤੇ ਕੀ ਕਹਿੰਦੀਆਂ ਹਨ ਰਿਪੋਰਟਾਂ**

ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਸਾਲਾਨਾ ਰਿਪੋਰਟ ਵਿੱਚ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਯੂਰੇਨੀਅਮ ਦੀ ਮਾਤਰਾ ਸੁਰੱਖਿਅਤ ਸੀਮਾ ਤੋਂ ਵੱਧ ਪਾਈ ਗਈ। ਮੀਡੀਆ ਰਿਪੋਰਟਾਂ ਵਿੱਚ ਲਗਪਗ 62.5 ਫੀਸਦੀ ਨਮੂਨਿਆਂ ਵਿੱਚ ਮਿਆਰ ਤੋਂ ਵੱਧ ਪੱਧਰ ਦਾ ਜ਼ਿਕਰ ਕੀਤਾ ਗਿਆ। ਸਿਰਫ਼ ਯੂਰੇਨੀਅਮ ਹੀ ਨਹੀਂ, ਨਾਈਟ੍ਰੇਟ, ਫਲੋਰਾਈਡ ਅਤੇ ਆਰਸੈਨਿਕ ਵਰਗੇ ਤੱਤ ਵੀ ਕਈ ਖੇਤਰਾਂ ਵਿੱਚ ਨਿਰਧਾਰਤ ਸੀਮਾ ਤੋਂ ਵੱਧ ਦਰਜ ਕੀਤੇ ਗਏ। ਇਸ ਦਾ ਮਤਲਬ ਹੈ ਕਿ ਸਮੱਸਿਆ ਕੇਵਲ ਬੈਕਟੀਰੀਆ ਨਾਲ ਫੈਲਣ ਵਾਲੇ ਸੰਕਰਮਣ ਤੱਕ ਸੀਮਤ ਨਹੀਂ ਹੈ, ਸਗੋਂ ਰਸਾਇਣਕ ਪ੍ਰਦੂਸ਼ਣ ਵੀ ਗੰਭੀਰ ਪੱਧਰ 'ਤੇ ਮੌਜੂਦ ਹੈ।

**ਪਾਈਪਲਾਈਨ ਅਤੇ ਸੀਵਰੇਜ ਵਿਵਸਥਾ ਬਣੀ ਵੱਡੀ ਵਜ੍ਹਾ**

ਜ਼ਮੀਨੀ ਰਿਪੋਰਟਾਂ ਵਿੱਚ ਸਾਹਮਣੇ ਆਇਆ ਕਿ ਕਈ ਸ਼ਹਿਰਾਂ ਅਤੇ ਪਿੰਡਾਂ ਵਿੱਚ ਦਹਾਕਿਆਂ ਪੁਰਾਣੀਆਂ ਪਾਈਪਲਾਈਨਾਂ ਅੱਜ ਵੀ ਵਰਤੀਆਂ ਜਾ ਰਹੀਆਂ ਹਨ। ਪੀਣ ਵਾਲੇ ਪਾਣੀ ਅਤੇ ਸੀਵੇਜ ਲਾਈਨਾਂ ਕਈ ਥਾਵਾਂ 'ਤੇ ਬਹੁਤ ਨੇੜੇ ਵਿਛੀਆਂ ਹੋਈਆਂ ਹਨ। ਜੰਗ ਲੱਗੀਆਂ ਪਾਈਪਾਂ ਵਿੱਚ ਮਾਮੂਲੀ ਲੀਕੇਜ ਵੀ ਦੂਸ਼ਿਤ ਪਾਣੀ ਨੂੰ ਸਿੱਧਾ ਸਪਲਾਈ ਵਿੱਚ ਮਿਲਾ ਦਿੰਦੀ ਹੈ।

ਹਰਿਆਣਾ ਦੇ ਸ਼ਹਿਰੀ ਵਿਸਥਾਰ ਵਾਲੇ ਖੇਤਰਾਂ ਵਿੱਚ ਨਵੀਆਂ ਕਾਲੋਨੀਆਂ ਦਾ ਦਬਾਅ ਪੁਰਾਣੀ ਵਿਵਸਥਾ ਝੱਲ ਨਹੀਂ ਪਾ ਰਹੀ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵੀ ਪਾਈਪਲਾਈਨ ਰੱਖ-ਰਖਾਅ ਦੀ ਕਮੀ ਸਾਹਮਣੇ ਆਈ। ਮਾਨਸੂਨ ਅਤੇ ਗਰਮੀ ਦੇ ਮਹੀਨਿਆਂ ਵਿੱਚ ਸੰਕਰਮਣ ਦੇ ਮਾਮਲਿਆਂ ਵਿੱਚ ਉਛਾਲ ਇਸੇ ਢਾਂਚਾਗਤ ਕਮਜ਼ੋਰੀ ਵੱਲ ਸੰਕੇਤ ਕਰਦਾ ਹੈ।

**ਹਿਮਾਚਲ ਵਿੱਚ ਵੀ ਬਦਲੀ ਤਸਵੀਰ**

ਪਹਾੜੀ ਇਲਾਕਿਆਂ ਵਿੱਚ ਕੁਦਰਤੀ ਜਲ ਸਰੋਤਾਂ ਨੂੰ ਰਵਾਇਤੀ ਤੌਰ 'ਤੇ ਸੁਰੱਖਿਅਤ ਮੰਨਿਆ ਜਾਂਦਾ ਰਿਹਾ ਹੈ, ਪਰ ਭਾਰੀ ਵਰਖਾ, ਭੂ-ਖਿਸਕਣ ਅਤੇ ਮਿੱਟੀ ਦੇ ਬਹਾਅ ਨਾਲ ਸਰੋਤ ਦੂਸ਼ਿਤ ਹੋ ਰਹੇ ਹਨ। ਕਈ ਪਿੰਡਾਂ ਵਿੱਚ ਮਾਨਸੂਨ ਦੌਰਾਨ ਪਾਣੀ ਦੇ ਰੰਗ ਅਤੇ ਗੰਧ ਵਿੱਚ ਬਦਲਾਅ ਦੀਆਂ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ। ਵਿਸ਼ਵ ਬੈਂਕ ਦੀ ਪੇਂਡੂ ਪੀਣ ਵਾਲੇ ਪਾਣੀ ਪ੍ਰਬੰਧਨ 'ਤੇ ਅਧਾਰਿਤ ਅਧਿਐਨ ਰਿਪੋਰਟ ਵਿੱਚ ਸਰੋਤ ਸੁਰੱਖਿਆ, ਨਿਯਮਤ ਸੈਂਪਲਿੰਗ ਅਤੇ ਭਾਈਚਾਰਕ ਨਿਗਰਾਨੀ ਦੀ ਸਿਫਾਰਸ਼ ਕੀਤੀ ਗਈ ਹੈ। (ਬਾਕੀ ਸਫ਼ਾ 26 'ਤੇ)

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE


## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ 21 ਫ਼ਰਵਰੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਭਾਸ਼ਾ ਦੀਆਂ ਪਰਿਭਾਸ਼ਾਵਾਂ ਵਿੱਚ: ਭਾਸ਼ਾ ਸ਼ਬਦ ਸੰਸਕ੍ਰਿਤ ਦੇ ਧਾਤ ਤੋਂ ਬਣਿਆ ਹੈ। ਜਿਸ ਦਾ ਮਤਲਬ ਹੈ ਬੋਲਣਾ ਜਾਂ ਕਹਿਣਾ। ਅਰਥਾਤ ਭਾਸ਼ਾ ਉਹ ਹੈ ਜਿਸ ਨੂੰ ਬੋਲਿਆ ਜਾਵੇ। ਪਲੈਟੋ ਅਨੁਸਾਰ ਕਿ ਵਿਚਾਰ ਅਤੇ ਭਾਸ਼ਾ ਵਿੱਚ ਥੋੜ੍ਹਾ ਹੀ ਅੰਤਰ ਹੈ। ਵਿਚਾਰ ਆਤਮਾ ਦੀ ਮੂਕ ਜਾਂ ਅਧੁਨੀਰੂਪ ਗੱਲਬਾਤ ਹੈ ਪਰ ਉਹ ਹੀ ਜਦੋਂ ਧੁਨੀ ਰੂਪ ਹੋ ਕੇ ਬੁੱਲ੍ਹੀਆਂ ਉੱਤੇ ਜ਼ਾਹਿਰ ਹੁੰਦੀ ਹੈ, ਉਸ ਨੂੰ ਭਾਸ਼ਾ ਦੀ ਸੰਗਿਆ ਦਿੰਦੇ ਹਨ। ਭਾਸ਼ਾ ਅੰਦਰੂਨੀ ਪ੍ਰਕਾਸ਼ਨ ਦਾ ਸਭ ਤੋਂ ਜਿਆਦਾ ਭਰੋਸੇਯੋਗ ਸਾਧਨ ਹੈ। ਇਹੀ ਨਹੀਂ ਉਹ ਸਾਡੇ ਅੰਦਰੂਨੀ ਦੇ ਉਸਾਰੀ, ਵਿਕਾਸ, ਸਾਡੀ ਅਸਮਤਾ, ਸਮਾਜਿਕ ਸਾਂਸਕ੍ਰਿਤਿਕ ਪਹਿਚਾਣ ਦਾ ਵੀ ਸਾਧਨ ਹੈ। ਭਾਸ਼ਾ ਦੇ ਬਿਨਾ ਮਨੁੱਖ ਸਰਵਥਾ ਅਪੂਰਵ ਅਤੇ ਇਤਿਹਾਸ ਆਦਿ ਪ੍ਰਸੰਗ ਨਾਲੋਂ ਵੱਖ ਹੁੰਦਾ ਹੈ।

ਇਹ ਦਿਹਾੜਾ ਲੋਕਾਂ ਦੇ ਆਪਣੀਆਂ ਭਾਸ਼ਾਵਾਂ ਨੂੰ ਸੁਰੱਖਿਅਤ ਰੱਖਣ, ਮੁੜ ਸੁਰਜੀਤ ਕਰਨ, ਭਾਸ਼ਾਈ ਸੱਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਅਤੇ ਬਹੁ ਭਾਸ਼ਾਈਵਾਦ ਨੂੰ ਉਤਸ਼ਾਹਿਤ ਕਰਨ ਦੇ ਅਧਿਕਾਰ ਨੂੰ ਯਕੀਨੀ ਬਣਾਉਣਾ ਹੈ। ਇਹ ਨੀਤੀ ਵਿਕਾਸ ਦੇ ਖੇਤਰਾਂ ਵਿੱਚ ਸਹਿਯੋਗ ਕਰਨ ਅਤੇ ਇੱਕ ਵਿਸ਼ਵ ਵਿਆਪੀ ਵਾਰਤਾਲਾਪ ਦਾ ਮੌਕਾ ਪ੍ਰਦਾਨ ਕਰਦਾ ਹੈ।

ਇਹ ਦਿਨ ਚਿੰਤਾ ਦੇ ਮੁੱਦਿਆਂ ’ਤੇ ਲੋਕਾਂ ਨੂੰ ਜਾਗਰੂਕ ਕਰਨ ਵਿਸ਼ਵ ਵਿਆਪੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜਨੀਤਕ ਇੱਛਾ ਸ਼ਕਤੀ ਅਤੇ ਸਰੋਤਾਂ ਨੂੰ ਜੁਟਾਉਣ ਅਤੇ ਮਨੁੱਖਤਾ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਅਤੇ ਮਜ਼ਬੂਤ ਕਰਨ ਦੇ ਮੌਕੇ ਹੈ। ਅੰਤਰਰਾਸ਼ਟਰੀ ਦਿਨਾਂ ਦੀ ਹੋਂਦ ਸੰਯੁਕਤ ਰਾਸ਼ਟਰ ਦੀ ਸਥਾਪਨਾ ਤੋਂ ਪਹਿਲਾਂ ਹੈ ਪਰ ਸੰਯੁਕਤ ਰਾਸ਼ਟਰ ਨੇ ਇਨ੍ਹਾਂ ਨੂੰ ਇੱਕ ਸ਼ਕਤੀਸ਼ਾਲੀ, ਵਕਾਲਤ ਸਾਧਨ ਵਜੋਂ ਅਪਣਾਇਆ ਹੈ। ਜਿਵੇਂ ਅੰਤਰਰਾਸ਼ਟਰੀ ਸਿੱਖਿਆ ਦਿਵਸ 24 ਜਨਵਰੀ, ਸੱਭਿਆਚਾਰਕ ਵਿਭਿੰਨਤਾ ਲਈ ਵਿਸ਼ਵ ਦਿਵਸ 21 ਮਈ, ਸ਼ਿਵ ਦੇ ਆਦਿਵਾਸੀ ਲੋਕਾਂ ਦਾ ਅੰਤਰਰਾਸ਼ਟਰੀ ਦਿਵਸ 30 ਸਤੰਬਰ, 21 ਫ਼ਰਵਰੀ ਨੂੰ ਆਯੋਜਿਤ ਇੱਕ ਵਿਸ਼ਵ-ਵਿਆਪੀ ਸਾਲਾਨਾ ਸਮਾਰੋਹ ਹੈ। ਪਹਿਲੀ ਵਾਰ ਯੂਨੈਸਕੋ ਵੱਲੋਂ 17 ਨਵੰਬਰ 1999 ਨੂੰ ਆਯੋਜਿਤ ਕੀਤਾ ਗਿਆ ਸੀ। ਇਸ ਨੂੰ ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ 2002 ਵਿੱਚ ਸੰਯੁਕਤ ਰਾਸ਼ਟਰ ਦੇ ਮਤੇ 56/262 ਨੂੰ ਅਪਨਾਉਣ ਦੇ ਨਾਲ ਰਸਮੀ ਤੌਰ ’ਤੇ ਮਾਨਤਾ ਦਿੱਤੀ ਗਈ। ਜਿਵੇਂ ਕਿ

ਸੰਯੁਕਤ ਰਾਸ਼ਟਰ ਮਹਾਂ ਸਭਾ ਵੱਲੋਂ 16 ਮਈ 2007 ਨੂੰ ਸੰਯੁਕਤ ਰਾਸ਼ਟਰ ਦੇ ਮਤੇ 61/266 ਵਿੱਚ ਅਪਣਾਇਆ ਗਿਆ ਸੀ। ਜਿਸ ਨੇ 2008 ਨੂੰ ਭਾਸ਼ਾਵਾਂ ਦੇ ਅੰਤਰਰਾਸ਼ਟਰੀ ਸਾਲ ਵਜੋਂ ਸਥਾਪਿਤ ਕੀਤਾ। ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਵਿਚਾਰ ਬੰਗਲਾਦੇਸ਼ ਦੀ ਪਹਿਲ ਸੀ। ਯੂਨੈਸਕੋ ਨੂੰ ਸਾਲ ਲਈ ਪ੍ਰਮੁੱਖ ਏਜੰਸੀ ਵਜੋਂ ਸੇਵਾ ਕਰਨ ਦਾ ਨਾਮ ਦਿੱਤਾ। ਬੰਗਲਾ ਦੇਸ਼ ਵਿੱਚ 21 ਫ਼ਰਵਰੀ ਉਸ ਦਿਨ ਦੀ ਵਰ੍ਹੇ ਗੰਢ ਹੈ, ਜਦੋਂ ਬੰਗਲਾ ਦੇਸ਼, ਉਸ ਸਮੇਂ ਪੂਰਬੀ ਪਾਕਿਸਤਾਨ ਦੇ ਲੋਕਾਂ ਨੇ ਬੰਗਲਾ ਭਾਸ਼ਾ ਨੂੰ ਮਾਨਤਾ ਦਿਵਾਉਣ ਲਈ ਲੜਾਈ ਲੜੀ ਸੀ। ਇਹ ਪੱਛਮੀ ਬੰਗਾਲ ਭਾਰਤ ਵਿੱਚ ਵੀ ਮਨਾਇਆ ਜਾਂਦਾ ਹੈ।

ਬੰਗਾਲੀ ਭਾਸ਼ਾ ਅੰਦੋਲਨ 1952 ਤਤਕਾਲੀਨ ਪੂਰਬੀ ਪਾਕਿਸਤਾਨ ਵਰਤਮਾਨ ਬੰਗਲਾਦੇਸ਼ ਵਿੱਚ ਚਲਿਆ ਇੱਕ ਸੱਭਿਆਚਾਰਕ ਅਤੇ ਰਾਜਨੀਤਿਕ ਅੰਦੋਲਨ ਸੀ, ਜਿਸ ਨੂੰ ਭਾਸ਼ਾ ਅੰਦੋਲਨ ਵੀ ਕਹਿੰਦੇ ਹਨ। ਇਸ ਅੰਦੋਲਨ ਦੀ ਮੰਗ ਸੀ ਕਿ ਬੰਗਲਾ ਭਾਸ਼ਾ ਨੂੰ ਪਾਕਿਸਤਾਨ ਦੀ ਇੱਕ ਦਫ਼ਤਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ। ਇਸ ਦੀ ਵਰਤੋਂ ਸਰਕਾਰੀ ਕੰਮ ਕਾਰ, ਧੰਦੇ, ਸਿੱਖਿਆ ਦੇ ਮਾਧਿਅਮ ਵਜੋਂ ਸੰਚਾਰ ਮਾਧਿਆਮਾਂ ਵਿੱਚ ਮੁਦਰਾ ਅਤੇ ਮੁਹਾਰ ਆਦਿ ਉੱਤੇ ਜਾਰੀ ਰਖਿਆ ਜਾਵੇ। ਇਹ ਮੰਗ ਪੂਰਬੀ ਪਾਕਿਸਤਾਨ ਦੇ ਧੀਰੇਂਦਰ ਦੰਤਾਂ ਵੱਲੋਂ 23 ਫ਼ਰਵਰੀ 1948 ਨੂੰ ਉਠਾਈ ਗਈ। ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਮੁਜ਼ਾਹਰੇ ਕੀਤੇ ਜਾਣ ਲੱਗੇ। ਉਹਨਾਂ ਨੂੰ ਆਮ ਜਨਤਾ ਦਾ ਵੀ ਸਮਰਥਨ ਪ੍ਰਾਪਤ ਸੀ। 21 ਫ਼ਰਵਰੀ 1952 ਨੂੰ ਪੁਲਿਸ ਵੱਲੋਂ ਗੋਲੀ ਚਲਾ ਦਿੱਤੀ ਗਈ। ਜਿਸ ਵਿੱਚ ਅਨੇਕਾਂ ਲੋਕ ਜ਼ਖ਼ਮੀ ਹੋਏ ਪਰ ਚਾਰ ਵਿਦਿਆਰਥੀ ਮਾਰੇ ਗਏ, ਜਿਵੇਂ ਕਿ ਅਬਸ ਸਲਾਮ, ਅਬੁਲ ਬਰਕਤ, ਰਫੀਕ ਉਦੀਨ ਅਹਿਮਦ, ਅਬਦੂਲ ਜਬਰ ਅਤੇ ਸੀਨ ਰਹਿਮਾਨ ਇਹ ਦੁਨੀਆਂ ਵਿੱਚ ਇੱਕ ਵੱਖਰਾ ਦਰਦਨਾਕ ਅੰਦੋਲਨ ਸੀ, ਜਦੋਂ ਕਿਸੇ ਨੇ ਆਪਣੀ ਮਾਂ ਬੋਲੀ ਲਈ ਕੁਰਬਾਨੀਆਂ ਦਿੱਤੀਆਂ। ਉਦੋਂ ਤੋਂ ਬੰਗਲਾਦੇਸ਼ੀ ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਇਸ ਦਰਦਨਾਕ ਦਿਨ ਨੂੰ ਮਾਤ ਭਾਸ਼ਾ ਦਿਵਸ ਵਜੋਂ ਮਨਾਉਂਦੇ ਹਨ। ਸ਼ਹੀਦਾਂ ਦੀ ਯਾਦ ਵਿੱਚ ਉਸਰੇ ਸ਼ਹੀਦੀ ਮੀਨਾਰ ’ਤੇ ਜਾਂਦੇ ਹਨ। ਡੂੰਘੇ ਦੁੱਖ ਅਤੇ ਭਾਵਨਾ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੰਦੇ ਹਨ। ਉਸ ਦਿਨ ਬੰਗਲਾਦੇਸ਼ ਵਿੱਚ ਛੁੱਟੀ ਘੋਸ਼ਿਤ ਹੈ। ਨਵੰਬਰ 17, 1992 ਨੂੰ ਯੂਨੈਸਕੋ ਦੀ 30ਵੀਂ ਮਹਾਂ ਸਭਾ ਵੱਲੋਂ 21 ਫ਼ਰਵਰੀ ਦਾ ਦਿਨ ਮਾਤ ਭਾਸ਼ਾ ਦਿਵਸ ਐਲਾਨ ਕੀਤਾ। ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਜਿਨ੍ਹਾਂ ਨੇ 21 ਫ਼ਰਵਰੀ 1952 ਨੂੰ ਕੁਰਬਾਨੀਆਂ ਦਿੱਤੀਆਂ।

ਅੱਜ ਇਹ ਜਾਗਰੂਕਤਾ ਵੱਧ ਰਹੀ ਹੈ ਕਿ ਭਾਸ਼ਾਵਾਂ ਵਿਕਾਸ ਵਿੱਚ ਸੱਭਿਆਚਾਰਕ ਵਿਭਿੰਨਤਾ ਅਤੇ ਅੰਤਰ ਸੱਭਿਆਚਾਰਕ ਸੰਵਾਦ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪਰ ਨਾਲ ਹੀ ਸਹਿਯੋਗ ਨੂੰ ਮਜ਼ਬੂਤ ਕਰਨ ਅਤੇ ਸਾਰਿਆਂ ਲਈ ਮਿਆਰੀ ਸਿੱਖਿਆ ਪ੍ਰਾਪਤ ਕਰਨ ਸੰਮਲਿਤ ਗਿਆਨ ਸਮਾਜ ਦੇ ਨਿਰਮਾਣ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਅਤੇ ਸਿਆਸੀ, ਲਾਮਬੰਦੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਟਿਕਾਊ ਵਿਕਾਸ ਲਈ ਵਿਗਿਆਨ ਅਤੇ ਤਕਨੀਕੀ ਲਾਭਾਂ ਨੂੰ ਲਾਗੂ ਕਰਨ ਦੀ ਇੱਛਾ।

ਭਾਸ਼ਾਵਾਂ ਸਿੱਖਿਆ ਅਤੇ ਟਿਕਾਊ ਵਿਕਾਸ ਲਈ ਜ਼ਰੂਰੀ ਹਨ। ਮੁੱਢਲੇ ਸਾਧਨਾਂ ਵਜੋਂ ਕੰਮ ਕਰਦੀਆਂ ਹਨ। ਜਿਸ ਰਾਹੀਂ ਗਿਆਨ ਦਾ ਆਦਾਨ ਪ੍ਰਦਾਨ, ਤਬਾਦਲਾ ਕੀਤਾ ਜਾਂਦਾ ਹੈ। ਸੱਭਿਆਚਾਰ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਅੱਜ ਦੁਨੀਆਂ ਵਿੱਚ ਲਗਭਗ 8324 ਭਾਸ਼ਾਵਾਂ ਦੇ ਨਾਲ ਬਹੁਤ ਸਾਰੀਆਂ ਵਿਸ਼ਵੀਕਰਨ ਅਤੇ ਸਮਾਜਿਕ ਤਬਦੀਲੀਆਂ ਕਾਰਨ ਅਲੋਪ ਹੋਣ ਦੇ ਜੋਖਮ ਵਿੱਚ ਹਨ। ਇਹ ਯਕੀਨੀ ਬਣਾਉਣਾ ਕਿ ਸਿੱਖਿਆ ਪ੍ਰਣਾਲੀਆਂ ਆਪਣੀ ਮਾਤ ਭਾਸ਼ਾ ਵਿੱਚ ਸਿੱਖਣ ਦੇ ਅਧਿਕਾਰ ਦਾ ਸਮਰਥਨ ਕਰਦੀਆਂ ਹਨ। ਸਿੱਖਿਆ ਦੇ ਨਤੀਜਿਆਂ ਨੂੰ ਬੇਹਤਰ ਬਨ੍ਹਾਉਣ ਲਈ ਮਹੱਤਵਪੂਰਨ ਹੈ ਕਿਉਂਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਅਜਿਹੀ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਹੈ ਜੋ ਉਹ ਪੂਰੀ ਤਰ੍ਹਾਂ ਸਮਝਦੇ ਹਨ। ਉਹ ਬੇਹਤਰ ਸਮਝ ਰੁਝੇਵਿਆਂ ਅਤੇ ਆਲੋਚਨਾਤਮਿਕ ਲੋਕਾਂ ਦੇ ਹੁਨਰ ਨੂੰ ਦਰਸਾਉਂਦੇ ਹਨ। ਬਹੁ ਭਾਸ਼ਾਈ ਸਿੱਖਿਆ ਖਾਸ ਤੌਰ ਤੇ ਘੱਟ ਗਿਣਤੀ ਅਤੇ ਸਵਦੇਸ਼ੀ ਭਾਸ਼ਾਵਾਂ ਲਈ ਨਾ ਸਿਫ਼ਰ ਸਿਖਿਆਰਥੀਆਂ ਦੀ ਮਦਦ ਕਰਦੀ ਹੈ, ਸਗੋਂ ਸਿੱਖਿਆ ਅਤੇ ਸੱਭਿਆਚਾਰ ਵਿਚਕਾਰ ਡੂੰਘੇ ਸੰਬੰਧਾਂ ਨੂੰ ਵੀ ਦਰਸਾਉਂਦੀ ਹੈ, ਜੋ ਵਧੇਰੇ ਸਮਵੇਸ਼ੀ ਅਤੇ ਬਰਾਬਰੀ ਵਾਲੇ ਸਮਾਜਾਂ ਵਿੱਚ ਯੋਗਦਾਨ ਪਾਉਂਦੀ ਹੈ।

ਅੰਤਰਰਾਸ਼ਟਰੀ ਭਾਸ਼ਾ ਦਿਵਸ ਦੀ ਚੌਥਾਈ ਸਦੀ ਵਰ੍ਹੇ ਗੰਢ ਭਾਸ਼ਾਈ ਵਿਭਿੰਨਤਾ ਨੂੰ ਸੁਰੱਖਿਅਤ ਰੱਖਣ ਅਤੇ ਮਾਤ ਭਾਸ਼ਾਵਾਂ ਨੂੰ ਸੁਰੱਖਿਅਤ ਕਰਨ ਦੇ ਜਸ਼ਨ ਮਨਾਉਂਦੀ ਏ। ਇਹ ਮੀਲ ਪੱਥਰ ਸੱਭਿਆਚਾਰਕ ਵਿਰਾਸਤ ਦੀ ਰਾਖੀ, ਸਿੱਖਿਆ ਵਿੱਚ ਸੁਧਾਰ ਅਤੇ ਸ਼ਾਂਤੀਪੂਰਨ ਸਮਾਜ ਨੂੰ ਉਤਸ਼ਾਹਿਤ ਕਰਨ ਵਿੱਚ ਭਾਸ਼ਾ ਦੀ ਸੰਭਾਲ ਦੇ ਮਹੱਤਵ ਉੱਤੇ ਜੋਰ ਦਿੰਦਾ ਹੈ।

ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਪਹਿਲਾਂ ਯੂਨੈਸਕੋ ਦੁਆਰਾ ਘੋਸ਼ਿਤ ਕੀਤਾ ਗਿਆ। ਬਾਅਦ ਵਿੱਚ ਸੰਯੁਕਤ ਜਨਰਲ ਅਸੈਂਬਲੀ ਦੁਆਰਾ ਅਪਣਾਇਆ ਗਿਆ, ਨੂੰ ਕਿਹਾ ਜਾ ਸਕਦਾ ਹੈ ਕਿ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਵਿਕਾਸ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਭਾਸ਼ਾਵਾਂ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਬਹੁ ਭਾਸ਼ਾਈ ਸਿੱਖਿਆ ਨਾ ਸਿਰਫ਼ ਸਮਾਵੇਸ਼ੀ ਸਮਾਜਾਂ ਨੂੰ ਉਤਸ਼ਾਹਿਤ ਕਰਦੀ ਹੈ ਬਲਕਿ ਗੈਰ ਪ੍ਰਭਾਵ ਸ਼ਾਲੀ ਘੱਟ ਗਿਣਤੀ ਅਤੇ ਸਵਦੇਸ਼ੀ ਭਾਸ਼ਾਵਾਂ ਨੂੰ ਸੁਰਖਿਅਤ ਰੱਖਣ ਵਿੱਚ ਵੀ ਸਹਾਇਤਾ ਕਰਦੀ ਹੈ। ਇਸ ਸਾਰੇ ਵਿਅਕਤੀਆਂ ਲਈ ਸਿੱਖਿਆ ਅਤੇ ਜੀਵਨ ਭਰ ਸਿੱਖਣ ਦੇ ਮੌਕਿਆਂ ਤੱਕ ਬਰਾਬਰ ਪਹੁੰਚ ਪ੍ਰਾਪਤ ਕਰਨ ਲਈ ਇੱਕ ਨੀਂਹ ਪੱਥਰ ਹੈ।




# ਪਾਣੀ 'ਤੇ ਤਰਦਾ ਪੱਤਾ ਤੱਕਦਿਆਂ...



ਮਨਮੋਹਨ ਸਿੰਘ ਦਾਊਂ

ਦਰਿਆ ਵਗ ਰਿਹਾ ਹੈ। ਇਹ ਉਸ ਦਾ ਸਦੀਵੀ ਸੁਭਾਅ ਹੈ। 'ਪਾਣੀ ਵਗਦੇ ਹੀ ਰਹਿਣ ਖੜੋਤਿਆਂ ਬੁਸਦੇ ਨੇ।' ਮੈਂ ਦਰਿਆ ਦੇ ਕੰਢੇ ਖਲੋਤਾ ਸਭ ਕੁਝ ਵੇਖ ਰਿਹਾ ਹਾਂ। ਮੇਰੀ ਸਿਮਰਤੀ 'ਚ ਬਹੁਤ ਕੁਝ ਸਿਮਟ ਰਿਹਾ ਹੈ। ਦਰਿਆ ਦੋਵੇਂ ਕੰਢਿਆਂ 'ਚ ਆਪਣੀ ਹੌਲੀ ਗਤੀ ਨਾਲ ਵਗ ਰਿਹਾ ਹੈ। ਦੋਵੇਂ ਕੰਢਿਆਂ 'ਚ ਵਗਣਾ ਇੱਕ ਅਨੁਸ਼ਾਸਨ ਹੈ। ਕੰਢਿਆਂ ਤੋਂ ਬਾਹਰ ਵਗਣਾ ਦਰਿਆ ਦਾ ਕਰਮ ਨਹੀਂ। ਕੰਢਿਆਂ 'ਤੇ ਖੜ੍ਹੇ ਰੁੱਖ ਆਪਣੀ-ਆਪਣੀ ਸਮਾਧੀ ਲਾਈ ਖੜ੍ਹੇ ਹਨ। ਪੱਤੇ ਰੁਮਕ ਰਹੇ ਹਨ। ਪੰਛੀ ਉਡਾਰੀ ਭਰਦੇ ਇੱਧਰ-ਉੱਧਰ ਆਪਣੀਆਂ ਸੰਗੀਤਕ ਧੁਨਾਂ ਅਲਾਪ ਰਹੇ ਹਨ। ਪੰਛੀਆਂ ਦੀ ਚਹਿ-ਚਹਾਟ ਪੌਣਾਂ 'ਚ ਹਾਜ਼ਰੀ ਭਰ ਰਹੀ ਹੈ।

ਸੰਘਣੇ ਬਿਰਖ ਆਪਣੀ-ਆਪਣੀ ਹੋਂਦ 'ਚ ਗੜੂੰਦ ਹਨ। ਮੈਂ ਕਦੇ ਬਿਰਖਾਂ ਵੱਲ ਤੱਕਦਾ ਹਾਂ, ਕਦੇ ਵਗ ਰਹੇ ਪਾਣੀ ਨੂੰ ਨਿਹਾਰ ਰਿਹਾ ਹਾਂ। ਅੰਬਰ ਦਾ ਪਰਛਾਵਾਂ ਪਾਣੀ ਦੀਆਂ ਲਹਿਰਾਂ 'ਚ ਘੁਲ ਰਿਹਾ ਹੈ। ਅੰਬਰ ਤੇ ਪਾਣੀ ਮੈਨੂੰ ਇੱਕ ਹੀ ਜਾਪਣ ਲੱਗ ਜਾਂਦੇ ਹਨ। ਪ੍ਰਕਿਰਤੀ ਤੋਂ ਵੱਡਾ ਕੋਈ ਨਹੀਂ। ਬਿਰਖ ਕਦੇ-ਕਦੇ ਰਿਸ਼ੀ ਜਾਪਣ ਲੱਗਦੇ ਹਨ। ਵਗ ਰਿਹਾ ਪਾਣੀ ਵੇਦਾਂ ਦੀ ਬਾਣੀ ਜਪਦਾ ਲੱਗ ਰਿਹਾ ਹੈ। ਪਾਣੀ ਦੀਆਂ ਲਹਿਰਾਂ ਕਵਿਤਾ ਦੀਆਂ ਸਤਰਾਂ ਜਾਪਣ ਲੱਗਦੀਆਂ ਹਨ। ਕੁਦਰਤ ਤੋਂ ਵੱਡੀ ਕਵਿਤਾ ਕੌਣ ਲਿਖ ਸਕਦਾ ਹੈ। ਕੁਦਰਤ ਤਾਂ ਬਲਿਹਾਰੀ ਹੈ। ਜੀਵਨ ਦਾ ਰਹੱਸ ਕੁਦਰਤ 'ਚੋਂ ਪੜ੍ਹਿਆ ਜਾ ਸਕਦਾ ਹੈ। ਕੁਦਰਤ ਕੋਲ ਅਨੰਤ ਤੇ ਅਥਾਹ ਸ਼ਬਦਾਵਲੀ ਹੈ। ਕੁਦਰਤ ਦਾ ਕੋਸ਼ ਅਸਗਾਹ ਹੈ। ਮਨੁੱਖ ਦਾ ਆਦਿ ਕੁਦਰਤ ਹੈ। ਮਨੁੱਖ ਦਾ ਜੁਗਾਦਿ ਵੀ ਕੁਦਰਤ ਹੈ। ਕੁਦਰਤ ਕਦੇ ਮੈਲੀ ਨਹੀਂ ਹੁੰਦੀ। ਹਰ ਰੋਜ਼ ਨਵੀਨ ਹੁੰਦੀ ਹੈ। ਆਦਿ ਰੂਪ ਕੁਦਰਤ ਸੀ, ਵਰਤਮਾਨ ਕੁਦਰਤ ਦੀ ਦੇਣ ਹੈ, ਅਤੀਤ ਅਤੇ ਭਵਿੱਖ ਨੂੰ ਕੁਦਰਤ ਮੇਲਦੀ ਰਹੀ ਹੈ।

ਮਨੁੱਖ ਤੋਂ ਕੁਦਰਤ ਕਦੇ ਬੇਮੁੱਖ ਨਹੀਂ ਹੁੰਦੀ। ਕੁਦਰਤ ਵੱਲ ਪਿੱਠ ਕਰਕੇ ਮਨੁੱਖ ਭਟਕਣ ਲੱਗਦਾ ਹੈ। ਮਨੁੱਖ ਕੁਦਰਤ ਦੀ ਨੇੜਤਾ ਕਰਨੀ ਭੁੱਲਦਾ ਜਾ ਰਿਹਾ ਹੈ। ਕੁਦਰਤ ਤਾਂ ਮਨੁੱਖ ਨੂੰ ਬੁਲਾਉਂਦੀ ਹੈ। ਮੈਨੂੰ ਸੂਰਜ ਹੱਸਦਾ ਲੱਗ ਰਿਹਾ ਹੈ। ਸੂਰਜ ਦੀਆਂ ਕਿਰਨਾਂ ਬਿਰਖ਼ਾਂ ਦੇ ਪੱਤਿਆਂ ਨੂੰ ਸੁਨਹਿਰੀ ਬਣਾ ਰਹੀਆਂ ਹਨ। ਸ਼ਾਇਦ ਕਿਰਨਾਂ ਦੀ ਦਮਕ ਕਾਰਨ ਹੀ ਖਾਨ 'ਚੋਂ ਕੱਢੇ ਪਦਾਰਥ ਦਾ ਨਾਂ ਸੋਨਾ ਰੱਖਿਆ ਗਿਆ ਹੋਵੇ। ਸੂਰਜ ਊਰਜਾ ਹੈ। ਸਾਰੀ ਕਾਇਨਾਤ ਨੂੰ ਜਗਾਉਂਦਾ ਹੈ। ਸਭ ਨੂੰ ਚਾਨਣ ਤੇ ਨਿੱਘ ਵੰਡਦਾ ਹੈ। ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਸਾਡੇ ਪੁਰਖਿਆਂ ਨੇ ਇਸੇ ਕਰਕੇ ਸੂਰਜ ਨੂੰ ਦੇਵਤਾ ਮੰਨਿਆ ਹੈ। ਇਸ ਦੀ ਪੂਜਾ ਕਰਨੀ ਸ਼ੁਰੂ ਕੀਤੀ। ਸੂਰਜ ਦਾ ਉਦੈ ਅਤੇ ਅਸਤ ਹੋਣਾ ਇੱਕ ਨਿਯਮਾਵਲੀ ਅਨੁਸਾਰ ਹੁੰਦਾ ਹੈ। ਇਹ ਕਦੇ ਵੀ ਆਦਿ-ਕਾਲ ਤੋਂ ਕੁਤਾਹੀ ਨਹੀਂ ਕਰ ਰਿਹਾ। ਆਉਣ ਵਾਲੀਆਂ ਸਦੀਆਂ ਲਈ ਇੰਝ ਹੀ ਸੂਰਜ ਆਪਣਾ ਕਰਤਾਰੀ-ਕਰਤਵ ਨਿਭਾਉਂਦਾ ਰਹੇਗਾ, ਇਹ ਇਸ ਸ੍ਰਿਸ਼ਟੀ ਦਾ ਸਿਰਜਣਹਾਰ ਹੀ ਜਾਣੇ। ਸੂਰਜ ਜਦੋਂ ਵੀ ਉਦੈ ਤੇ ਅਸਤ ਹੁੰਦਾ ਹੈ, ਭਾਵ ਪ੍ਰਕਾਸ਼ ਵੰਡਦਾ ਤੇ ਛੁਪਦਾ ਹੈ, ਕੋਈ ਖੜਾਕ ਨਹੀਂ ਕਰਦਾ।

ਮਨੁੱਖ ਨੂੰ ਇਹ ਸਿੱਖਣ ਤੇ ਸਮਝਣ ਦੀ ਲੋੜ ਹੈ ਕਿ ਚੰਗਿਆਈ 'ਚ ਸ਼ੋਰ ਨਹੀਂ ਹੁੰਦਾ। ਪਰ-ਉਪਕਾਰ 'ਚ ਦਿਖਾਵਾ ਨਹੀਂ ਹੁੰਦਾ। ਫੁੱਲ ਜਦੋਂ ਖਿੜਦਾ ਤੇ ਮਹਿਕ ਵੰਡਦਾ ਹੈ ਤਾਂ ਇਹ ਖ਼ਾਮੋਸ਼ੀ ਦਾ ਆਲਮ ਹੁੰਦਾ ਹੈ। ਇਸ ਨੂੰ ਕੋਈ ਵੀ ਤੱਕ ਸਕਦਾ ਹੈ, ਕੋਈ ਵਰਗ-ਵੰਡ ਨਹੀਂ ਕਰਦਾ। ਫੁੱਲ ਨੂੰ ਤੱਕ ਕੇ ਕੋਈ ਕਿੰਨਾ ਖੇੜਾ ਪ੍ਰਾਪਤ ਕਰਦਾ ਹੈ, ਇਹ ਹਰ ਇੱਕ ਦੀ ਆਪਣੀ-ਆਪਣੀ ਤੌਫ਼ੀਕ ਹੈ।

ਹਵਾ ਥੋੜ੍ਹੀ ਜਿਹੀ ਤੇਜ਼ ਵਗਣੀ ਸ਼ੁਰੂ ਹੁੰਦੀ ਹੈ ਤਾਂ ਮੈਂ ਬਿਰਖਾਂ ਨੂੰ ਵਿਸਮਾਦੀ ਨਜ਼ਰ ਨਾਲ ਤੱਕਣ ਲੱਗਦਾ ਹਾਂ। ਕਿੰਨਾ ਰਮਣੀਕ ਨਜ਼ਾਰਾ ਮਾਣਨ ਵਾਲਾ ਹੈ। ਅਚਾਨਕ ਨੇੜੇ ਖੜੋਤੇ ਪਿੱਪਲ ਤੋਂ ਇੱਕ ਪੱਤਾ ਟੁੱਟ ਕੇ ਦਰਿਆ ਦੇ ਪਾਣੀ 'ਤੇ ਡਿੱਗ ਜਾਂਦਾ ਹੈ। ਪੱਤਾ ਪਾਣੀ ਨਾਲ ਭਿੱਜ ਜਾਂਦਾ ਹੈ ਤੇ ਤਰਨ ਲੱਗਦਾ ਹੈ। ਵਗ ਰਹੇ ਪਾਣੀ 'ਤੇ ਪੱਤਾ ਵੀ ਅਗਲੇਰੇ ਸਫ਼ਰ ਦਾ ਜਿਵੇਂ ਪਾਂਧੀ ਬਣ ਗਿਆ ਹੋਵੇ। ਹੁਣ ਮੇਰੀ ਨਜ਼ਰ ਕੇਵਲ ਤਰ ਰਹੇ ਪੱਤੇ 'ਤੇ ਹੀ ਟਿਕ ਜਾਂਦੀ ਹੈ ਤੇ ਪੱਤੇ ਦੇ ਨਾਲ-ਨਾਲ ਤੁਰਨ ਲੱਗਦੀ ਹੈ। ਮੈਂ ਸੋਚੀਂ ਡੁੱਬ ਜਾਂਦਾ ਹਾਂ। ਮੈਨੂੰ ਇੱਕ ਕਵਿਤਾ ਚੇਤੇ ਆਉਂਦੀ ਹੈ ਤੇ ਨਵੇਂ ਸੰਕਲਪ ਵਿਸ਼ਲੇਸ਼ਣ ਕਰਨ ਲੱਗਦੀ ਹੈ। ਕਵਿਤਾ ਬੋਲਣ ਲੱਗਦੀ ਹੈ;

ਪਿੱਪਲ ਦੇ ਪੱਤਿਆ ਵੇ, ਕਿਉਂ ਖੜ-ਖੜ ਲਾਈ ਆ
ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਆ

ਕੁਦਰਤ ਦਾ ਇਹ ਨਿਯਮ ਸਦੀਵੀ ਹੈ। ਪੁਰਾਣੇ ਨੇ ਜਾਣਾ ਹੈ ਅਤੇ ਨਵੇਂ ਨੇ ਆਉਣਾ ਹੈ। ਪ੍ਰਕਿਰਤੀ ਵਿੱਚ ਅਤੇ ਸਜੀਵ-ਕਾਇਆ ਰੂਪੀ ਵੰਸ਼ ਵਿੱਚ ਆਦਿ-ਕਾਲ ਤੋਂ ਇੰਝ ਹੁੰਦਾ ਆ ਰਿਹਾ ਹੈ। ਪੱਤਾ ਕਦੇ ਬਿਰਖ (ਪਿੱਪਲ) ਦਾ ਅੰਗ ਸੀ, ਉਸ ਦੀ ਦੇਹੀ ਨਾਲ ਸਾਹ ਲੈਂਦਾ ਸੀ। ਜੜ੍ਹਾਂ, ਤਣਾ, ਟਾਹਣੀਆਂ ਤੇ ਸਾਵੇ ਪੱਤੇ ਸਮੁੱਚੇ ਪਿੱਪਲ ਦੀ ਕਾਇਆ ਦਾ ਸਰੂਪ ਬਣਦੇ ਹਨ। ਹਰ ਹਿੱਸਾ ਆਪਣੇ-ਆਪਣੇ ਕਰਮ 'ਚ ਲੱਗਿਆ ਰਹਿੰਦਾ ਹੈ। ਨਿੱਕੇ-ਛੋਟੇ ਬੀਜ ਤੋਂ ਵੱਡ ਅਕਾਰੀ ਪਿੱਪਲ ਕਿਵੇਂ ਵਿਗਸਿਆ, ਇੱਕ ਅਦ੍ਰਿਸ਼ਟ ਪ੍ਰਕਿਰਿਆ ਦਿਨ-ਰਾਤ ਹੁੰਦੀ ਰਹਿੰਦੀ ਹੈ, ਇਸ ਨੂੰ ਸਾਡੀ ਅੱਖ ਸਮਝ ਨਹੀਂ ਸਕਦੀ। ਇਹ ਨਿਤਾ-ਪ੍ਰਤੀ ਉਪਜਦੀ, ਵਿਗਸਦੀ ਤੇ ਬਿਨਸਦੀ ਰਹਿੰਦੀ ਹੈ। ਸਾਰੀ ਸ੍ਰਿਸ਼ਟੀ ਇਸ ਕਾਇਨਾਤ ਦੇ ਕਰਾਮਾਤੀ ਰਹੱਸ ਨਾਲ ਚੱਲ ਰਹੀ ਹੈ।

ਦੂਰ ਤੀਕਰ ਮੇਰੀ ਨਜ਼ਰ ਪੱਤੇ ਨੂੰ ਤੱਕਦੀ ਰਹਿੰਦੀ ਹੈ। ਪਾਣੀ ਦੀਆਂ ਲਹਿਰਾਂ 'ਤੇ ਤਰ ਰਿਹਾ ਪੱਤਾ ਅਣਡਿੱਠ ਹੋ ਜਾਂਦਾ ਹੈ, ਪ੍ਰੰਤੂ ਮੇਰੀ ਅਕਾਂਖਿਆ 'ਚ ਪੱਤਾ ਵਿਸਰਦਾ ਨਹੀਂ। ਪਿੱਪਲ ਨੂੰ ਬ੍ਰਹਮਾ ਕਰਕੇ ਪੂਜਿਆ ਜਾਂਦਾ ਹੈ। ਅਸੀਂ ਇਹ ਵੀ ਜਾਣਦੇ ਹਾਂ ਕਿ ਰਾਤੜੀ ਵੇਲੇ ਬ੍ਰਹਮਾ-ਰੂਪੀ ਪਿੱਪਲ ਆਕਸੀਜਨ ਵੰਡਦਾ ਰਹਿੰਦਾ ਹੈ ਜੋ ਮਨੁੱਖ ਲਈ ਸ਼ੁੱਧ ਹਵਾ ਵਜੋਂ ਅਤੀ ਜ਼ਰੂਰੀ ਹੈ। ਆਕਸੀਜਨ ਸਾਡੇ ਜਿਉਣ ਲਈ ਸਾਹ ਹਨ। ਸਾਹਾਂ ਦੀ ਪੂੰਜੀ ਹਰ ਜੀਵ ਦੀ ਨਿਸ਼ਚਿਤ ਹੈ। ਪੱਤਾ ਵੀ ਆਪਣੀ ਉਮਰ ਭੋਗ ਕੇ ਟਾਹਣੀ ਤੋਂ ਟੁੱਟ ਕੇ ਵਿਛੜਦਾ ਹੋਇਆ ਜਾ ਰਿਹਾ ਹੈ। ਪਿੱਪਲ ਦੇ ਹੋਰ ਪੱਤੇ ਥੱਲੇ ਭੋਇੰ 'ਤੇ ਡਿੱਗਦੇ ਰਹਿਣਗੇ, ਕੋਈ ਵੇਖੇਗਾ ਜਾਂ ਨਹੀਂ, ਇਹ ਸਿਲਸਿਲਾ ਹੁੰਦਾ ਰਹਿਣਾ ਹੈ, ਪ੍ਰੰਤੂ ਉਹ 'ਇੱਕ' ਪੱਤਾ ਮੇਰੀ ਸਿਮਰਤੀ 'ਚ ਆਪਣਾ ਵਾਸਾ ਕਰ ਗਿਆ, ਇਹ ਇੱਕ ਰਹੱਸਵਾਦੀ-ਦ੍ਰਿਸ਼ ਦੀ ਗੱਲ ਹੈ। ਮੈਨੂੰ ਪਤਾ ਹੈ ਕਿ ਉਹ 'ਇੱਕ' ਪੱਤਾ ਕਿਤੇ ਨਾ ਕਿਤੇ ਜਾ ਕੇ ਪਾਣੀ 'ਚ ਹੀ ਵਲੀਨ ਹੋ ਜਾਣਾ ਹੈ, ਪ੍ਰੰਤੂ ਇਹ ਮੇਰੀਆਂ ਨਜ਼ਰਾਂ 'ਚ ਸਾਂਝ ਪਾ ਗਿਆ। ਜਿਵੇਂ ਇੱਕ ਰਿਸ਼ਤਾ ਪੈਦਾ ਹੁੰਦਾ ਹੈ ਤੇ ਇੱਕ ਰਿਸ਼ਤਾ ਮੁੱਕ ਜਾਂਦਾ ਹੈ। ਮਨੁੱਖੀ ਜੀਵਨ ਵਿੱਚ ਵੀ ਇੰਝ ਵਾਪਰਦਾ ਰਿਹਾ ਹੈ ਤੇ ਵਾਪਰਦਾ ਰਹਿਣਾ ਹੈ। ਅਸੀਂ ਇੱਕ ਦੂਜੇ ਕਾਰਨ ਹੀ ਹਾਂ ਅਤੇ ਇੱਕ ਦੂਜੇ ਤੋਂ ਵਿਸਰਜਨ ਵੀ ਹੋ ਜਾਣਾ ਹੈ। ਪੱਤੇ ਵਾਂਗ ਜਿੰਨਾ ਕਰਮ ਕਰਨ ਲਈ ਆਏ ਹਾਂ, ਉਸ ਵੱਲ ਕਾਰਜ ਕਰਦੇ ਰਹੀਏ। ਇਸ ਜੀਵਨ ਤੋਂ ਉੱਪਰ ਕੋਈ ਜੀਵਨ ਨਹੀਂ। ਹਰਿਆਲੀ ਨਾਲ ਹੀ ਖ਼ੁਸ਼ਹਾਲੀ ਹੈ। ਰਿਸ਼ੀਆਂ-ਮੁਨੀਆਂ ਨੇ ਬਿਰਖਾਂ ਥੱਲੇ ਧਰਮਾਰਥ ਗ੍ਰਹਿਣ ਕੀਤਾ। ਦਰਿਆਵਾਂ ਦੇ ਕੰਢਿਆਂ 'ਤੇ ਹੀ ਮਨੁੱਖੀ ਸਭਿਆਚਾਰ ਦਾ ਉਦੈ ਹੋਇਆ। ਇਹ ਵੀ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਦੇਸ਼ ਦੀ ਲੋਕ-ਭਾਸ਼ਾ ਵਗਦੇ ਪਾਣੀਆ ਵਾਂਗ ਹੁੰਦੀ ਹੈ, ਓਵੇਂ ਹਰ ਦੇਸ਼ ਦੀ ਲੋਕ-ਕਲਾ ਵੀ ਵਗਦੇ ਪਾਣੀਆ ਵਾਂਗ ਹੀ ਦੇਸ਼ ਦੀ ਆਤਮਾ ਦੀ ਪ੍ਰਤੀਕ ਹੁੰਦੀ ਹੈ।

ਗਯਾ ਵਿਖੇ ਸਿਧਾਰਥ (ਗੌਤਮ) ਨੂੰ ਪਿੱਪਲ ਥੱਲੇ ਤਪੱਸਿਆ ਕਰਦਿਆਂ ਆਤਮ-ਗਿਆਨ ਹੋਇਆ। ਬੋਧੀ ਬਿਰਖ ਅੱਜ ਵੀ ਕਾਇਮ ਹੈ ਤੇ ਸ਼ਰਧਾਵਾਨਾਂ ਲਈ ਤੀਰਥ-ਯਾਤਰਾ ਹੈ। ਮਹਾਤਮਾ ਬੁੱਧ ਨੇ ਉਪਾਧੀ ਪ੍ਰਾਪਤ ਕੀਤੀ ਤੇ ਚਾਨਣ ਵੰਡਿਆ। ਤਰਦੇ ਪੱਤੇ ਨੂੰ ਤੱਕਦਿਆਂ-ਤੱਕਦਿਆਂ, ਮੈਨੂੰ ਕਿੰਨਾ ਕੁਝ ਯਾਦ ਆਉਣ ਲੱਗਦਾ ਹੈ। ਪੱਤੇ 'ਤੇ ਉੱਕਰੀ ਇਬਾਰਤ ਪੜ੍ਹਨਾ, ਮੇਰੇ ਲਈ ਸੁਭਾਗ ਬਣ ਜਾਂਦਾ ਹੈ;

ਪੱਤਾ ਟੁੱਟ ਕੇ ਬਿਰਖੋਂ, ਕਥਾ ਸੁਣਾ ਗਿਆ।
ਪਾਣੀ ਵਗਦਾ-ਵਗਦਾ, ਗੀਤ ਸੁਣਾ ਰਿਹਾ।

# ਅੱਕ ਢੱਕ ਦੀ ਮੈਂ ਗੱਡੀ ਬਣਾਈ...



ਜੋਗਿੰਦਰ ਕੌਰ ਅਗਨੀਹੋਤਰੀ

ਕੁਦਰਤ ਵੱਲੋਂ ਪੈਦਾ ਕੀਤੀ ਕੋਈ ਵੀ ਚੀਜ਼ ਨਿਕੰਮੀ ਨਹੀਂ ਹੈ। ਹਰ ਚੀਜ਼ ਦਾ ਆਪਣਾ ਮਹੱਤਵ ਹੈ। ਘਾਹ ਦੇ ਤਿਣਕੇ ਤੋਂ ਲੈ ਕੇ ਵੱਡੇ ਵੱਡੇ ਰੁੱਖਾਂ ਦੀ ਆਪਣੀ ਮਹਾਨਤਾ ਹੈ। ਘਾਹ ਜਿਸ ਨੂੰ ਇੱਕ ਨਦੀਨ ਸਮਝ ਕੇ ਖੇਤ ਵਿੱਚੋਂ ਕੱਢ ਕੇ ਬਾਹਰ ਸੁੱਟਿਆ ਜਾਂਦਾ ਹੈ, ਉਹ ਵੀ ਬਹੁਤ ਕੀਮਤੀ ਹੈ। ਖੱਚਰ, ਗਧੇ ਅਤੇ ਹੋਰ ਕੁਝ ਪਸ਼ੂ ਸੁੱਕੇ ਘਾਹ ਨੂੰ ਖਾਂਦੇ ਹਨ। ਭਾਵੇਂ ਘਾਹ ਵੱਖ- ਵੱਖ ਕਿਸਮ ਦੇ ਹਨ, ਪਰ ਫਿਰ ਵੀ ਆਮ ਤੌਰ 'ਤੇ ਖੱਬਲ ਨੂੰ ਘਾਹ ਮੰਨਿਆ ਜਾਂਦਾ ਹੈ। ਇਹ ਹਰਾ ਕਚੂਰ ਘਾਹ ਪਸ਼ੂਆਂ ਲਈ ਬਹੁਤ ਕੀਮਤੀ ਚਾਰਾ ਹੈ ਜੋ ਉਨ੍ਹਾਂ ਦਾ ਢਿੱਡ ਭਰਨ ਵਿੱਚ ਸਹਾਈ ਹੁੰਦਾ ਹੈ।

ਪਾਲਤੂ ਪਸ਼ੂਆਂ ਲਈ ਵੀ ਲੋਕ ਇਸ ਖੱਬਲ ਨੂੰ ਖੇਤਾਂ ਵਿੱਚੋਂ ਖੋਤ ਕੇ ਲਿਆਉਂਦੇ ਹਨ। ਜ਼ਮੀਨਾਂ ਵਾਲੇ ਭਾਵੇਂ ਵੱਖ ਵੱਖ ਕਿਸਮ ਦੇ ਚਾਰੇ ਪਸ਼ੂਆਂ ਲਈ ਬੀਜਦੇ ਹਨ, ਪਰ ਖੱਬਲ ਦਾ ਉਨ੍ਹਾਂ ਵਿੱਚ ਅਹਿਮ ਸਥਾਨ ਹੈ। ਜਿਨ੍ਹਾਂ ਲੋਕਾਂ ਕੋਲ ਜ਼ਮੀਨ ਨਹੀਂ ਹੈ, ਉਹ ਵੀ ਦੂਰੋਂ ਨੇੜਿਓਂ ਪੈਦਾ ਹੋਇਆ ਵੱਖ ਵੱਖ ਕਿਸਮ ਦਾ ਘਾਹ ਖੋਤ ਕੇ ਪਸ਼ੂਆਂ ਲਈ ਲਿਆਉਂਦੇ ਹਨ। ਇਨ੍ਹਾਂ ਵਿੱਚ ਭਿੰਨ ਭਿੰਨ ਪ੍ਰਕਾਰ ਦੇ ਚਾਰੇ ਹੁੰਦੇ ਹਨ ਜਿਵੇਂ ਮੋਥਰਾ, ਭਗਤਲ, ਦੁਧਕੁਲ ਅਤੇ ਹੋਰ ਕਈ ਪ੍ਰਕਾਰ ਦੀਆਂ ਜੜੀਆਂ ਬੂਟੀਆਂ ਵੀ ਹਨ। ਇਸ ਤੋਂ ਇਲਾਵਾ ਖੰਡੀ, ਚਾਰਾ, ਜੌਂਧਰ ਆਦਿ ਆਪੇ ਉੱਗੇ ਨਦੀਨ ਪਸ਼ੂਆਂ ਦਾ ਭੋਜਨ ਬਣਦੇ ਹਨ। ਇਸ ਤਰ੍ਹਾਂ ਗਰਮੀ ਵਿੱਚ ਪੈਦਾ ਹੋਣ ਵਾਲੇ ਨਦੀਨ ਜਿਵੇਂ ਇਟਸਿਟ ਊਠਾਂ ਦਾ ਖਾਈਆ/ਖਾਜਾ ਹੈ। ਜਾਨਵਰਾਂ ਵਿੱਚੋਂ ਬੱਕਰੀ ਅਜਿਹਾ ਪਸ਼ੂ ਹੈ ਜੋ ਵਿਸ਼ੈਲੇ ਪੌਦਿਆਂ ਨੂੰ ਵੀ ਆਪਣੇ ਭੋਜਨ ਦਾ ਹਿੱਸਾ ਬਣਾਉਂਦੀ ਹੈ। ਬੱਕਰੀਆਂ ਜਿੱਥੇ ਕਿੱਕਰ ਦੀਆਂ ਕਰੂੰਬਲਾਂ ਖਾਂਦੀਆਂ ਹਨ, ਉੱਥੇ ਉਹ ਅੱਕ ਦੇ ਪੱਤੇ ਜਾਂ ਉਸ ਉੱਤੇ ਆਈਆਂ ਕੋਮਲ ਡੋਡੀਆਂ ਵੀ ਖਾ ਜਾਂਦੀਆਂ ਹਨ।

ਅੱਕ ਇੱਕ ਅਜਿਹਾ ਪੌਦਾ ਹੈ ਜੋ ਜ਼ਹਿਰੀਲਾ ਮੰਨਿਆ ਜਾਂਦਾ ਹੈ। ਬੱਚਿਆਂ ਨੂੰ ਅੱਕ ਦੇ ਪੌਦੇ ਦੇ ਨੇੜੇ ਖੇਡਣ ਨਹੀਂ ਦਿੱਤਾ ਜਾਂਦਾ ਤਾਂ ਕਿ ਕਿਤੇ ਅੱਕ ਚੜ੍ਹ ਨਾ ਜਾਵੇ, ਭਾਵ ਉਸ ਦਾ ਅਸਰ ਨਾ ਹੋ ਜਾਵੇ। ਜਿੱਥੇ ਅੱਕ ਵਿੱਚ ਔਗੁਣ ਹਨ, ਉੱਥੇ ਗੁਣ ਵੀ ਬਹੁਤ ਹਨ। ਇਨ੍ਹਾਂ ਗੁਣਾਂ ਕਰਕੇ ਹੀ ਇਸ ਦੀ ਵਰਤੋਂ ਘਰਾਂ ਵਿੱਚ ਛੋਟੇ ਛੋਟੇ ਰੋਗਾਂ ਨੂੰ ਦੂਰ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਵਰਤੋਂ ਉਹ ਆਪਣੇ ਤਜਰਬੇ ਨਾਲ ਕਰਦੇ ਹਨ। ਸਭ ਤੋਂ ਪਹਿਲਾਂ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਅੱਕ ਦੀਆਂ ਡੋਡੀਆਂ ਲੈ ਕੇ ਉਨ੍ਹਾਂ ਨੂੰ ਸਰ੍ਹੋਂ ਦੇ ਤੇਲ ਵਿੱਚ ਪਾ ਕੇ ਚੰਗੀ ਤਰ੍ਹਾਂ ਕਾੜ੍ਹਨ ਤੋਂ ਬਾਅਦ ਉਸ ਵਿੱਚ ਕੁਝ ਮੋਮ ਮਿਲਾ ਕੇ ਫੋੜੇ ਫੁੰਸੀਆਂ 'ਤੇ ਲਾਉਣ ਵਾਲੀ ਦਵਾਈ ਬਣਾਈ ਜਾਂਦੀ ਹੈ। ਇਸ ਨਾਲ ਜ਼ਖ਼ਮ ਜਲਦੀ ਸੁੱਕਦਾ ਹੈ।

ਅੱਕ ਦੇ ਪੀਲੇ ਪੱਤੇ ਗੋਡੇ ਜਾਂ ਕਿਸੇ ਹੋਰ ਹੱਡੀ ਦੇ ਦਰਦ ਤੋਂ ਰਾਹਤ ਦੇਣ ਲਈ ਸਹਾਈ ਹੁੰਦੇ ਹਨ। ਅੱਕ ਦੇ ਪੀਲੇ ਪੱਤਿਆਂ ਨੂੰ ਸਰ੍ਹੋਂ ਦਾ ਤੇਲ ਲਗਾਉਣ ਤੋਂ ਬਾਅਦ ਉਸ ਨੂੰ ਹਲਕਾ ਜਿਹਾ ਤਵੇ ਉੱਤੇ ਗਰਮ ਕਰਨ ਤੋਂ ਬਾਅਦ ਉਸ ਨੂੰ ਦਰਦ ਵਾਲੀ ਥਾਂ 'ਤੇ ਬੰਨ੍ਹਣ ਨਾਲ ਦੋ-ਤਿੰਨ ਦਿਨਾਂ ਵਿੱਚ ਹੀ ਆਰਾਮ ਆ ਜਾਂਦਾ ਹੈ। ਅੱਕ ਦੀ ਜੜ੍ਹ ਜਾਂ ਮੁੱਢੀ ਬੁਖਾਰ ਦੀ ਦਵਾਈ ਬਣਾਉਣ ਲਈ ਕੰਮ ਆਉਂਦੀਹੈ। ਇਸ ਮੁੱਢੀ ਨੂੰ ਚੰਗੀ ਤਰ੍ਹਾਂ ਸਾੜ ਕੇ ਉਸ ਦੀ ਰਾਖ ਨੂੰ ਤਵਾਸੀਰ ਅਤੇ ਹੋਰ ਦਵਾਈ ਵਿੱਚ ਮਿਲਾ ਕੇ ਬੁਖਾਰ ਦੀ ਦਵਾਈ ਬਣਾਈ ਜਾਂਦੀ ਹੈ।

ਅੱਕ ਦੇ ਦੁੱਧ ਤੋਂ ਭਾਵ ਹੈ ਕਿ ਅੱਕ ਨੂੰ ਤੋੜਨ ਸਮੇਂ ਉਸ ਦੇ ਵਿੱਚੋਂ ਚਿੱਟੇ ਰੰਗ ਦਾ ਪਦਾਰਥ ਨਿਕਲਦਾ ਹੈ ਜਿਸ ਨੂੰ ਅੱਕ ਦਾ ਦੁੱਧ ਕਿਹਾ ਜਾਂਦਾ ਹੈ। ਇਹ ਬਹੁਤ ਜ਼ਹਿਰੀਲਾ ਹੁੰਦਾ ਹੈ, ਪ੍ਰੰਤੂ ਸਿਰ ਦਰਦ ਲਈ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਸਿਰ ਦਰਦ ਜੋ ਲਗਾਤਾਰ ਹੁੰਦਾ ਹੈ ਭਾਵ ਪੁੜਪੜੀ ਟੱਪ ਟੱਪ ਵੱਜਦੀ ਹੈ। ਇਸ ਨੂੰ ਉੱਲ ਵੱਜਣਾ ਵੀ ਕਿਹਾ ਜਾਂਦਾ ਹੈ। ਇਸ ਉੱਲ ਨਾਲ ਅੱਖ ਦੀ ਨਿਗ੍ਹਾ ਚਲੀ ਜਾਂਦੀ ਹੈ। ਘਰੇਲੂ ਉਪਚਾਰ ਵਿੱਚ ਇਹ ਅੱਕ ਦਾ ਦੁੱਧ ਵਰਤਿਆ ਜਾਂਦਾ ਸੀ। ਤਾਜ਼ਾ ਅੱਕ ਤੋੜ ਕੇ ਉਸ ਵਿੱਚੋਂ ਨਿਕਲਿਆ ਪਦਾਰਥ ਅੰਗੂਠੇ ਦੇ ਨਹੁੰ ਉੱਤੇ ਪਾਇਆ ਜਾਂਦਾ ਹੈ। ਜੋ ਪਦਾਰਥ ਨਹੁੰ ਤੋਂ ਡਿੱਗ ਕੇ ਹੇਠਾਂ ਚਲਾ ਜਾਂਦਾ ਹੈ ਤਾਂ ਉਸ ਨੂੰ ਵਿਅਰਥ ਸਮਝਿਆ ਜਾਂਦਾ ਹੈ, ਪਰ ਜੋ ਪਦਾਰਥ ਨਹੁੰ ਦੇ ਉੱਤੇ ਰਹਿ ਜਾਂਦਾ ਹੈ, ਉਸ ਨੂੰ ਉਸ ਦਰਦ ਵਾਲੀ ਥਾਂ 'ਤੇ ਲਾਇਆ ਜਾਂਦਾ ਹੈ। ਇਸ ਨਾਲ ਇੱਕ ਵਾਰ ਤਾਂ ਉਸ ਥਾਂ ਉੱਤੇ ਇੱਕ ਛਾਲਾ ਉੱਠਦਾ ਹੈ, ਪ੍ਰੰਤੂ ਦਰਦ ਬੰਦ ਹੋ ਜਾਂਦਾ ਹੈ ਅਤੇ ਛਾਲਾ ਕੁਝ ਦਿਨਾਂ ਬਾਅਦ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ। ਅੱਕ ਦੀਆਂ ਕੱਚੀਆਂ ਡੋਡੀਆਂ ਤਪਦਿਕ ਦੇ ਮਰੀਜ਼ਾਂ ਨੂੰ ਵੀ ਖਵਾਈਆਂ ਜਾਂਦੀਆਂ ਸਨ। ਇਸ ਤਰ੍ਹਾਂ ਘਰੇਲੂ ਉਪਚਾਰ ਵਿੱਚ ਅੱਕ ਵੀ ਆਪਣਾ ਥਾਂ ਰੱਖਦਾ ਹੈ।

ਨਰਾਤਿਆਂ ਵਿੱਚ ਜੌਂ ਬੀਜਣ ਤੋਂ ਬਾਅਦ ਉਨ੍ਹਾਂ ਨੂੰ ਅੱਕ ਦੇ ਪੱਤਿਆਂ ਨਾਲ ਢਕਿਆ ਜਾਂਦਾ ਹੈ ਤਾਂ ਕਿ ਜੌਂ ਇਨ੍ਹਾਂ ਦੀ ਗਰਮਾਹਟ ਨਾਲ ਜਲਦੀ ਉੱਗ ਪੈਣ ਅਤੇ ਹਰੇ ਭਰੇ ਹੋਣ। ਭਾਵੇਂ ਅੱਕ ਨੂੰ ਨਿਗੂਣਾ ਬੂਟਾ ਹੀ ਸਮਝਿਆ ਜਾਂਦਾ ਹੈ, ਪਰ ਇਸ ਨੂੰ ਸ਼ਿਵ ਜੀ ਦੀ ਪੂਜਾ ਲਈ ਵਰਤਿਆ ਜਾਂਦਾ ਹੈ। ਇਸ ਦੇ ਫੁੱਲ ਸ਼ਿਵਲਿੰਗ 'ਤੇ ਚੜ੍ਹਾਏ ਜਾਂਦੇ ਹਨ। ਅੱਕ ਦੀਆਂ ਕੁਕੜੀਆਂ ਜਾਂ ਅੰਬੀਆਂ ਨਾਲ ਬੱਚੇ ਆਪਣੀਆਂ ਖੇਡਾਂ ਬਣਾ ਕੇ ਵੀ ਖੇਡ ਲੈਂਦੇ ਸਨ। ਇਸ ਬਾਰੇ ਬਾਲ ਗੀਤ ਇਸ ਤਰ੍ਹਾਂ ਹੈ;

ਅੱਕ ਢੱਕ ਦੀ ਮੈਂ ਗੱਡੀ ਬਣਾਈ
ਮੇਂਢਕ (ਡੱਡੂ) ਜੋਤ ਕੇ ਜਾਵਾਂ।
ਰਾਜੇ ਨੇ ਮੇਰੇ ਬਲਦ ਲੁਕੋਏ।
ਉਸ ਨਾਲ ਝਗੜਨ ਜਾਵਾਂ।

ਜਦੋਂ ਕੁੜੀਆਂ ਤੇ ਮੁੰਡੇ ਇਕੱਠੇ ਹੋ ਕੇ ਖੇਡਦੇ ਸਨ ਤਾਂ ਬਾਲ ਗੀਤਾਂ ਵਿੱਚ ਅੱਕ ਢੱਕ ਦਾ ਜ਼ਿਕਰ ਜ਼ਰੂਰ ਕਰਦੇ ਸਨ। ਬੱਚਿਆਂ ਦੇ ਮਨਾਂ ਵਿੱਚ ਤਰ੍ਹਾਂ ਤਰ੍ਹਾਂ ਦੇ ਖ਼ਿਆਲ ਆਉਂਦੇ ਹਨ ਭਾਵੇਂ ਉਹ ਕਿਸੇ ਨੂੰ ਬੁਰੇ ਲੱਗਣ ਭਾਵੇਂ ਚੰਗੇ, ਪਰ ਉਹ ਆਪਣੇ ਵਿਚਾਰ ਪੇਸ਼ ਕਰਨ ਵੇਲੇ ਸੰਗਦੇ ਨਹੀਂ। ਇਸੇ ਤਰ੍ਹਾਂ ਹੀ ਖੇਡਣ ਵੇਲੇ ਬੱਚੇ ਖੇਡਦੇ ਖੇਡਦੇ ਇਕੱਠੇ ਹੁੰਦੇ ਸਮੇਂ ਆਪਣੇ ਦੂਜੇ ਸਾਥੀਆਂ ਨੂੰ ਨਾਲ ਰਲਾਉਣ ਲਈ ਇਹ ਗੀਤ ਗਾ ਕੇ ਬੁਲਾਉਂਦੇ ਤੇ ਇਹ ਬਾਲ ਗੀਤ ਦੁਹਰਾਉਂਦੇ। ਕੁੜੀਆਂ ਇਸ ਤਰ੍ਹਾਂ ਗਾਉਂਦੀਆਂ;

ਅੱਕ ਦਾ ਡੰਡਾ, ਮੜੱਕ ਦਾ ਡੰਡਾ
ਆਓ ਸਹੇਲੀਓ ਖੇਡੀਏ।
ਜਿਹਦੀ ਮਾਂ ਨਾ ਖੇਡਣ ਦਿੰਦੀ
ਚੱਕੋ ਪਸੇਰੀ ਢਾਹ ਦਿਉ ਢੇਰੀ
ਰੁੜ੍ਹਦੀ ਰੁੜ੍ਹਦੀ ਆਉਣ ਦਿਉ।

ਅੱਕ ਦੀਆਂ ਪੱਕੀਆਂ ਟਾਹਣੀਆਂ ਨੂੰ ਤੋੜ ਕੇ ਜਾਂ ਕੱਟ ਕੇ ਉਸ ਦੀਆਂ ਛੋਟੀਆਂ ਛੋਟੀਆਂ ਨਲਕੀਆਂ ਬਣਾਈਆਂ ਜਾਂਦੀਆਂ ਹਨ ਜੋ ਕਿ ਤਾਣੀ ਬੁਣਨ ਵਾਲੀਆਂ ਨੂੰ ਤਾਣੀ ਬੁਣਨ ਵੇਲੇ ਕੰਮ ਦਿੰਦੀਆਂ ਹਨ। ਇਨ੍ਹਾਂ ਛੋਟੀਆਂ ਛੋਟੀਆਂ ਨਲਕੀਆਂ ਉੱਤੇ ਸੂਤ ਚੜ੍ਹਾਉਣ ਲਈ ਚਰਖੇ ਅਤੇ ਊਰੀ ਦੀ ਵਰਤੋਂ ਕੀਤੀ ਜਾਂਦੀ ਹੈ, ਫਿਰ ਇਹ ਸੂਤ ਤਾਣੇ ਵਿੱਚ ਵਗਾਇਆ ਜਾਂਦਾ ਹੈ। ਅੱਕ ਦੀਆਂ ਟਾਹਣੀਆਂ ਦੇ ਅੰਦਰ ਕੁਦਰਤੀ ਤੌਰ 'ਤੇ ਅੰਦਰ ਹੀ ਖੋਲ੍ਹ ਹੁੰਦਾ ਹੈ ਜਿਸ ਨੂੰ ਚਰਖੇ 'ਤੇ ਚੜ੍ਹਾਉਣਾ ਆਸਾਨ ਹੁੰਦਾ ਹੈ। ਚਰਖਾ ਕੱਤਣ ਵੇਲੇ ਅੱਕ ਦੀ ਇਸ ਲੱਕੜੀ ਦੀਆਂ ਛੋਟੀਆਂ ਛੋਟੀਆਂ ਬੀੜੀਆਂ ਵੀ ਬਣਾਈਆਂ ਜਾਂਦੀਆਂ ਹਨ ਜੋ ਤਕਲੇ 'ਤੇ ਚੜ੍ਹਾਈਆਂ ਜਾਂਦੀਆਂ ਹਨ।

ਅੱਕ ਦਾ ਜ਼ਿਕਰ ਲੋਕ ਗੀਤਾਂ ਵਿੱਚ ਵੀ ਕੀਤਾ ਜਾਂਦਾ ਹੈ। ਮਸਤੀ ਵਿੱਚ ਨੱਚਦੀਆਂ ਕੁੜੀਆਂ ਆਪਣੇ ਮਨੋਭਾਵਾਂ ਨੂੰ ਪਤਾ ਨਹੀਂ ਕਿੱਥੋਂ ਕਿੱਥੋਂ ਤੱਕ ਲੈ ਕੇ ਜਾਂਦੀਆਂ ਹਨ ਅਤੇ ਆਪਣੇ ਵਿਚਾਰਾਂ ਨੂੰ ਆਪਣੇ ਹਿਸਾਬ ਨਾਲ ਹੀ ਪ੍ਰਗਟ ਕਰਦੀਆਂ ਹਨ;

ਕਿੱਕਰਾਂ ਵੀ ਰੰਗ ਆਈ
ਬੇਰੀਆਂ ਵੀ ਰੰਗ ਆਈ
ਲੰਘਣੇ ਰਹਿ ਗਏ ਅੱਕ
ਨੀਂ ਗਿੱਧੇ ਵਿੱਚ ਨੱਚਦੀ ਦਾ
ਮੇਰਾ ਝੂਟੇ ਖਾਂਦਾ ਲੱਕ।

ਬਨਸਪਤੀ ਦੇ ਗੁਣ ਅਤੇ ਔਗੁਣ ਨਾਲੋਂ ਨਾਲ ਪਰਖੇ ਜਾਂਦੇ ਹਨ ਅਤੇ ਨਾਲ ਹੀ ਉਹ ਲੋਕ ਗੀਤਾਂ, ਲੋਕ ਵਿਸ਼ਵਾਸਾਂ ਅਤੇ ਮੁਹਾਵਰਿਆਂ ਦੀ ਵਰਤੋਂ ਵਿੱਚ ਆ ਜਾਂਦੇ ਹਨ। ਕਿਸੇ ਵੀ ਮਾੜੇ ਬੰਦੇ ਨੂੰ ਉਸ ਦੇ ਔਗੁਣ ਬਿਆਨ ਕਰਨ ਲਈ ਅੱਕ ਦਾ ਬੂਟਾ ਕਿਹਾ ਜਾਂਦਾ ਹੈ। ਜੇ ਕਿਤੇ ਕੋਈ ਕਿਸੇ ਨੂੰ ਤੰਗ ਕਰਦਾ ਹੋਵੇ ਤਾਂ ਔਰਤਾਂ ਇਹ ਵੀ ਗਾਲ੍ਹ ਕੱਢਦੀਆਂ ਹਨ ਕਿ ਇਹ ਕਿੱਥੋਂ ਅੱਕ ਲੱਗ ਗਿਆ ਭਾਵ ਇਸ ਨਾਲ ਸਬੰਧ ਜੁੜ ਗਿਆ। (ਬਾਕੀ ਸਫ਼ਾ 27 'ਤੇ)






# ਸ਼ੁੱਧ ਵਾਤਾਵਰਣ ’ਚ ਛੁਪੀ ਹੈ ਮਨੁੱਖ ਦੀ ਸੁਰੱਖਿਆ

## ਵਾਤਾਵਰਣ ਦੀ ਬਿਹਤਰੀ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ

**ਅਖਿਲੇਸ਼ ਆਰਯਾਂਦੂ**

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੇ ਪੱਧਰ ’ਤੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ?

ਇਹ ਕਹਿਣਾ ਮੁਸ਼ਕਿਲ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਮਨੁੱਖੀ ਸੱਭਿਅਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਵਿਕਾਸ ’ਤੇ ਵਾਤਾਵਰਣ ਪ੍ਰਦੂਸ਼ਣ ਦਾ ਕਿੰਨਾ ਪ੍ਰਭਾਵ ਪਿਆ ਹੈ। ਦਰਅਸਲ, ਇਹ ਇੱਕ ਅਜਿਹਾ ਧੀਮਾ ਜ਼ਹਿਰ ਹੈ ਜੋ ਸਾਡੀ ਸਿਹਤ ਅਤੇ ਹੋਰ ਕਈ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਦਾ ਹੈ। ਕੋਰੋਨਾ ਤੋਂ ਪਹਿਲਾਂ ਵਾਤਾਵਰਣ ਪ੍ਰਦੂਸ਼ਣ ਨੂੰ ਕਈ ਸਮੱਸਿਆਵਾਂ, ਸੰਕਟਾਂ, ਬਿਮਾਰੀਆਂ, ਵਿਕਾਸ ਵਿੱਚ ਰੁਕਾਵਟ, ਆਰਥਿਕ ਤਰੱਕੀ ਵਿੱਚ ਰੁਕਾਵਟ ਅਤੇ ਸਮੁੱਚੇ ਮਾਹੌਲ ਨੂੰ ਜ਼ਹਿਰੀਲਾ ਕਰਨ ਦਾ ਕਾਰਨ ਮੰਨਿਆ ਜਾਂਦਾ ਸੀ। ਇਸ ਦਾ ਇਹ ਮਤਲਬ ਨਹੀਂ ਹੈ ਕਿ ਵਾਤਾਵਰਣ ਪ੍ਰਦੂਸ਼ਣ ਦੇ ਪ੍ਰਭਾਵ, ਇਸ ਦੀਆਂ ਵਧਦੀਆਂ ਸਮੱਸਿਆਵਾਂ, ਸੰਕਟ, ਬਿਮਾਰੀਆਂ, ਮੌਸਮੀ ਚੱਕਰਾਂ ਵਿੱਚ ਤਬਦੀਲੀਆਂ ਅਤੇ ਹੋਰ ਅਣਗਿਣਤ ਸਮੱਸਿਆਵਾਂ ਨੂੰ ਤਰਜੀਹਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।



2015 ਵਿੱਚ ਪੈਰਿਸ ਜਲਵਾਯੂ ਸਮਝੌਤੇ ਵਿੱਚ ਤੈਅ ਕੀਤੇ ਗਏ ਮਤਿਆਂ ਦੇ ਅਨੁਸਾਰ, ਭਾਰਤ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਲਈ ਲਗਾਤਾਰ ਯਤਨ ਕਰ ਰਿਹਾ ਹੈ। ਜੀ-20 ਦੇਸ਼ਾਂ ਵਿਚੋਂ ਭਾਰਤ ਇਕਲੌਤਾ ਅਜਿਹਾ ਦੇਸ਼ ਹੈ ਜੋ ਸਮਝੌਤੇ ਦੀ ਪਾਲਣਾ ਕਰ ਰਿਹਾ ਹੈ। ਇਸ ਵਿੱਚ ਜੰਗਲੀ ਖੇਤਰਾਂ ਨੂੰ ਬਚਾਉਣਾ ਅਤੇ ਵਧਾਉਣਾ ਸ਼ਾਮਲ ਹੈ। ਪਰ ਇਹ ਸਿਰਫ਼ ਇਹੀ ਨਹੀਂ ਹੈ। ਹਵਾ ਪ੍ਰਦੂਸ਼ਣ ਤੋਂ ਇਲਾਵਾ ਪਾਣੀ, ਸ਼ੋਰ, ਮਿੱਟੀ, ਅੱਗ ਅਤੇ ਅਤਿਅੰਤ ਰੌਸ਼ਨੀ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵੀ ਹਨ, ਜਿਨ੍ਹਾਂ ਦੇ ਮਾੜੇ ਪ੍ਰਭਾਵਾਂ ਨੇ ਕਈ ਪੱਧਰਾਂ ’ਤੇ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਵਿਗਿਆਨੀਆਂ ਨੇ ਵਧਦੇ ਹਵਾ ਪ੍ਰਦੂਸ਼ਣ ਨੂੰ ਜਲਵਾਯੂ ਤਬਦੀਲੀ, ਵਧਦੀਆਂ ਬਿਮਾਰੀਆਂ, ਗਲੋਬਲ ਵਾਰਮਿੰਗ, ਸੁਨਾਮੀ ਅਤੇ ਧਰਤੀ ਦੇ ਵਧਦੇ ਤਾਪਮਾਨ ਦਾ ਮੁੱਖ ਕਾਰਨ ਮੰਨਿਆ ਹੈ। ਧਰਤੀ ਦੇ ਵਧਦੇ ਤਾਪਮਾਨ ਅਤੇ ਮੌਸਮੀ ਚੱਕਰ ਵਿੱਚ ਤਬਦੀਲੀਆਂ ਦਾ ਸਭ ਤੋਂ ਵੱਡਾ ਕਾਰਨ ਜ਼ਹਿਰੀਲੀ ਕਾਰਬਨ ਊਰਜਾ ਹੈ। ਸਾਡੇ ਦੇਸ਼ ਵਿੱਚ 2005 ਦੇ ਮੁਕਾਬਲੇ ਕਾਰਬਨ ਨਿਕਾਸ ਵਿੱਚ 21 ਫੀਸਦੀ ਦੀ ਕਮੀ ਆਈ ਹੈ, ਪਰ ਇਹ ਬਹੁਤ ਘੱਟ ਹੈ। ਦਿੱਲੀ, ਗੁਰੂਗ੍ਰਾਮ, ਆਗਰਾ, ਗਾਜ਼ੀਆਬਾਦ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਲਗਾਤਾਰ ਹਵਾ ਪ੍ਰਦੂਸ਼ਣ ਦਾ ਮਤਲਬ ਹੈ ਕਿ ਵਾਤਾਵਰਣ ਦੀ ਬਿਹਤਰੀ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।

ਵਾਤਾਵਰਣ ਵਿਗਿਆਨੀਆਂ ਅਨੁਸਾਰ 2040 ਤੱਕ ਦੇਸ਼ ਵਿੱਚ ਸਾਫ਼ ਊਰਜਾ ਦੀ ਮੰਗ ਅੱਜ ਦੇ ਮੁਕਾਬਲੇ ਤਿੰਨ ਗੁਣਾ ਵੱਧ ਜਾਵੇਗੀ। ਸਰਵੇਖਣ ਦੱਸਦੇ ਹਨ ਕਿ ਦੇਸ਼ ਦੇ ਕਈ ਰਾਜਾਂ ਵਿੱਚ ਯੂਰੀਆ, ਅਮੋਨੀਆ, ਜ਼ਿੰਕ ਸਲਫੇਟ ਅਤੇ ਕੀਟਨਾਸ਼ਕ ਬਣਾਉਣ ਵਾਲੀਆਂ ਫੈਕਟਰੀਆਂ ਹਨ, ਜਿਨ੍ਹਾਂ ਦੀਆਂ ਚਿਮਨੀਆਂ ਵਿੱਚੋਂ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਵਾਤਾਵਰਨ ਨੂੰ ਬੁਰੀ ਤਰ੍ਹਾਂ ਨਾਲ ਵਿਗਾੜਦੀਆਂ ਹਨ। ਫੂਲਪੁਰ ਅਤੇ ਆਂਵਲਾ ਵਿੱਚ ਯੂਰੀਆ ਬਣਾਉਣ ਦੀਆਂ ਵੱਡੀਆਂ ਫੈਕਟਰੀਆਂ ਹਨ। ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਉਦੋਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਨ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ? ਜ਼ਾਹਿਰ ਹੈ ਕਿ ਕੇਂਦਰ ਸਰਕਾਰ ਵੱਲੋਂ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਚੁੱਕੇ ਗਏ ਕਦਮਾਂ ਅਤੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਬਾਰੇ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ।

ਜਿੰਨਾ ਚਿਰ ਆਮ ਆਦਮੀ ਵਾਤਾਵਰਣ ਪ੍ਰਤੀ ਲਾਪਰਵਾਹ ਰਹਿੰਦਾ ਹੈ ਅਤੇ ਉੱਚੀ ਆਵਾਜ਼ ਰਾਹੀਂ ਹਵਾ, ਪਾਣੀ, ਮਿੱਟੀ ਅਤੇ ਵਾਯੂਮੰਡਲ ਵਿੱਚ ਸ਼ੋਰ ਪ੍ਰਦੂਸ਼ਣ ਪੈਦਾ ਕਰਦਾ ਰਹੇਗਾ, ਉਦੋਂ ਤੱਕ ਪ੍ਰਦੂਸ਼ਣ ਸਬੰਧੀ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਸਿਰਫ਼ ਕਾਨੂੰਨ ਬਣਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਇਸ ਲਈ ਵਿਗਿਆਨੀ ਆਮ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਦੀ ਸਲਾਹ ਦਿੰਦੇ ਰਹਿੰਦੇ ਹਨ। ਪਿਛਲੇ ਤੀਹ ਸਾਲਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਛੋਟੇ-ਵੱਡੇ ਸ਼ਹਿਰਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵੱਧ ਰਹੀਆਂ ਸਮੱਸਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਅਸੀਂ ਬਿਹਤਰ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰਦੂਸ਼ਣ ਨੂੰ ਘੱਟ ਕਰਨਾ ਹੋਵੇਗਾ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਹਿੱਤ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਤੱਤਾਂ ਦੀ ਵਰਤੋਂ ਘੱਟ ਤੋਂ ਘੱਟ ਕਰੀਏ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ। ਇਸ ਦਾ ਮਤਲਬ ਇਹ ਹੈ ਕਿ ਵਧਦੀ ਗੰਭੀਰ ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਜ਼ਿੰਦਗੀ ਅਤੇ ਮੌਤ ਦੇ ਸਵਾਲ ਵਾਂਗ ਬਹੁਤ ਗੰਭੀਰਤਾ ਨਾਲ ਲੈਣਾ ਹੋਵੇਗਾ, ਤਾਂ ਹੀ ਸਾਡਾ ਵਾਤਾਵਰਣ ਸੁਰੱਖਿਅਤ ਹੋਵੇਗਾ ਅਤੇ ਅਸੀਂ ਵੀ ਸੁਰੱਖਿਅਤ ਰਹਾਂਗੇ।



# ਕਈ ਸਮੱਸਿਆਵਾਂ ਪੈਦਾ ਕਰਦੀ ਹੈ ਜਲਵਾਯੂ ਤਬਦੀਲੀ

## ਵਾਤਾਵਰਣ ਨਾਲ ਮਨੁੱਖ ਨੂੰ ਰੂਹਾਨੀ ਰਿਸ਼ਤਾ ਬਣਾਉਣ ਦੀ ਲੋੜ

ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ। ਅੱਜ ਸਾਡੇ ਸਾਹਮਣੇ ਵਾਤਾਵਰਣ ਦੇ ਕਈ ਵੱਡੇ ਮੁੱਦੇ ਹਨ ਜੋ ਗੰਭੀਰ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਦਬਾਅ ਜਲਵਾਯੂ ਤਬਦੀਲੀ ਦਾ ਮੁੱਦਾ ਹੈ। ਇਹ ਸਮੱਸਿਆ ਮੁੱਖ ਤੌਰ ’ਤੇ ਮਨੁੱਖੀ ਗਤੀਵਿਧੀਆਂ ਤੋਂ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੈ। ਇਹ ਸਮੱਸਿਆ ਵਧਦੇ ਗਲੋਬਲ ਤਾਪਮਾਨ, ਬਦਲਦੇ ਮੌਸਮ ਦੇ ਪੈਟਰਨ, ਸਮੁੰਦਰੀ ਪੱਧਰ ਦੇ ਵਧਣ ਅਤੇ ਹੋਰ ਮਾੜੇ ਪ੍ਰਭਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ।

ਇਸ ਕਾਰਨ ਕੁਦਰਤੀ ਮੁਸੀਬਤਾਂ ਵਧ ਰਹੀਆਂ ਹਨ। ਖੇਤੀਬਾੜੀ, ਲੌਗਿੰਗ, ਸ਼ਹਿਰੀਕਰਨ ਅਤੇ ਹੋਰ ਉਦੇਸ਼ਾਂ ਲਈ ਵੱਡੇ ਪੱਧਰ ’ਤੇ ਜੰਗਲਾਂ ਦੀ ਕਟਾਈ ਕਾਰਨ ਆਕਸੀਜਨ ਦਾ ਸਭ ਤੋਂ ਵੱਡਾ ਭੰਡਾਰ, ਜੰਗਲਾਂ ਦਾ ਰਕਬਾ ਸੁੰਗੜਦਾ ਜਾ ਰਿਹਾ ਹੈ। ਨਤੀਜੇ ਵਜੋਂ ਜੰਗਲੀ ਜੀਵਾਂ ਦੇ ਨਿਵਾਸ ਸਥਾਨ ਦਾ ਨੁਕਸਾਨ, ਜੈਵ ਵਿਭਿੰਨਤਾ ਵਿੱਚ ਗਿਰਾਵਟ ਅਤੇ ਵਾਤਾਵਰਣ ਵਿੱਚ ਕਾਰਬਨ ਡਾਈਆਕਸਾਈਡ ਦੇ ਵਧੇ ਹੋਏ ਪੱਧਰ ਹਨ। ਜੈਵ ਵਿਭਿੰਨਤਾ ਦਾ ਤੇਜ਼ੀ ਨਾਲ ਨੁਕਸਾਨ ਵੀ ਇੱਕ ਗੰਭੀਰ ਮੁੱਦਾ ਹੈ। ਮਨੁੱਖੀ ਗਤੀਵਿਧੀਆਂ ਜਿਵੇਂ ਕਿ ਨਿਵਾਸ ਸਥਾਨਾਂ ਦਾ ਵਿਨਾਸ਼, ਪ੍ਰਦੂਸ਼ਣ, ਜ਼ਿਆਦਾ ਸ਼ੋਸ਼ਣ ਅਤੇ ਜਲਵਾਯੂ ਪਰਿਵਰਤਨ ਜੰਗਲੀ ਜੀਵਾਂ ਦੀ ਆਬਾਦੀ ਅਤੇ ਨਿਵਾਸ ਸਥਾਨਾਂ ਦੇ ਗਿਰਾਵਟ ਦਾ ਕਾਰਨ ਬਣ ਰਹੇ ਹਨ। ਇਹ ਵੀ ਮਨੁੱਖੀ-ਜੰਗਲੀ ਜੀਵ-ਜੰਤੂਆਂ ਦੇ ਵਧਦੇ ਸੰਘਰਸ਼ ਦਾ ਇੱਕ ਕਾਰਨ ਹੈ।

ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ ’ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਸਮੇਤ ਵੱਖ-ਵੱਖ ਰੂਪਾਂ ਵਿੱਚ ਪ੍ਰਦੂਸ਼ਣ ਇੱਕ ਵੱਡੀ ਚਿੰਤਾ ਬਣੀ ਹੋਈ ਹੈ। ਇਸ ਦਾ ਮਨੁੱਖੀ ਸਿਹਤ, ਵਾਤਾਵਰਣ ਅਤੇ ਜੰਗਲੀ ਜੀਵਣ ’ਤੇ ਮਾੜਾ ਪ੍ਰਭਾਵ ਪੈਂਦਾ ਹੈ।

ਉਦਯੋਗਿਕ ਗਤੀਵਿਧੀਆਂ, ਆਵਾਜਾਈ ਅਤੇ ਜੈਵਿਕ ਈਂਧਨ ਦੇ ਜਲਣ ਦੇ ਕਾਰਨ ਹਵਾ ਦੀ ਮਾੜੀ ਗੁਣਵੱਤਾ ਮਨੁੱਖੀ ਸਿਹਤ ’ਤੇ ਨੁਕਸਾਨਦੇਹ ਪ੍ਰਭਾਵ ਪਾਉਂਦੀ ਹੈ ਅਤੇ ਸਾਹ ਦੀਆਂ ਬਿਮਾਰੀਆਂ ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾ ਰਹੀ ਹੈ। ਉਚਿਤ ਪ੍ਰਬੰਧਨ ਅਤੇ ਸੰਭਾਲ ਤੋਂ ਬਿਨਾਂ, ਜੈਵਿਕ ਈਂਧਨ, ਖਣਿਜ ਅਤੇ ਤਾਜ਼ੇ ਪਾਣੀ ਸਮੇਤ ਕੁਦਰਤੀ ਸਰੋਤਾਂ ਦੀ ਬਹੁਤ ਜ਼ਿਆਦਾ ਖਪਤ, ਸਰੋਤਾਂ ਦੀ ਕਮੀ ਸਾਨੂੰ ਭਵਿੱਖ ਦੇ ਸੰਕਟ ਵੱਲ ਲੈ ਜਾ ਰਹੀ ਹੈ।

ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਬਦਲੀਏ ਤਾਂ ਵਾਤਾਵਰਣ ਦੇ ਅਸੰਤੁਲਨ ਕਾਰਨ ਅਸੀਂ ਜਿਸ ਗੰਭੀਰ ਸੰਕਟ ਵੱਲ ਵਧ ਰਹੇ ਹਾਂ, ਉਸ ਨੂੰ ਰੋਕਿਆ ਜਾ ਸਕਦਾ ਹੈ ਅਤੇ ਅਸੀਂ ਵਧੀਆ ਜੀਵਨ ਬਤੀਤ ਕਰ ਸਕਦੇ ਹਾਂ। ਉਦਾਹਰਨ ਲਈ, ਜੇਕਰ ਅਸੀਂ ਊਰਜਾ-ਕੁਸ਼ਲ ਉਪਕਰਨਾਂ ਦੀ ਵਰਤੋਂ ਕਰਦੇ ਹਾਂ, ਵਰਤੋਂ ਵਿੱਚ ਨਾ ਹੋਣ ’ਤੇ ਲਾਈਟਾਂ ਅਤੇ ਇਲੈਕਟ੍ਰੋਨਿਕਸ ਬੰਦ ਕਰਦੇ ਹਾਂ ਅਤੇ ਹੀਟਿੰਗ ਅਤੇ ਕੂਲਿੰਗ ਸਿਸਟਮ ਨੂੰ ਅਨੁਕੂਲਿਤ ਕਰਕੇ ਊਰਜਾ ਦੀ ਬਚਤ ਕਰਦੇ ਹਾਂ, ਜਾਂ ਸੂਰਜੀ ਜਾਂ ਪੌਣ ਊਰਜਾ ਵਰਗੇ ਨਵਿਆਉਣਯੋਗ ਊਰਜਾ ਸਰੋਤਾਂ ਦੀ ਵਰਤੋਂ ਕਰਦੇ ਹਾਂ, ਤਾਂ ਅਸੀਂ ਵਾਤਾਵਰਣ ਦੀ ਰੱਖਿਆ ਕਰ ਸਕਦੇ ਹਾਂ।

ਇਸੇ ਤਰ੍ਹਾਂ ਜੇਕਰ ਅਸੀਂ ਸਾਈਕਲ ਚੁਣਦੇ ਹਾਂ ਜਾਂ ਜਦੋਂ ਵੀ ਸੰਭਵ ਹੋਵੇ ਆਉਣ-ਜਾਣ ਲਈ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਕਰਦੇ ਹਾਂ। ਜੇਕਰ ਤੁਹਾਨੂੰ ਕਾਰ ਦੀ ਵਰਤੋਂ ਕਰਨ ਦੀ ਲੋੜ ਹੈ, ਤਾਂ ਕਾਰਪੂਲਿੰਗ ਜਾਂ ਇਲੈਕਟ੍ਰਿਕ ਜਾਂ ਹਾਈਬ੍ਰਿਡ ਵਾਹਨਾਂ ਦੀ ਵਰਤੋਂ ਕਰਨਾ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਦੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਪਾਣੀ ਦੀ ਲੀਕੇਜ਼ ਨੂੰ ਠੀਕ ਕਰਕੇ, ਛੋਟੇ ਸ਼ਾਵਰ ਲੈ ਕੇ ਅਤੇ ਪਾਣੀ ਬਚਾਉਣ ਵਾਲੇ ਉਪਕਰਨਾਂ ਦੀ ਵਰਤੋਂ ਕਰਕੇ ਪਾਣੀ ਦੀ ਸੰਭਾਲ ਕਰੋ। ਬਰਸਾਤ ਦੇ ਪਾਣੀ ਨੂੰ ਇਕੱਠਾ ਕਰਕੇ ਅਤੇ ਤੁਪਕਾ ਸਿੰਚਾਈ ਵਰਗੀਆਂ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਦੀ ਵਰਤੋਂ ਕਰਕੇ ਬਾਗਬਾਨੀ ਕੀਤੀ ਜਾ ਸਕਦੀ ਹੈ। ਵਾਤਾਵਰਣ ਨੂੰ ਬਚਾਉਣ ਲਈ, ਅਸੀਂ ਮੁੜ ਵਰਤੋਂ ਵਾਲੀਆਂ ਵਸਤੂਆਂ ਅਤੇ ਰੀਸਾਈਕਲ ਕੀਤੀਆਂ ਸਮੱਗਰੀਆਂ ਦੀ ਮਾਤਰਾ ਨੂੰ ਘਟਾ ਕੇ ਕੂੜਾ ਪ੍ਰਬੰਧਨ ਲੜੀ ਅਪਣਾ ਸਕਦੇ ਹਾਂ। ਸਿੰਗਲ-ਯੂਜ਼ ਪਲਾਸਟਿਕ ਤੋਂ ਬਚੋ ਅਤੇ ਮੁੜ ਵਰਤੋਂ ਯੋਗ ਵਿਕਲਪ ਚੁਣੋ। ਲੈਂਡਫਿਲ ਯੋਗਦਾਨ ਨੂੰ ਘਟਾਉਣ ਲਈ ਜੈਵਿਕ ਰਹਿੰਦ-ਖੂੰਹਦ ਨੂੰ ਖਾਦ ਬਣਾਇਆ ਜਾ ਸਕਦਾ ਹੈ।

ਅਸੀਂ ਵਾਤਾਵਰਣ ਨੂੰ ਬਚਾਉਣ ਲਈ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਵੀ ਬਦਲ ਸਕਦੇ ਹਾਂ। (**ਬਾਕੀ ਸਫ਼ਾ 27 ’ਤੇ**)



# 'ਪੁੱਤਰ ਦਾਨ'

ਭੁਪਿੰਦਰ ਕੌਰ ਵਾਲੀਆ

ਅੱਜ ਆਸ਼ਾ, ਸ਼ੀਲਾ ਦੇ ਘਰ ਕਾਰਡ ਲੈ ਕੇ ਆਈ, ਜੋ ਕਿ ਉਸ ਦੇ ਬੇਟੇ ਦੇ ਵਿਆਹ ਦਾ ਸੀ। ਸ਼ੀਲਾ ਨੇ ਕਾਰਡ ਲੈ ਕੇ ਵਧਾਈ ਦਿੰਦੇ ਹੋਏ ਉਸ ਨੂੰ ਬੈਠਣ ਲਈ ਕਿਹਾ ਅਤੇ ਖ਼ੁਸ਼ੀ-ਖ਼ੁਸ਼ੀ ਕਾਰਡ ਖੋਲ੍ਹਣ ਲੱਗ ਪਈ। 'ਕਾਰਡ ਤਾਂ ਬਹੁਤ ਸੁੰਦਰ ਛਪਵਾਇਆ।' ਤਾਰੀਫ਼ ਕਰਦਿਆਂ ਉਹ ਹੱਸਦੇ ਹੋਏ ਪੜ੍ਹਨ ਲੱਗ ਪਈ। ਪੜ੍ਹਕੇ ਬੜੀ ਹੈਰਾਨੀ ਨਾਲ ਬੋਲੀ,'ਨੀ ਆਸ਼ਾ ਕਾਰਡ 'ਤੇ ਤੂੰ ਇਹ ਕੀ ਛਪਵਾਇਆ ਹੈ। ਸ਼ਾਇਦ ਗ਼ਲਤੀ ਨਾਲ ਛਪ ਗਿਆ ਹੋਵੇਗਾ।'

ਇਸ 'ਤੇ ਆਸ਼ਾ ਨੇ ਹੱਸਦੇ ਹੋਏ ਕਿਹਾ, 'ਐ ਪਾਗਲ ਮੈਂ ਹੀ ਪੁੱਤਰ ਦਾਨ ਛਪਵਾਇਆ ਹੈ ਅਤੇ ਸੋਚ ਸਮਝ ਕੇ ਛਪਵਾਇਆ ਹੈ, ਹੁਣ ਜ਼ਮਾਨਾ ਬਦਲ ਰਿਹਾ ਹੈ। ਸ਼ਾਦੀ ਤੋਂ ਬਾਅਦ ਮੁੰਡੇ ਨੂੰ ਵੀ ਕੁੜੀਆਂ ਵਾਂਗ ਆਪਣੀ ਨੌਕਰੀ ਕਰਕੇ ਜਾਂ ਕਿਸੇ ਹੋਰ ਵਜ੍ਹਾ ਸਦਕਾ ਆਪਣੇ ਘਰ ਤੋਂ ਅਲਹਿਦਾ ਹੋ ਕੇ ਆਪਣੀ ਨਵੀਂ ਦੁਨੀਆਂ ਵਸਾਉਣੀ ਪੈਂਦੀ ਹੈ। ਫਿਰ ਕਿਉ ਸਿਰਫ਼ ਕੁੜੀਆਂ ਦੇ ਘਰ ਵਾਲੇ ਹੀ ਕੰਨਿਆ ਦਾਨ ਲਿਖਣ, ਅਸਲ ਵਿੱਚ ਤਾਂ ਦੋਨੋਂ ਪਰਿਵਾਰ ਵਾਲਿਆਂ ਨੂੰ ਬੱਚਿਆਂ ਦਾ ਦਾਨ ਕਰਨਾ ਪੈਂਦਾ ਹੈ। ਫੇਰ ਕਿਉ ਦੁਨੀਆਂ ਕੁੜੀਆਂ ਵਾਲਿਆਂ ਨਾਲ ਹੀ ਹਮਦਰਦੀ ਕਰੇ ਕਿ ਬੇਚਾਰਿਆਂ ਨੂੰ ਆਪਣੀ ਕੁੜੀ ਦਾਨ ਕਰਨੀ ਪੈ ਰਹੀ ਹੈ। ਅੱਜ ਕੱਲ੍ਹ ਤਾਂ ਮੁੰਡੇ ਵਾਲੇ ਵੀ ਕੁੜੀ ਵਾਲਿਆਂ ਵਾਂਗ ਹੀ ਬਰਾਬਰ ਹੀ ਖ਼ਰਚ ਕਰਦੇ ਹਨ ਅਤੇ ਦਾਜ ਵੀ ਨਹੀਂ ਲੈਂਦੇ। ਮੁੰਡੇ ਵਾਲੇ ਵੀ ਕੁੜੀਆਂ ਵਾਲਿਆਂ ਵਾਂਗ ਆਪਣੇ ਮੁੰਡੇ ਨੂੰ ਪੜ੍ਹਾਉਂਦੇ ਹਨ। ਪਹਿਲੇ ਜ਼ਮਾਨੇ ਵਿੱਚ ਤਾਂ ਕੁੜੀ ਵਿਆਹ ਕਰ ਕੇ ਸਹੁਰੇ ਘਰ ਆ ਜਾਂਦੀ ਸੀ ਅਤੇ ਉੱਥੇ ਹੀ ਰਹਿੰਦੀ ਸੀ ਤੇ ਸਹੁਰੇ ਪਰਿਵਾਰ ਦੀ ਸੇਵਾ ਕਰਦੀ ਸੀ। ਸ਼ਾਇਦ ਇਸ ਕਰਕੇ ਵੀ ਕੁੜੀ ਵਾਲੇ ਦਾਜ ਦੇ ਰੂਪ 'ਚ ਕਾਫੀ ਸਾਮਾਨ ਦੇ ਦਿੰਦੇ ਸਨ।'

ਆਸ਼ਾ ਨੇ ਪਲ ਕੁ ਰੁਕ ਕੇ ਫੇਰ ਕਿਹਾ,'ਅੱਜ ਕੱਲ੍ਹ ਤਾਂ ਸਾਰੀਆਂ ਗੱਲਾਂ ਵਿੱਚ ਮੁੰਡਾ ਕੁੜੀ ਬਰਾਬਰ ਹਨ, ਫਿਰ ਕਿਉ ਸਿਰਫ ਕੰਨਿਆ ਦਾਨ ਹੀ ਛਪਵਾਇਆ ਜਾਵੇ, ਪੁੱਤਰ ਦਾਨ ਵੀ ਹੋਣਾ ਚਾਹੀਦਾ ਹੈ।'

ਆਸ਼ਾ ਦੀ ਗੱਲ ਅਜੇ ਮੁੱਕੀ ਨਹੀਂ ਸੀ,'ਫੇਰ ਕਿਉ ਸਿਰਫ਼ ਕੁੜੀ ਦੀ ਮਾਂ ਰੋਵੇ ਤਾਂ ਦੁਨੀਆਂ ਹਮਦਰਦੀ ਵਿਖਾਏ ਕਿ ਉਨ੍ਹਾਂ ਨੂੰ ਕੁੜੀ ਨੂੰ ਵਿਆਹ ਪਿੱਛੋਂ ਦੂਰ ਭੇਜਣਾ ਪੈਂਦਾ ਹੈ। ਜੇ ਮੁੰਡੇ ਦੀ ਮਾਂ ਰੋਵੇ ਤਾਂ ਲੋਕੀ ਕਹਿੰਦੇ ਨੇ ਕਿ ਆਪ ਹੀ ਤਾਂ ਧੂਮਧਾਮ ਨਾਲ ਵਿਆਹੁਣ ਆਏ ਸੀ, ਹੁਣ ਅੱਥਰੂ ਵਹਾ ਰਹੀ ਹੈ।'

ਸੁਣ ਕੇ ਸ਼ੀਲਾ ਨੇ ਕਿਹਾ,'ਨਹੀਂ ਆਸ਼ਾ ਤੂੰ ਐਵੇਂ ਹੀ ਕੁਝ ਜ਼ਿਆਦਾ ਸੋਚ ਰਹੀ ਹੈਂ ਹਾਲੇ ਜ਼ਮਾਨਾ ਏਨਾ ਵੀ ਨਹੀਂ ਬਦਲਿਆ ਹੈ। ਅਜੇ ਵੀ ਕਈ ਪਰਿਵਾਰ, ਇਕੱਠੇ ਰਹਿ ਰਹੇ ਹਨ ਅਤੇ ਉਨ੍ਹਾਂ ਦੇ ਪੁੱਤਰ ਤੇ ਨੂੰਹਾਂ ਨਾਲ ਹੀ ਰਹਿ ਰਹੇ ਹਨ।'

ਆਸ਼ਾ ਨੇ ਕਿਹਾ,'ਅੱਜ ਜਿਹੜੇ ਨਾਲ ਵੀ ਰਹਿ ਰਹੇ ਹਨ ਉਨ੍ਹਾਂ ਦਾ ਹਾਲ ਵੀ ਮੈਂ ਚੰਗੀ ਤਰ੍ਹਾਂ ਦੇਖਿਆ ਹੈ। ਮੇਰੀ ਆਪਣੀ ਨਨਾਣ ਅਤੇ ਉਸਦੀ ਇੱਕ ਸਹੇਲੀ ਦੀ ਦਰਾਣੀ ਦੀ ਰਾਮ ਕਹਾਣੀ ਦੇਖ ਕੇ ਹੀ ਮੈਂ ਕਹਿ ਰਹੀ ਹਾਂ।'

ਪਹਿਲਾਂ ਤਾਂ ਆਪਣੇ ਦਿਲਾਂ ਵਿੱਚ ਖ਼ਾਬ ਬੁਣੋ ਤੇ ਫੇਰ ਅੱਖਾਂ ਵਿੱਚ ਉਨ੍ਹਾਂ ਦੇ ਪੂਰੇ ਹੋਣ ਦੇ ਸੁਪਨੇ ਵੇਖੋ ਅਤੇ ਟੁੱਟ ਜਾਣ 'ਤੇ ਫੇਰ ਅੱਖਾਂ ਅਤੇ ਦਿਲ ਨੂੰ ਰੋਂਦੇ ਹੋਏ ਦੇਖੋ। ਇਸ ਤੋਂ ਚੰਗਾ ਹੈ ਕਿ ਪਹਿਲਾਂ ਹੀ ਆਪਣੇ ਮਨ ਨੂੰ ਕਰੜਾ ਕਰ ਕੇ ਪੁੱਤਰ ਦਾਨ ਕਰ ਦਿਉ ਅਤੇ ਏਦਾਂ ਦੇ ਖਵਾਬਾਂ ਨੂੰ ਅਪਨੇ ਦਿਲਾਂ ਵਿੱਚ ਪਨਪਣ ਹੀ ਨਾ ਦਿਉ, ਨਾ ਹੀ ਪੁੱਤਰ ਦਾ ਅਹਿਸਾਨ ਲਉ ਅਤੇ ਨਾ ਹੀ ਨੂੰਹ ਦਾ ਅਤੇ ਜਦ ਵੀ ਉਹ ਤੁਹਾਡੇ ਕੋਲ ਆਉਣ ਤਾਂ ਬਿਨਾਂ ਕਿਸੇ ਗਿਲੇ ਸ਼ਿਕਵੇ ਤੋਂ ਉਨ੍ਹਾਂ ਦਾ ਸਵਾਗਤ ਕਰੋ। ਜਿੰਨੇ ਦਿਨ ਉਨ੍ਹਾਂ ਦਾ ਸਾਥ ਮਿਲੇ ਆਪਣੀ ਜ਼ਿੰਦਗੀ ਦੇ ਸੁਨਹਿਰੇ ਪਲ ਸਮਝ ਕੇ ਜੀਉ ਅਤੇ ਜੀਣ ਦਿਉ।'

ਇਸ 'ਤੇ ਸ਼ੀਲਾ ਬੋਲੀ,'ਮੈਂ ਤਾਂ ਤੇਰੀ ਗੱਲ ਨਾਲ ਸਹਿਮਤ ਨਹੀ ਹਾਂ। ਹਾਲੇ ਆਪਣੇ ਦੇਸ਼ 'ਚ ਏਨਾ ਕੁਝ ਨਹੀਂ ਬਦਲਿਆ ਇਹ ਸਾਰਾ ਕੁਝ ਤਾਂ ਵਿਦੇਸ਼ਾਂ ਵਿੱਚ ਹੀ ਹੁੰਦਾ ਹੈ ਅਤੇ ਆਸ਼ਾ ਨੇ ਕਿਹਾ ਕੀ ਵਿਦੇਸ਼ਾਂ ਦੀ ਹਵਾ ਇੱਥੇ ਵੀ ਚੱਲ ਪਈ ਹੈ।'

'ਅੱਜ ਕੱਲ੍ਹ 60 ਫ਼ੀਸਦੀ ਘਰਾਂ ਦਾ ਇਹੀ ਹਾਲ ਹੈ। ਜਿਹੜੇ ਨਾਲ ਵੀ ਰਹਿ ਰਹੇ ਹਨ ਇਸ ਤਰਾਂ ਦੇ ਦੋ ਘਰਾਂ ਦਾ ਉਦਾਹਰਨ ਮੇਰੇ ਕੋਲ ਹੈ। ਉਨ੍ਹਾਂ ਦਾ ਹਾਲ ਵੇਖਦੇ ਹੋਏ ਹੀ ਮੈਂ ਇਹ ਫੈਸਲਾ ਲਿਆ ਹੈ।' ਆਸ਼ਾ ਨੇ ਮਨ ਦੀ ਗੱਲ ਆਖੀ।

ਇਸ 'ਤੇ ਸ਼ੀਲਾ ਬੋਲੀ,'ਆਖਰ ਤੂੰ ਏਦਾਂ ਦਾ ਕੀ ਦੇਖ ਲਿਆ ਹੈ।'

ਉਨ੍ਹਾਂ ਦੇ ਗੱਲਾਂ ਕਰਦਿਆਂ ਚਾਹ ਆ ਗਈ। ਦੋਨੋਂ ਸਹੇਲੀਆਂ ਚਾਹ ਦੀਆਂ ਚੁਸਕੀਆਂ ਲੈਂਦਿਆਂ ਏਧਰ ਉਧਰ ਦੀਆਂ ਗੱਲਾਂ ਕਰਨ ਲੱਗ ਪਈਆਂ। ਚਾਹ ਖ਼ਤਮ ਹੁੰਦੇ ਹੀ ਆਸ਼ਾ ਨੇ ਸ਼ੀਲਾ ਨੂੰ ਕਿਹਾ ਜੇ ਤੂੰ ਮੰਨਦੀ ਤਾਂ ਮੈਂ ਤੈਨੂੰ ਆਪਣੀ ਨਨਾਣ ਨਾਲ ਹੋਈ ਬੀਤੀ ਸੁਣਾਉਂਦੀ ਹਾਂ-

ਉਸ ਨੇ ਆਪਣੇ ਮੁੰਡੇ ਦਾ ਵਿਆਹ ਬੜੀ ਧੂਮਧਾਮ ਨਾਲ ਕੀਤਾ ਸੀ। ਨੂੰਹ ਲਈ ਬੜੇ ਸ਼ੌਕ ਨਾਲ ਕੀਮਤੀ ਜ਼ੇਵਰ ਤੇ ਕੱਪੜੇ ਬਣਾਏ। ਸੱਤ ਦਿਨਾਂ ਬਾਦ ਵਿਆਹ ਦਾ ਪ੍ਰੋਗਰਾਮ ਸੀ ਅਤੇ ਸ਼ਗਨ ਦੀ ਪਾਰਟੀ। ਕਦੇ ਸ਼ਗਨ ਕਦੇ ਮਹਿੰਦੀ ਦੀ ਰਾਤ। ਇਸ ਤਰ੍ਹਾਂ 7-8 ਦਿਨ ਲਈ ਮਹਿਮਾਨਾਂ ਦਾ ਤਾਂਤਾ ਲੱਗਿਆ ਰਿਹਾ। ਆਖ਼ਰ ਬਰਾਤ ਚੜ੍ਹਨ ਦਾ ਦਿਨ ਆਇਆ। ਸਾਰੇ ਹੀ ਚਾਓ ਨਾਲ ਸਜ ਧਜ ਕੇ ਬਰਾਤ ਕੁੜੀ ਦੇ ਘਰ ਵੱਲ ਤੁਰ ਪਈ। ਦੁਲਹਨ ਦੇ ਘਰ ਪਹੁੰਚਣ ਤੀਕ ਸਾਰੇ ਰਸਤੇ ਗਾਉਂਦੇਤੇ ਹਾਸਾ ਮਜ਼ਾਕ ਕਰਦੇ ਰਹੇ। ਕੁੜੀ ਵਾਲਿਆਂ ਨੇ ਵੀ ਬਰਾਤ ਦੇ ਆਉ ਭਗਤ 'ਚ ਕੋਈ ਕਮੀ ਨਹੀਂ ਸੀ ਰੱਖੀ। ਮਿਲਣੀ ਤੋਂ ਬਾਅਦ ਬਰਾਤੀਆਂ ਨੇ ਖਾਣਾ ਖਾਧਾ, ਜਿਸ ਦਾ ਕਿ ਬਹੁਤ ਚੰਗਾ ਇੰਤਜਾਮ ਸੀ। ਇਸ ਤੋਂ ਬਾਅਦ ਮੁੰਡੇ ਅਤੇ ਕੁੜੀ ਵਾਲਿਆਂ ਨੇ ਸ਼ਾਦੀ ਦੀਆਂ ਰਸਮਾਂ ਸ਼ੁਰੂ ਕਰ ਦਿੱਤੀਆਂ। ਕੁੜੀ ਵਾਲਿਆਂ ਨੇ ਅੱਖਾਂ 'ਚ ਹੰਝੂ ਭਰ ਕੇ ਕੰਨਿਆ ਦਾਨ ਕੀਤਾ। ਵਿਦਾਇਗੀ ਵੇਲੇ ਕੁੜੀ ਦੇ ਮਾਂ ਪਿਉ ਬਹੁਤ ਜ਼ਿਆਦਾ ਰੋ ਰਹੇ ਸਨ। ਮੇਰੀ ਨਨਾਣ ਨੇ ਉਨ੍ਹਾਂ ਨੂੰ ਹੌਸਲਾ ਦਿੰਦੇ ਹੋਏ ਕਿਹਾ,'ਭੈਣ ਜੀ ਤੁਸੀਂ ਫ਼ਿਕਰ ਨਾ ਕਰੋ ਥੋਡੀ ਕੁੜੀ ਸਾਡੇ ਘਰ 'ਚ ਵੀ ਧੀ ਵਾਂਗ ਹੀ ਰਹੇਗੀ।' ਮੇਰੀ ਨਨਾਣ ਦੇ ਚਿਹਰੇ 'ਤੇ ਖ਼ੁਸ਼ੀ ਝਲਕ ਰਹੀ ਸੀ ਕਿ ਮੁੰਡੇ ਦਾ ਘਰ ਵਸ ਰਿਹਾ ਹੈ। ਉਸ ਨੂੰ ਕੀ ਪਤਾ ਸੀ ਕਿ ਜਿਸ ਕੁੜੀ ਨੂੰ ਆਪਣੇ ਘਰ ਵਿਚ ਕੋਈ ਦੁੱਖ ਨਾ ਦੇਣ ਦਾ ਵਾਅਦਾ ਕਰ ਰਹੀ ਹੈ, ਉਹੀ ਕੁੜੀ ਉਸ ਦੇ ਘਰ ਨੂੰ ਦੁੱਖਾਂ ਦਾ ਘਰ ਬਣਾ ਦੇਵੇਗੀ। ਦੁਲਹਨ ਦੇ ਘਰ ਆਉਣ 'ਤੇ ਮੇਰੀ ਨਨਾਣ ਨੇ ਸ਼ਾਦੀ ਤੋਂ ਬਾਦ ਬਹੁਤ ਵਧੀਆ ਰਿਸੈਪਸ਼ਨ ਪਾਰਟੀ ਰੱਖੀ ਸੀ। ਕੁੜੀ ਵਾਲਿਆਂ ਨੂੰ ਵੀ ਬੁਲਾਇਆ ਸੀ। ਮੈਂ ਤੇ ਮੇਰੀ ਨਨਾਣ ਗੀਤਾ ਖ਼ੂਬ ਨੱਚੀਆਂ। ਪਾਰਟੀ ਦੇਰ ਰਾਤ ਚਲਦੀ ਰਹੀ। ਗੀਤਾ ਨੇ ਆਪਣੇ ਪੁੱਤਰ ਤੇ ਨੂੰਹ ਨਾਲ ਨੱਚ ਕੇ ਉਨ੍ਹਾਂ ਦਾ ਸਾਥ ਦਿੱਤਾ। ਉਸ ਨੇ ਉਨ੍ਹਾਂ ਨੂੰ ਜ਼ਰਾ ਵੀ ਅਹਿਸਾਸ ਨਾ ਹੋਣ ਦਿੱਤਾ ਕਿ ਉਹ ਕਿੰਨਾ ਥੱਕ ਚੁੱਕੀ ਹੈ।

ਗੀਤਾ ਨੇ ਨੂੰਹ-ਪੁੱਤਰ ਵਾਸਤੇ ਪਹਿਲੀ ਰਾਤ ਲਈ ਹੋਟਲ ਵਿੱਚ ਕਮਰਾ ਬੁੱਕ ਕਰਵਾਇਆ ਸੀ ਜਿਸ ਦਾ ਕਿ ਅੱਜ ਕੱਲ੍ਹ ਰਿਵਾਜ ਹੈ। ਮਹਿਮਾਨਾਂ ਤੇ ਨੂੰਹ ਪੁੱਤਰ ਦੇ ਜਾਣ ਤੋਂ ਬਾਅਦ ਵੀ ਉਸ ਨੂੰ ਆਰਾਮ ਕਰਨ ਦਾ ਸਮਾਂ ਨਹੀ ਸੀ ਮਿਲ ਰਿਹਾ। ਬੜੀ ਮੁਸ਼ਕਿਲ ਨਾਲ ਮੇਰੇ ਕਹਿਣ 'ਤੇ ਉਹ ਕਮਰ ਸਿੱਧੀ ਕਰਨ ਲਈ ਲੇਟੀ। ਜਲਦ ਹੀ ਸਵੇਰ ਹੋ ਗਈ। ਫਟਾਫਟ ਉੱਠ ਕੇ ਗੀਤਾ ਨਾਸ਼ਤੇ ਦਾ ਇੰਤਜਾਮ ਦੇਖਣ ਲੱਗ ਪਈ ਅਤੇ ਨੂੰਹ ਦੀਆਂ ਬਾਕੀ ਰਸਮਾਂ ਦੀ ਤਿਆਰੀ ਵਿੱਚ ਵੀ ਲੱਗ ਪਈ। ਨੂੰਹ ਤੇ ਪੁੱਤਰ ਆਰਾਮ ਨਾਲ ਦੁਪਹਿਰ ਦੀ ਰੋਟੀ ਦੇ ਸਮੇਂ ਹੀ ਪਹੁੰਚੇ। ਫੇਰ ਉਸ ਨੇ ਮੱਥੇ 'ਤੇ ਵਟ ਪਾਏ ਬਿਨਾਂ ਬਾਕੀ ਦੀਆਂ ਰਸਮਾਂ ਪੂਰੀਆਂ ਕੀਤੀਆਂ। ਅਗਲੇ ਦਿਨ ਨੂੰਹ ਪੁੱਤਰ ਨੇ ਕਸ਼ਮੀਰ ਹਨੀਮੂਨ ਲਈ ਜਾਣਾ ਸੀ। ਬੱਚਿਆਂ ਤੇ ਮਹਿਮਾਨਾਂ ਦੇ ਚਲੇ ਜਾਣ ਤੋਂ ਬਾਦ 15 ਦਿਨ ਉਸ ਨੂੰ ਘਰ ਦਾ ਸਾਮਾਨ ਸਾਂਭਣ ਨੂੰ ਲੱਗ ਗਏ। ਇਸ ਦੌਰਾਨ ਬੱਚੇ ਵੀ ਹਨੀਮੂਨ ਤੋਂ ਵਾਪਸ ਆ ਗਏ। ਉਨ੍ਹਾਂ ਦਾ ਸਾਰਾ ਵਕਤ ਆਪਣੇ ਕਮਰੇ 'ਚ ਹੀ ਨਿਕਲਦਾ। ਪਹਿਲਾ ਤਾਂ ਇਹ ਕਾਰਨ ਸੀ ਕਿ ਉਹ ਥੱਕ ਗਏ ਹਨ ਤੇ ਫੇਰ ਕਦੇ ਕੁਝ ਤੇ ਕੁਝ ਹੋਰ ਕਾਰਨ ਬਣਦੇ ਗਏ। ਕਦੇ ਕੋਈ ਮਹਿਮਾਨ ਨੂੰਹ ਨੂੰ ਦੇਖਣ ਲਈ ਆਉਂਦਾ ਜਿਹੜਾ ਕਿ ਵਿਆਹ ਵੇਲੇ ਨਹੀ ਸੀ ਆਇਆ। ਬੜੀ ਮੁਸ਼ਕਿਲ ਨਾਲ ਨੂੰਹ ਪੁੱਤਰ ਦਾ ਦਰਵਾਜ਼ਾ ਖੁੱਲ੍ਹਦਾ ਤੇ ਨੂੰਹ ਮਹਿਮਾਨਾਂ ਦੇ ਸਾਹਮਣੇ ਆਉਣ ਲਈ ਤਿਆਰ ਹੁੰਦੀ। ਬੇਚਾਰੀ ਮੇਰੀ ਨਨਾਣ ਉਨ੍ਹਾਂ ਦੀ ਗੱਲਾਂ 'ਤੇ ਪੋਚਾ ਪਾਉਣ ਲਈ ਕਹਿੰਦੀ ਕਿ ਬੱਚੇ ਹੁਣੇ-ਹੁਣੇ ਹੀ ਆਪਣੇ ਕਮਰੇ 'ਚ ਗਏ ਸਨ।

ਇੱਕ ਦੋ ਮਹੀਨੇ ਬਾਦ ਮੈਂ ਆਪਣੀ ਨਨਾਣ ਦੇ ਘਰ ਚਲੀ ਜਾਂਦੀ ਤੇ ਦੋ-ਚਾਰ ਦਿਨ ਰਹਿ ਕੇ ਆ ਜਾਂਦੀ। ਮੈਂ ਤਾਂ ਇਹੀ ਵੇਖਿਆ ਕਿ ਨਨਾਣ ਦਾ ਤਾਂ ਓਹੀ ਹਾਲ ਹੈ। ਨੂੰਹ ਆਪਣੇ ਕਮਰੇ ਵਿੱਚ ਹੀ ਰਹਿੰਦੀ। ਖਾਣ ਪੀਣ ਲਈ ਜਾਂ ਆਪਣੇ ਕਿਸੇ ਕੰਮ ਲਈ ਹੀ ਕਮਰੇ ਤੋਂ ਬਾਹਰ ਨਿਕਲਦੀ ਸੀ। ਮੈਂ ਵੀ ਜਦੋਂ ਉਨ੍ਹਾਂ ਦੇ ਕਮਰੇ 'ਚ ਜਾਂਦੀ ਬਹੂ ਆਪਣੇ ਫੋਨ 'ਤੇ ਹੀ ਗੱਲਾਂ ਕਰਦੀ ਮਿਲਦੀ। ਬੜੇ ਹੀ ਬੇਮਨ ਨਾਲ ਆਓ ਮਾਮੀ ਜੀ ਕਹਿ ਕੇ ਬਿਠਾ ਲੈਂਦੀ ਪਰ ਉਸ ਦਾ ਫੋਨ ਹੀ ਨਹੀਂ ਸੀ ਰੁਕਦਾ। ਮੈਂ ਬੋਰ ਹੋ ਕੇ ਵਾਪਸ ਆ ਜਾਂਦੀ। ਇਸ ਤਰ੍ਹਾਂ ਇੱਕ ਸਾਲ ਬੀਤ ਗਿਆ। ਇਸ ਦੌਰਾਨ ਬਹੂ ਗਰਭਵਤੀ ਹੋ ਗਈ ਸੀ। ਫੇਰ ਤਾਂ ਉਸਦੇ ਨਖ਼ਰੇ ਹੋਰ ਵੀ ਵਧਦੇ ਜਾ ਰਹੇ ਸਨ। ਹਰ ਵੇਲੇ ਇਹ ਹੀ ਕਹਿੰਦੀ ਇਹ ਨਹੀ ਪਸੰਦ ਉਹ ਨਹੀਂ ਖਾਣਾ। ਮੇਰੀ ਨਨਾਣ ਤਾਂ ਬਹੂ ਦੇ ਅੱਗੇ ਪਿੱਛੇ ਖਾਣ ਦੀਆਂ ਚੀਜ਼ਾਂ ਲੈ ਕੇ ਫਿਰਦੀ ਰਹਿੰਦੀ ਜਿਹੜੀਆਂ ਗਰਭਵਤੀ ਬਹੂ ਲਈ ਚੰਗੀਆਂ ਹੁੰਦੀਆਂ ਹਨ। ਅਗਰ ਗੀਤਾ ਜ਼ੋਰ ਦੇ ਕੇ ਕਹਿੰਦੀ ਕਿ ਤੇਰੇ ਲਈ ਫ਼ਾਇਦੇਮੰਦ ਹੈ ਤਾਂ ਉਸ ਦਾ ਬੇਟਾ ਸੁੰਦਰ ਆ ਕੇ ਆਪਣੀ ਮਾਂ ਨੂੰ ਹੀ ਕਹਿੰਦਾ ਇਸ ਤਰ੍ਹਾਂ ਨਹੀਂ ਚੱਲਦਾ ਮੰਮਾ, ਅੱਜ ਕੱਲ੍ਹ ਜ਼ਮਾਨਾ ਬਦਲ ਗਿਆ ਹੈ। ਇੰਟਰਨੈੱਟ 'ਤੇ ਸਾਰਾ ਕੁਝ ਪਤਾ ਚਲ ਜਾਂਦਾ ਹੈ। ਉਹ ਤਾਂ ਇਹੀ ਕਹਿੰਦੇ ਹਨ ਕਿ ਹੋਣ ਵਾਲੀ ਮਾਂ ਨੂੰ ਖ਼ੁਸ਼ ਰੱਖਣਾ ਚਾਹੀਦਾ ਹੈ ਤਾਂ ਹੀ ਬੱਚਾ ਤੰਦਰੁਸਤ ਪੈਦਾ ਹੁੰਦਾ ਹੈ। ਗੀਤਾ ਆਪਣੇ ਬੇਟੇ ਦੇ ਮੂੰਹ ਵੱਲ ਵੇਖਦੀ ਰਹਿ ਜਾਂਦੀ। ਜਿਹੜਾ ਪੁੱਤਰ ਪਹਿਲਾਂ ਕਹਿੰਦਾ ਹੁੰਦਾ ਸੀ ਕਿ ਮੇਰੀ ਮਾਂ ਤਾਂ ਬਹੁਤ ਸਿਆਣੀ ਹੈ ਉਸ ਨੂੰ ਹਰ ਗੱਲ ਦਾ ਪਤਾ ਹੈ, ਉਹ ਆਪ ਹੀ ਅੱਧੀ ਡਾਕਟਰ ਹੈ ਹੁਣ ਉਲਟ ਮਾਂ ਨੂੰ ਏਦਾਂ ਕਹਿਣ ਲੱਗ ਪਿਆ।

ਸਮਾਂ ਆਉਣ 'ਤੇ ਗੀਤਾ ਦੇ ਪੋਤਾ ਹੋਇਆ। ਉਸ ਦੇ ਪੈਰ ਧਰਤੀ ਨਾ ਲੱਗਣ। ਬਹੂ ਦੇ ਹਸਪਤਾਲ ਤੋਂ ਵਾਪਸ ਘਰ ਆਉਣ 'ਤੇ ਉਸ ਨੇ ਜੱਚਾ-ਬੱਚਾ ਦਾ ਸਾਰਾ ਕੰਮ ਆਪਣੇ ਸਿਰ ਲੈ ਲਿਆ ਸੀ। ਨੌਕਰਾਣੀ ਨਾਲ ਮਿਲ ਕੇ ਬੜੇ ਚਾਅ ਨਾਲ ਪੰਜੀਰੀ ਬਣਾਈ ਪਰ ਬਹੂ ਨੇ ਮੂੰਹ ਬਣਾਉਂਦੇ ਹੋਏ ਕਿਹਾ ਕਿ ਅੱਜ ਕੱਲ੍ਹ ਪੰਜੀਰੀ ਕੌਣ ਖਾਂਦਾ ਹੈ। ਮੈਂ ਕੋਈ ਮੋਟੀ ਹੋਣਾ ਹੈ ਪਰ ਹਰ ਦੂਜੇ ਦਿਨ ਪੀਜ਼ਾ, ਬਰਗਰ ਆ ਜਾਂਦੇ। ਬਹੂ ਸ਼ੌਕ ਨਾਲ ਖਾਂਦੀ ਪਰ ਬੱਚੇ ਦੇ ਪੇਟ ਵਿੱਚ ਗੈਸ ਬਣਨ ਲੱਗ ਗਈ ਤੇ ਉਹ ਬਹੁਤ ਰੋਂਦਾ। ਇਕ ਮਹੀਨੇ ਤੋਂ ਪਹਿਲਾਂ ਹੀ ਬਹੂ ਬਾਹਰ ਦਾ ਖਾਣਾ ਖਾਣ ਲੱਗ ਪਈ। ਬੱਚੇ ਨੂੰ ਸੱਸ ਕੋਲ ਛੱਡ ਜਾਂਦੀ ਅਤੇ ਸਹੇਲੀਆਂ ਨਾਲ ਪਾਰਟੀਆਂ ਕਰਦੀ। ਬੱਚਾ ਸਾਰਾ ਦਿਨ ਰੋਂਦਾ ਰਹਿੰਦਾ। ਦਾਦੀ ਬੜੀ ਮੁਸ਼ਕਿਲ ਨਾਲ ਸਾਂਭਦੀ। ਬਹੂ ਵਾਪਸ ਆ ਕੇ ਕਹਿੰਦੀ ਕਿ ਮੈਂ ਬਹੁਤ ਥੱਕ ਗਈ ਹਾਂ ਅਤੇ ਜਾ ਕੇ ਸੌਂ ਜਾਂਦੀ। ਜੇ ਗੀਤਾ ਕਹਿੰਦੀ ਕਿ ਉਹ ਬੱਚੇ ਨੂੰ ਸਾਂਭਦੀ ਥੱਕ ਗਈ ਹੈ ਤਾਂ ਉਹ ਬੱਚੇ ਨੂੰ ਕੁੱਟਣ ਲੱਗ ਜਾਂਦੀ। ਉਸ ਨੂੰ ਪਤਾ ਸੀ ਕਿ ਗੀਤਾ ਦੀ ਜਾਨ ਬੱਚੇ ਵਿੱਚ ਹੈ। ਇਹ ਕਹਿ ਕੇ ਆਸ਼ਾ ਨੇ ਆਪਣੀ ਗੱਲ ਮੁਕਾਈ ਕਿ ਮੇਰੀ ਨਨਾਣ ਇੰਨੀ ਚੰਗੀ ਸੀ ਕਿ ਉਨ੍ਹਾਂ ਦੀ ਕਦੇ ਵੀ ਆਪਸ 'ਚ ਲੜਾਈ ਨਹੀਂ ਸੀ ਹੋਈ। ਜੇ ਫੇਰ ਵੀ ਤੇਰੇ ਵਿਚਾਰ ਨਹੀਂ ਬਦਲੇ ਤਾਂ ਸੁਣ ਮੇਰੀ ਸਹੇਲੀ ਕਵਿਤਾ ਦੀ ਕਹਾਣੀ।

ਕਵਿਤਾ ਦੇ ਇੰਜੀਨੀਅਰ ਪੁੱਤ ਨੂੰ ਇੱਕ ਦਸਵੀਂ ਪਾਸ ਕੁੜੀ ਨਾਲ ਪਿਆਰ ਹੋ ਗਿਆ ਅਤੇ ਉਹ ਜ਼ਿੱਦ ਕਰ ਬੈਠਾ ਕਿ ਜੇ ਮੈਂ ਵਿਆਹ ਕਰਾਂਗਾ ਤਾਂ ਸਿਰਫ ਰੀਨਾ ਨਾਲ ਹੀ ਕਰਾਂਗਾ ਨਹੀਂ ਤਾਂ ਸਾਰੀ ਉਮਰ ਕੁਆਰਾ ਹੀ ਰਵਾਂਗਾ। ਆਖਰ ਹਾਰ ਕੇ ਕਵਿਤਾ ਨੂੰ ਆਪਣੇ ਪੁੱਤ ਮਨੋਜ ਦਾ ਵਿਆਹ ਰੀਨਾ ਨਾਲ ਹੀ ਕਰਨਾ ਪਿਆ। ਰੀਨਾ ਦੇ ਮਾਂ ਪਿਉ ਨੇ ਇਸ ਦਾ ਪੂਰਾ ਫ਼ਾਇਦਾ ਚੁੱਕਿਆ। ਉਨ੍ਹਾਂ ਨੇ ਵੱਡਾ ਅਹਿਸਾਨ ਜਿਤਾਇਆ ਕਿ ਉਹ ਇਸ ਵਿਆਹ ਲਈ ਬਿਲਕੁਲ ਤਿਆਰ ਨਹੀਂ ਸਨ। ਇਸ ਕਰਕੇ ਉਨ੍ਹਾਂ ਨੂੰ ਬੜੇ ਹੀ ਬੇਮਨ ਨਾਲ ਵਿਆਹ ਕਰਨਾ ਪੈ ਰਿਹਾ ਹੈ। ਨਾ ਤਾਂ ਉਨ੍ਹਾਂ ਬਰਾਤੀਆਂ ਦੀ ਚੰਗੀ ਤਰ੍ਹਾਂ ਆਉ ਭਗਤ ਕੀਤੀ ਨਾ ਕੋਈ ਰਸਮ ਚੰਗੀ ਤਰ੍ਹਾਂ ਨਿਭਾਈ। ਐਥੋਂ ਤਕ ਕਿ ਕੁੜੀ ਦੇ ਵਿਆਹ ਵੇਲੇ ਮਠਿਆਈ ਦਾ ਇੱਕ ਵੀ ਡੱਬਾ ਨਾ ਦਿੱਤਾ ਦਾਜ ਦੀ ਗੱਲ ਤਾਂ ਬਹੁਤ ਦੂਰ ਸੀ। ਫਿਰ ਵੀ ਕਵਿਤਾ ਨੇ ਸੋਚਿਆ ਕਿ ਚਲੋ ਕੋਈ ਗੱਲ ਨਹੀਂ ਮੈਂ ਆਪਣੇ ਪੁੱਤਰ ਦਾ ਦਿਲ ਨਹੀਂ ਦੁਖਣ ਦਿਆਂਗੀ। ਉਸ ਨੇ ਪੂਰੇ ਚਾਅ ਮਲਾਰ ਨਾਲ ਨੂੰਹ ਦਾ ਸਵਾਗਤ ਕੀਤਾ। ਇੱਕ ਵੱਡੀ ਪਾਰਟੀ ਵੀ ਦਿੱਤੀ ਕਿ ਬੱਚਿਆਂ ਦਾ ਦਿਲ ਨਾ ਟੁਟੇ। ਉਹ ਬੜੇ ਪਿਆਰ ਨਾਲ ਆਪਣੇ ਨੂੰਹ ਪੁੱਤ ਨਾਲ ਰਹਿਣ ਲੱਗ ਪਈ। ਉਸ ਨੇ ਨੂੰਹ ਦਾ ਮਾਂ ਤੋਂ ਵੱਧ ਕੇ ਖ਼ਿਆਲ ਰੱਖਿਆ ਅਤੇ ਉਸ ਨੂੰ ਕਿਹਾ ਕਿ ਬੇਟਾ ਤੂੰ ਪੜ੍ਹ ਮੈਂ ਤੈਨੂੰ ਪੜ੍ਹਾਵਾਂਗੀ। ਰੀਨਾ ਕਾਲਜ ਜਾਣ ਲੱਗ ਪਈ। ਕਵਿਤਾ ਇੱਕ ਮਾਂ ਵਾਂਗ ਕਾਲਜ ਜਾਂਦੇ ਸਮੇਂ ਨੂੰਹ ਨੂੰ ਖਾਣਾ ਖਵਾ ਕੇ ਭੇਜਦੀ। ਕਾਲਜ ਤੋਂ ਵਾਪਸ ਆਉਣ 'ਤੇ ਓਨੇ ਹੀ ਪਿਆਰ ਨਾਲ ਗਰਮਾ ਗਰਮ ਖਾਣਾ ਖਵਾਉਂਦੀ। ਬੀ ਏ ਕਰਨ ਤਕ ਰੀਨਾ ਇੱਕ ਬੱਚੇ ਦੀ ਮਾਂ ਬਣ ਗਈ। ਇਸ ਪਿੱਛੋਂ ਕਵਿਤਾ ਨੇ ਰੀਨਾ ਨੂੰ ਐਮ ਏ ਕਰਨ ਲਈ ਕਿਹਾ ਕਿ ਬੱਚੇ ਨੂੰ ਉਹ ਸਾਂਭ ਲਵੇਗੀ। ਰੀਨਾ ਐਮ ਏ ਕਰਨ ਲੱਗ ਪਈ। ਕਵਿਤਾ ਬੱਚੇ ਨੂੰ ਸਾਂਭਦੀ ਅਤੇ ਘਰ ਦਾ ਸਾਰਾ ਕੰਮ ਵੀ ਕਰਦੀ।

ਕਵਿਤਾ ਦੇ ਪਤੀ ਨਵੀਨ ਤਰੱਕੀ ਕਰਦਾ ਐਸ.ਡੀ.ਓ. ਦੀ ਪੋਸਟ ਤੋਂ ਰਿਟਾਇਰ ਹੋ ਗਏ ਸਨ। ਉਹ ਸਾਰਾ ਦਿਨ ਘਰ ਵਿੱਚ ਹੀ ਰਹਿਣ ਲੱਗ ਪਏ। ਉਸ ਨੇ ਰੀਨਾ ਤੇ ਬੇਟੇ ਮਨੋਜ ਨੂੰ ਕਿਹਾ ਕਿ ਤੁਸੀਂ ਲੋਨ ਲੈ ਕੇ ਆਪਣਾ ਘਰ ਬਣਵਾ ਲਉ, ਮੈਂ ਵੀ ਕੁਝ ਮਦਦ ਕਰ ਦਿਆਂਗਾ। ਧੁੱਪ ਵਿੱਚ ਖੜ੍ਹੇ ਰਹਿ-ਰਹਿ ਕੇ ਉਸ ਨੇ ਆਪਣੇ ਬੇਟੇ ਦਾ ਘਰ ਬਣਵਾਇਆ। ਸ਼ੁਰੂ-ਸ਼ੁਰੂ ਵਿੱਚ ਤਾਂ ਰੀਨਾ ਨੇ ਆਪਣੀ ਸੱਸ ਨੂੰ ਕਿਹਾ ਮੰਮੀ ਜੀ ਆਪਾਂ ਸਾਰੇ ਹੀ ਨਵੇਂ ਘਰ ਵਿੱਚ ਚਲਕੇ ਰਹਾਂਗੇ ਅਤੇ ਇਸ ਪੁਰਾਣੇ ਘਰ ਨੂੰ ਕਿਰਾਏ 'ਤੇ ਦੇ ਦਵਾਂਗੇ। ਉਸ ਦੇ ਕਿਰਾਏ ਨਾਲ ਲੋਨ ਵੀ ਛੇਤੀ ਹੀ ਉਤਰ ਜਾਵੇਗਾ। ਇਸ ਦੌਰਾਨ ਰੀਨਾ ਛੋਟੇ ਬੱਚਿਆਂ ਦੀ ਟਿਊਸ਼ਨ ਵੀ ਕਰਨ ਲੱਗ ਪਈ। ਕਵਿਤਾ ਦੇ ਪਤੀ ਨਵੀਨ ਨੇ ਇੱਕ ਪ੍ਰਾਈਵੇਟ ਕਾਲਜ 'ਚ ਨੌਕਰੀ ਕਰ ਲਈ। ਇਸ ਤਰ੍ਹਾਂ ਬੱਚਾ ਵੀ ਪਲਦਾ ਰਿਹਾ ਅਤੇ ਕਰਜ਼ਾ ਵੀ ਉਤਰ ਗਿਆ। ਲੇਕਿਨ ਇਕ ਦਿਨ ਅਚਾਨਕ ਕਵਿਤਾ ਦੇ ਪਤੀ ਦਾ ਐਕਸੀਡੈਂਟ ਹੋ ਗਿਆ। ਉਸ ਦੇ ਸਿਰ 'ਤੇ ਸੱਟ ਵੱਜੀ ਅਤੇ ਲਕਵੇ ਦਾ ਅਟੈਕ ਵੀ ਹੋ ਗਿਆ। ਨਵੀਨ ਦੀ ਇੱਕ ਲੱਤ ਅਤੇ ਬਾਂਹ ਬੇਕਾਰ ਹੋ ਗਏ। ਇਸ ਕਰਕੇ ਹੁਣ ਕਵਿਤਾ ਨੂੰ ਆਪਣੇ ਬਿਮਾਰ ਪਤੀ ਦੀ ਸੇਵਾ ਵੀ ਕਰਨੀ ਪੈਂਦੀ। ਇਸੇ ਵਜ੍ਹਾ ਕਰਕੇ ਹੁਣ ਕਵਿਤਾ ਘਰ ਦੀ ਦੇਖਭਾਲ ਅਤੇ ਬੱਚੇ ਦਾ ਸਾਰਾ ਕੰਮ ਨਹੀਂ ਸੀ ਕਰ ਪਾ ਰਹੀ। ਉਹ ਬਹੁਤ ਥੱਕ ਜਾਂਦੀ।

ਹੌਲੀ-ਹੌਲੀ ਕਵਿਤਾ ਨੇ ਮਹਿਸੂਸ ਕੀਤਾ ਕਿ ਨੂੰਹ ਉਸ ਨੂੰ ਬੁਲਾਉਂਦੀ ਹੀ ਨਹੀਂ। ਐਥੋਂ ਤੱਕ ਕਿ ਉਸ ਦੇ ਵੱਲ ਵੇਖਦੀ ਵੀ ਨਹੀਂ। ਕਵਿਤਾ ਅਤੇ ਉਸ ਦੇ ਪਤੀ ਨਵੀਨ ਦਾ ਹਾਲ ਬਹੁਤ ਬੁਰਾ ਹੋ ਗਿਆ ਸੀ। ਇੱਕ ਦਿਨ ਬਿਨਾਂ ਕਿਸੇ ਵਜ੍ਹਾ ਦੇ ਰੀਨਾ ਨੇ ਉਨ੍ਹਾਂ ਨਾਲ ਬਹੁਤ ਲੜਾਈ ਕੀਤੀ। ਫੇਰ ਤਾਂ ਇਹ ਲੜਾਈ ਅਕਸਰ ਹੀ ਹੋਣ ਲੱਗ ਪਈ। ਕਵਿਤਾ ਦਾ ਆਪਣੇ ਪੁੱਤਰ ਤੇ ਨੂੰਹ ਨਾਲ ਰਹਿਣਾ ਦੁੱਭਰ ਹੋ ਗਿਆ ਸੀ। ਬੇਟਾ ਮਨੋਜ ਆਪਣੀ ਪਤਨੀ ਦਾ ਹੀ ਸਾਥ ਦਿੰਦਾ ਸੀ। ਰੀਨਾ ਗੱਲ-ਗੱਲ 'ਤੇ ਮਰਨ ਦੀ ਧਮਕੀ ਦਿੰਦੀ ਜਾਂ ਬੱਚੇ ਨੂੰ ਕੁੱਟਣ ਲੱਗ ਪੈਂਦੀ। ਇੱਕ ਦਿਨ ਕਵਿਤਾ ਨੇ ਆਪਣੇ ਪਤੀ ਨੂੰ ਕਿਹਾ ਮੈਂ ਸੋਚਦੀ ਹਾਂ ਕਿ ਸਾਨੂੰ ਹੁਣ ਆਪਣੇ ਘਰ ਚਲੇ ਜਾਣਾ ਚਾਹੀਦਾ ਹੈ, ਜਿੱਥੇ ਇੱਜ਼ਤ ਨਾ ਹੋਵੇ ਉਥੇ ਕੀ ਰਹਿਣਾ। ਉਸ ਦੇ ਪਤੀ ਦੇ ਮਨ 'ਚ ਇਹ ਗੱਲ ਤਾਂ ਪਹਿਲਾਂ ਹੀ ਆ ਰਹੀ ਸੀ। ਉਹ ਦੋਨੋਂ ਹੀ ਆਪਣੇ ਪੁਰਾਣੇ ਘਰ ਆ ਗਏ। ਉਨ੍ਹਾਂ ਆਪਣੀ ਆਮਦਨ ਲਈ ਘਰ ਦਾ ਇੱਕ ਕਮਰਾ ਕਿਰਾਏ 'ਤੇ ਦੇ ਦਿੱਤਾ। ਇਹ ਸਾਰੀ ਗੱਲ ਕਰਨ ਤੋਂ ਬਾਅਦ ਆਸ਼ਾ ਨੇ ਸ਼ੀਲਾ ਨੂੰ ਕਿਹਾ ਹੁਣ ਤੂੰ ਹੀ ਦੱਸ ਮੈਂ ਕਿੱਥੇ ਗ਼ਲਤ ਹਾਂ। ਮੈਂ ਤਾਂ ਕਹਿੰਦੀ ਹਾਂ ਪਹਿਲਾਂ ਹੀ ਆਪਣਾ ਮਨ ਪੱਕਾ ਕਰ ਕੇ ਪੁੱਤਰ ਦਾਨ ਕਰ ਦਿਉ ਕਿਉਂਕਿ ਹਰ ਪਾਸੇ ਜਿਸ ਤਰ੍ਹਾਂ ਮੁੰਡੇ ਕੁੜੀ ਦੀ ਬਰਾਬਰੀ ਦੀ ਗੱਲ ਹੋ ਰਹੀ ਹੈ, ਅਕਲਮੰਦੀ ਇਸੇ 'ਚ ਹੈ ਕਿ ਜਿੱਧਰ ਹਵਾ ਦਾ ਰੁਖ ਹੋਵੇ ਉੱਧਰ ਹੀ ਆਪਣੇ ਆਪ ਨੂੰ ਕਰ ਲਵੋ। ਇੰਨਾ ਕਹਿ ਉਹ ਹੱਸਦਿਆਂ ਅੱਖਾਂ 'ਚ ਇੱਕ ਦੋ ਹੰਝੂ ਪੂੰਝਦੇ ਕਹਿਣ ਲੱਗੀ,'ਹੁਣ ਤਾਂ ਕੁੜੀ ਵਾਲਿਆਂ ਨੂੰ ਬਰਾਤ ਲੈ ਕੇ ਅਤੇ ਮੁੰਡੇ ਨੂੰ ਵਿਦਾ ਕਰਾ ਕੇ ਲੈ ਜਾਣਾ ਚਾਹੀਦਾ ਹੈ। ਜੇ ਬਾਅਦ 'ਚ ਵੀ ਪੁੱਤਰ ਦਾਨ ਹੋ ਹੀ ਜਾਣਾ ਹੈ ਫੇਰ ਪਹਿਲਾਂ ਹੀ ਕਰ ਦਿਉ।' ਆਸ਼ਾ ਹੰਝੂ ਭਰੀਆਂ ਅੱਖਾਂ ਨਾਲ ਚਿਹਰੇ 'ਤੇ ਮੁਸਕਰਾਹਟ ਲਿਆਉਂਦੇ ਹੋਏ ਚਲੀ ਗਈ।

# ਕਾਵਿ ਸੰਸਾਰ

## ਹਿਟਲਰ ਚੜ੍ਹ ਕੇ ਆ ਰਿਹਾ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਹਿਟਲਰ ਫ਼ਿਰ ਚੜ੍ਹ ਕੇ ਆ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ਼ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਦੂਜੀ ਸੰਸਾਰੀ ਜੰਗ ਦੇ ਜ਼ਖ਼ਮ ਹਾਲੇ ਤੱਕ ਮਿਲਦੇ,
ਕਈ ਮਨੁੱਖੀ ਕੁਕਰਮ ਹਾਲੇ ਵੀ ਭੁੱਲਿਆਂ ਨਹੀਂ ਭੁੱਲਦੇ।
ਇਹ ਹੋਰ ਵੀ ਜ਼ੁਲਮ ਕਮਾ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ਼ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਨਵੀਆਂ ਨਸਲਾਂ ਹਾਲੇ ਵੀ ਅਪਾਹਜ ਨੇ ਜੰਮਦੀਆਂ,
ਦਰਦ ਦੀਆਂ ਆਹਾਂ ਹਾਲੇ ਵੀ ਥੰਮਿਆਂ ਨਹੀਂ ਥੰਮਦੀਆਂ।
ਉਹ ਬੰਬ ਫ਼ੜ ਕੇ ਫ਼ਿਰ ਆ ਰਿਹਾ, ਉਏ ਸੰਭਲੋ ਲੋਕੋ।
ਹਰ ਤਰਫ਼ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਰੋਜ਼ਾਨਾ ਧਮਕੀਆਂ ਦੇਵੇ ਅਤੇ ਦੁਨੀਆ ਨੂੰ ਡਰਾਵੇ,
ਦੇਸ਼ਾਂ ਉੱਤੇ ਕਬਜ਼ੇ ਕਰਨ ਦੇ ਕਰਦਾ ਨਿੱਤ ਦਾਅਵੇ।
ਟੈਰਿਫ਼ ਹਰ ਉੱਤੇ ਲਾ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ਼ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਕੱਠੇ ਰਲ਼ ਕੇ ਲੜੇ ਤਾਂ ਸ਼ਾਇਦ ਬਚ ਜਾਉਗੇ,
ਕੱਲੇ ਕੱਲੇ ਲੜੇ ਤਾਂ ਲਾਜ਼ਮ ਮਰ ਜਾਉਗੇ।
ਕਈਆਂ ਨੂੰ ਚਾਰਾ ਪਾ ਰਿਹਾ, ਉਏ ਸੰਭਲੋ ਲੋਕੋ।
ਹਰ ਤਰਫ਼ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

ਹਿਟਲਰ ਫ਼ਿਰ ਚੜ੍ਹ ਕੇ ਆ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ਼ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।

## ਸੂਰਜ

ਮਨਜੀਤ ਸਿੰਘ ਬੱਧਣ



ਦਿਨ-ਰਾਤ, ਸਵੇਰ-ਸ਼ਾਮ, ਚੜ੍ਹਨਾ-ਲਹਿਣਾ,
ਕੁਦਰਤ-ਕੁਦਰਤ-ਕੁਦਰਤ, ਓਸ ਕਾਦਰ ਦੀ।
ਜਦ ਆਵੇ ਪਤਝੜ, ਪੱਤੇ ਝੜ-ਝੜ ਜਾਵਣ,
ਬਸੰਤ-ਬਹਾਰ ਤੇ ਰੁੱਤਾਂ, ਖੇਡ ਓਸ ਕਾਦਰ ਦੀ।
ਜਨਮ-ਮਰਨ, ਨਫ਼ਾ-ਨੁਕਸਾਨ, ਰੋਣੇ-ਹਾਸੇ,
ਰਜ਼ਾ-ਰਜ਼ਾ-ਰਜ਼ਾ, ਰਜ਼ਾ ਓਸ ਕਾਦਰ ਦੀ।
ਰਹੇ ਬੱਚਿਆਂ ਦਾ ਬਚਪਨ, ਜੋਸ਼-ਏ-ਜਵਾਨੀ,
ਰਹੇ ਬੇਦਾਗ ਚਾਦਰ, ਵੱਡਿਆਂ ਦੇ ਆਦਰ ਦੀ।
ਤੂੰ ਤੱਕ! ਢਲ਼ ਰਿਹਾ ਸੂਰਜ ਹੁੰਦਾ ਮਾੜਾ ਜੇ,
ਤੂੰ ਸੁਣ! ਸ਼ਾਮਾਂ ਨੂੰ ਪੰਖੀ ਚਹਿਚਹਾਉਂਦੇ ਨਾ।
ਸਵੇਰੇ ਛੱਡ ਆਏ ਸੀ ਆਲ੍ਹਣਿਆਂ ਵਿੱਚ ਜੋ,
ਆਪਣਿਆਂ ਬੋਟਾਂ ਕੋਲ ਮੁੜ ਆਉਂਦੇਨਾ।
ਘੜੇ ਕੱਚੜੇ ਸੋਹਣੀ ਪਾਰ ਹੋਣ ਨਾ ਤਰਦੀ,
ਰਾਂਝਾ ਤੇ ਮੱਝੀਆਂ ਬੇਲਿਓਂ ਮੁੜ ਆਉਂਦੇ ਨਾ।
ਜੁੜ ਜਾਂਦੇ ਓਸ ਦੇ ਦੁਲਾਰੇ ਓਸ ਦੇ ਦੁਆਰੇ,
ਸਰੂਰ ਦੇ ਸ਼ੌਕੀ ਸਾਕੀ ਕੋਲ ਵੀ ਆਉਂਦੇ ਨਾ।
ਰਾਹ ਘਰ ਦਾ ਫੜਿਆ ਕਿਸੇ ਮਜ਼ਦੂਰ ਨੇ,
ਮੁੜਕੋ-ਮੁੜਕੀ ਨੂੰ ਧੀ ਨੇ ਜੱਫੀ ਚਾ ਪਾਈ।
ਰਿੜ੍ਹਦਾ ਰਿੜ੍ਹਦਾ ਪੁੱਤ ਲੱਤਾਂ ਨੂੰ ਚਿੰਬੜਿਆ,
ਚੋਂਦੇ ਮੁੜ੍ਹਕੇ ਦੀ ਗੰਧ ਦੱਸੋ ਕਿਸ ਨੂੰ ਆਈ?
ਕਿਸੇ ਹੱਟੀ ਵਿੱਚ ਗਾਹਕ ਸੀ ਟਾਵਾਂ-ਟਾਵਾਂ,
ਸ਼ਾਮ ਦੀ ਲਾਲੀ ਨੇ ਆਸ ਦੀ ਲੋਅ ਜਗਾਈ।
ਸੂਰਜ ਦਾ ਚੜ੍ਹਨਾ-ਲਹਿਣਾ ਐਵੇਂ ਨਾ ਹੋਸੀ,
ਅਸਾਂ ਭੀ ਸਵੇਰ ਤੋਂ ਸ਼ਾਮ ਦੌੜ ਹੈ ਲਗਾਈ।

ਜਿਹੜਾ ਸੂਰਜ ਪੂਰਬ ਵੱਲੋਂ ਉਗਮਿਆ ਸੀ,
ਉਸੇ ਨੂੰ ਪੱਛਮ ਦੇਸ਼ ਵੱਲ ਢਹਿੰਦੇ ਨੂੰ ਵੀ।
ਪਹਿਲਾਂ ਲਾਲ ਫੇਰ ਲਿਸ਼ਕਦੀ ਕਟਾਰ,
ਆਪਣੀ ਅਗਨ ਆਪੇ ਹੀ ਸਹਿੰਦੇ ਨੂੰ ਵੀ।

ਯੁਗਾਂ-ਯੁਗਾਂ ਤੋਂ ਯੁਗਾਂ ਤੱਕ ਤੱਕਦੇ-ਤੱਕਦੇ,
ਚੁੱਪ ਰਹਿ ਕੇ ਬਹੁਤ ਕੁਝ ਕਹਿੰਦੇ ਨੂੰ ਵੀ।
ਚੜ੍ਹਦੇ ਸੂਰਜ ਨੂੰ ਸਲਾਮਾਂ ਪਈਆਂ ਹੋਵਣ,
ਮੇਰੀ ਸਲਾਮ ਉਸ ਸੂਰਜ ਲਹਿੰਦੇ ਨੂੰ ਵੀ।

## ਬਸੰਤ ਰੁੱਤ

ਹਰਪ੍ਰੀਤ ਪੱਤੋ

ਬਸੰਤ ਦੇ ਦਿਨ ਆਏ ਨਿਰਾਲੇ,
ਕਿਧਰੇ ਉੱਡਗੇ ਕੱਕਰ ਪਾਲੇ।
ਫਸਲਾਂ ਹੁਣ ਝੂਮਣ ਲੱਗੀਆਂ,
ਉਨ੍ਹਾਂ ਨੇ ਵੀ ਰੰਗ ਵਟਾਲੇ।
ਪੰਛੀ ਕਰਦੇ ਸ਼ੋਰ ਸ਼ਰਾਬਾ,
ਬ੍ਰਿਛਾਂ ਉੱਤੇ ਆ ਗਏ ਬਾਹਲੇ,
ਬੂਟੇ ਵੀ ਹੁਣ ਟਹਿਕਣ ਲੱਗੇ,
ਨਵੀਆਂ ਫੋਟਾਂ ਫੁੱਟੀਆਂ ਨਾਲੇ।
ਫੁੱਲਾਂ ਉੱਪਰ ਭੌਰੇ ਤਿਤਲੀਆਂ,
ਹੋਏ ਫਿਰਦੇ ਨੇ ਮਤਵਾਲੇ।
ਕੇਸਰ, ਗੁਲਾਬ, ਚਮੇਲੀ, ਗੇਂਦਾ,
ਇੱਕ ਦੂਜੇ ਤੋਂ ਦਿਸਦੇ ਕਾਹਲੇ।
ਕੋਈ ਕਿਸੇ ਤੋਂ ਘੱਟ ਨਾ ਦਿਸਦਾ,
ਨਾਂ ਗਿਣਨ ਤੋਂ ਰਹਿਗੇ ਹਾਲੇ।
ਪੀਲੇ ਫੁੱਲ ਸਰ੍ਹੋਆਂ ਨੂੰ ਲੱਗੇ,
ਸ਼ਹਿਦ ਦੀ ਮੱਖੀ ਰਸ ਨੂੰ ਭਾਲੇ।
ਪੀਲੇ ਪਤੰਗ ਚੜ੍ਹਾਏ ਬੱਚਿਆਂ,
ਸੁਆਣੀਆਂ ਨੇ ਚੌਲ਼ ਉਬਾਲੇ।
'ਪੱਤੋ' ਆਈ ਰੁੱਤ ਬਸੰਤ ਦੀ,
ਦੁੱਖ ਦਲਿੱਦਰ ਸਾਰੇ ਜਾਲੇ।

## ਮਾਂ ਬੋਲੀ ਦਾ ਬੂਟਾ

ਰਜਵਿੰਦਰ ਪਾਲ ਸ਼ਰਮਾ



ਆਉ ਸਾਰੇ ਮਾਂ ਬੋਲੀ ਦਾ ਬੂਟਾ,
ਘਰ ਘਰ ਲਾਈਏ।
ਸੱਭਿਆਚਾਰ ਦੀ ਖ਼ਾਦ ਤੇ ਪਾਣੀ,
ਉਸ ਬੂਟੇ ਵਿੱਚ ਪਾਈਏ।
ਲੋਕ ਗੀਤ ਤੇ ਲੋਕ ਰਵਾਇਤਾਂ,
ਫੁੱਲ ਤੇ ਫ਼ਲ ਬਣ ਜਾਣਾ।
ਹੌਲ਼ੀ ਹੌਲ਼ੀ ਹੁੰਦਾ ਬੂਟਾ,
ਰੁੱਖ ਇੱਕ ਦਿਨ ਬਣ ਜਾਣਾ।
ੳ,ਅ,ੲ,ਸ ਬਣ ਜਾਣੇ ਇਹਦੇ ਪੱਤੇ,
ਜੜ੍ਹਾਂ ਇਸਦੀਆਂ ਡੂੰਘੀਆਂ ਹੋਵਣ,
ਰੱਬ ਸਲਾਮਤ ਰੱਖੇ।
ਇਸ ਦੀਆਂ ਛਾਵਾਂ ਦੇ ਹੇਠਾਂ,
ਤ੍ਰਿੰਝਣ ਕੱਤਣ ਕੁੜੀਆਂ।
ਨਿੱਘ ਮਾਨਣ ਇਹਦੀ ਬੱਚੇ ਬੁੱਢੇ,
ਰਹਿਣ ਸਦਾ ਨਾਲ ਜੁੜੀਆਂ।
ਲੰਮੀ ਇਸਦੀ ਉਮਰ ਹੋਜੇ,
ਬਾਬਾ ਨਾਨਕ ਬਰਕਤ ਪਾਵੇ।

ਸਾਰੇ ਬੂਟੇ ਮੁਰਝਾਵਣ ਪਰ,
ਇਹ ਕਦੇ ਨਾ ਮੁਰਝਾਵੇ।
ਮਾਂ ਬੋਲੀ ਦਾ ਹੁੰਦਾ ਨਿਰਾਦਰ,
ਦਿਲ ਪਿਆ ਕੁਰਲਾਵੇ।
ਆਪਣਿਆਂ ਨੇ ਹੀ ਲੱਗੇ ਬਾਗ਼,
ਸਵਾਰਥ ਲਈ ਉਜਾੜੇ।
ਆਉ ਪੰਜਾਬੀ ਬੋਲੀ ਬਚਾਈਏ,
ਸ਼ਰਮਾ ਵਾਸਤਾ ਪਾਵੇ।

## ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ....

ਹਰਪ੍ਰੀਤ ਪੱਤੋ

ਰਿਹਾ ਸਦੀਆਂ ਤੋਂ ਕੋਠੀਆਂ ਬਣਾਉਂਦਾ ਤੂੰ,
ਰਿਹਾ ਇਮਾਰਤਾਂ ਤੇ ਕੰਧਾਂ ਨੂੰ ਸਜਾਉਂਦਾ ਤੂੰ
ਕੰਮ ਕਰਦਾ ਰਿਹਾ ਤੂੰ ਕਿਹੜੇ-ਕਿਹੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਵੱਡੇ-ਵੱਡੇ ਪੁਲਾਂ ਹੇਠ ਰਹੇਂ ਰੁਲਦਾ,
ਤੇਰੀ ਕਿਰਤ ਦਾ ਪੁਲ਼ ਨਹੀਂਓਂ ਖੁੱਲ੍ਹਦਾ
ਗਏ ਕਿੱਥੇ, ਖੜ੍ਹੇ ਸੀ ਨਾਲ ਜਿਹੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਤੈਨੂੰ ਲਾਰਿਆਂ ਦੇ ਗੱਫੇ ਨਾਲ ਧੱਕੇ ਨੇ,
ਸਾਰੀ ਦੁਨੀਆ ਨੇ ਸ਼ਰੇਆਮ ਤੱਕੇ ਨੇ
ਤੇਰੀ ਜ਼ਿੰਦਗੀ ਪਏਗੀ ਕਦੋਂ ਰੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਬੱਚੇ ਰੁਲ਼ਦੇ ਇਲਾਜ ਖੁਣੋਂ ਦਿਸਦੇ,
ਕਾਰਖਾਨਿਆਂ ਤੇ ਮਿੱਲਾਂ ਵਿੱਚ ਪਿਸਦੇ
ਕਦੋਂ ਘਰ ਤੇਰੇ ਆਉਣੇ ਦੱਸ ਖੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਗਾਲ੍ਹਾਂ ਖਾਂਦਾ, ਘੁੱਟ ਸਬਰਾਂ ਦਾ ਪੀਂਦਾ ਏ,
ਇਸ ਜ਼ਿੰਦਗੀ ਨੂੰ ਘੁੱਟ-ਘੁੱਟ ਜਿਊਂਦਾ ਏਂ
ਖ਼ੁਸ਼ੀ ਜ਼ਿੰਦਗੀ ਦੇ ਖੜ੍ਹਦੀ ਨਾ ਨੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਤੇਰੇ ਨਾਂ ਉੱਤੇ ਵੱਜਦਾ ਦਿਹਾੜਾ ਏ,
ਪਰ ਮਿਲਦਾ ਨਾ ਤੈਨੂੰ ਪੂਰਾ ਭਾੜਾ ਏ
ਪਾਇਆ ਮੁਕਤੀ ਲਈ ਡੇਰਿਆਂ ਦੇ ਗੇੜੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਤੇਰੇ ਮੁੜ੍ਹਕੇ ਦਾ ਮੁੱਲ ਕਈ ਵੱਟਦੇ,
ਤੇਰੀ ਸੱਚੀ-ਸੁੱਚੀ ਕਿਰਤ ਨੂੰ ਚੱਟਦੇ।
ਲਾਈ ਰੱਖਦੇ ਨੇ ਚਿਹਰਿਆਂ 'ਤੇ ਚਿਹਰੇ
ਕਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਕਦੋਂ ਆਊਗੀ ਸਵੇਰ ਤੇਰੇ ਵਿਹੜੇ
ਅੱਖ ਪੁੱਟ ਲੈ ਤੇ ਵਿੱਦਿਆ ਖਿੰਡਾ ਦੇ,
ਇਹ ਗਿਆਨ ਬੱਚਿਆਂ ਦੀ ਝੋਲੀ ਪਾ ਦੇ
ਰੱਬੀ ਖੁੱਲ੍ਹਣੇ, ਜੋ ਖ਼ੁਸ਼ੀ ਦਰ ਭੇੜੇ
ਉਦੋਂ ਖੁੱਲ੍ਹਣੀ ਏਂ ਅੱਖ ਤੇਰੀ ਦੋਸਤਾ,
ਉਦੋਂ ਆਊਗੀ ਸਵੇਰ ਤੇਰੇ ਵਿਹੜੇ

## ਧੀ ਤੇ ਮਾਪੇ

ਅਮਰਬੀਰ ਸਿੰਘ ਚੀਮਾ

ਕੈਨੇਡਾ ਦੇ ਦੂਰ ਨੇ ਪੈਂਡੇ, ਵਤਨਾਂ ਤੋਂ ਦੂਰ ਨੇ ਪੈਂਡੇ
ਸੌਖਾ ਹੁਣ ਮਿਲਣਾ ਨਹੀਂ, ਪਰਤਣ ਨੂੰ ਲੱਗਣੇ ਕਈ ਸਾਲ
ਬਾਬਲਾ, ਮੰਦਾ 'ਕੱਲੀ ਦਾ ਮੇਰਾ ਹਾਲ, ਅੰਮੀਏ ਮੰਦਾ ਇੱਥੇ 'ਕੱਲੀ ਦਾ ਏ ਹਾਲ
ਧੀਏ ਤੂੰ ਹੱਸਦੀ ਰਹਿ ਨੀ, ਰੰਗੀਂ ਸਦਾ ਵੱਸਦੀ ਰਹਿ ਨੀ,
ਪੱਗ ਦੀ ਲਾਜ ਤੂੰ ਰੱਖੀਂ, ਬਣੀ ਸਦਾ ਰਹੀਂ ਸਾਡੀ ਢਾਲ
ਸਾਡਾ ਵੀ ਇਹੋ ਇੱਥੇ ਹਾਲ, ਧੀ ਰਾਣੀਏ, ਸਾਡਾ ਵੀ ਇਹੋ ਇੱਥੇ ਹਾਲ
ਕਿੱਦਾਂ ਮੇਰੇ ਗੁੱਡੀਆਂ-ਪਟੋਲੇ, ਕਿੱਦਾਂ ਨੇ ਸੰਗੀ ਗਰਾਂ ਦੇ
ਹਰ ਸ਼ੌਕ ਪੁਗਾ ਦੇਊਂਗੀ ਮੈਂ, ਬਾਬਲ ਤੇ ਮੇਰੀ ਮਾਂ ਦੇ
ਚੰਗੇ ਦਿਨ ਪਰਤਣਗੇ, ਵਕਤ ਦੀ ਪੁੱਠੀ ਹਾਲੇ ਚਾਲ
ਬਾਬਲਾ, ਮੰਦਾ 'ਕੱਲੀ ਦਾ ਮੇਰਾ ਹਾਲ, ਅੰਮੀਏ, ਮੰਦਾ ਇੱਥੇ 'ਕੱਲੀ ਦਾ ਏ ਹਾਲ
ਕਮਰਾ ਵੱਢ ਖਾਣ ਨੂੰ ਆਉਂਦਾ,ਜਿੱਥੇ ਤੂੰ ਪੜ੍ਹਦੀ ਹੁੰਦੀ ਸੀ
ਨਿੱਤ ਦਿਨ ਤੂੰ ਝੂਠੀ-ਮੂਠੀ, ਸਾਡੇ ਨਾਲ ਲੜਦੀ ਹੁੰਦੀ ਸੀ
ਵੱਸ ਜੇ ਸਾਡਾ ਚੱਲਦਾ ਹੁੰਦਾ, ਟੱਪਦੇ ਸਮੁੰਦਰ ਮਾਰ ਛਾਲ
ਧੀ ਰਾਣੀਏ, ਸਾਡਾ ਵੀ ਇਹੋ ਇੱਥੇ ਹਾਲ, ਸਾਡਾ ਵੀ ਇਹੋ ਇੱਥੇ ਹਾਲ
ਕਰ ਤੁਸੀਂ ਕਰੋ ਨਾ ਝੋਰਾ, ਇੱਕ ਦਿਨ ਚੁੱਕ ਦੇਊਂ ਗ਼ਰੀਬੀ
ਰੰਗ ਹਾਲੇ ਨਿੱਤ ਬਦਲਦੇ, ਸਭ ਰਿਸ਼ਤੇਦਾਰ ਕਰੀਬੀ
ਪੜ੍ਹਨੈ ਤੇ ਕੰਮ ਵੀ ਕਰਨੈ, ਬਰਫ਼ਾਂ 'ਚ ਰਹਿੰਦੇ ਹੱਥ ਲਾਲ
ਬਾਬਲਾ, ਮੰਦਾ 'ਕੱਲੀ ਦਾ ਮੇਰਾ ਹਾਲ, ਅੰਮੀਏ, ਮੰਦਾ ਇੱਥੇ 'ਕੱਲੀ ਦਾ ਏ ਹਾਲ
ਮਾਂ ਤੇ ਦਾਦੀ ਰਲ ਦੋਵੇਂ, ਕੋਟੀ ਤੇਰੀ ਬੁਣਦੀਆਂ ਰਹਿੰਦੀਆਂ
ਤਰੀਕ ਤੇਰੀ ਪੀ.ਆਰ. ਦੀ, ਕਲੰਡਰ 'ਤੇ ਖੁਣਦੀਆਂ ਰਹਿੰਦੀਆਂ
ਹਰ ਦਿਨ ਉਡੀਕਣ ਤੈਨੂੰ, ਭਰੀਆਂ ਹੋਈਆਂ ਅੱਖੀਆਂ ਦੇ ਨਾਲ
ਧੀ ਰਾਣੀਏ, ਸਾਡਾ ਵੀ ਇਹੋ ਇੱਥੇ ਹਾਲ, ਸਾਡਾ ਵੀ ਇਹੋ ਇੱਥੇ ਹਾਲ

## ਜੀ ਐੱਸ ਟੀ

ਹਰਪ੍ਰੀਤ ਪੱਤੋ




ਜੀ ਐੱਸ ਟੀ ਕਹਿੰਦੇ ਘੱਟ ਕੀਤਾ,
ਘੱਟ ਕਰਕੇ ਕੀਤਾ ਕੀ ਦੱਸੋ।
ਉਹੀ ਬਾਹਾਂ, ਕੁਹਾੜੀ ਰਹੀ ਉਹੀ,
ਕੰਮ ਉੱਥੇ ਹੈ, ਜਿੱਥੇ ਸੀ ਦੱਸੋ।
ਮਹਿੰਗਾਈ ਲੋਕਾਂ ਦੇ ਵੱਟ ਕੱਢੇ,
ਮਹਿੰਗੇ ਆਟਾ, ਗੁੜ ਤੇ ਘੀ ਦੱਸੋ।
ਬੰਦਾ ਦੱਸ ਕੀ ਖਾਵੇ ਤੇ ਕੀ ਛੱਡੇ,
ਮੁਸ਼ਕਲ ਹੁੰਦਾ ਇੱਥੇ ਜੀ ਦੱਸੋ।
ਝੂਠ ਬੋਲਦੇ ਲੀਡਰ ਸਟੇਜਾਂ 'ਤੇ,
ਗੱਲ ਸੱਚ ਤੋਂ ਹੈ ਦੂਰ ਹੀ 'ਪੱਤੋ'।
ਵੋਟਾਂ ਵੇਲੇ ਆਈਏ ਵਿੱਚ ਗੱਲਾਂ,
ਭੁੱਲ ਜਾਈਏ ਨਸ਼ਾ ਪੀ ਦੱਸੋ।
ਦੋਸ਼ ਨੇਤਾ ਨੂੰ ਫਿਰ ਕਿਉਂ ਦੇਈਏ,
ਦੋਸ਼ੀ ਅਸੀਂ ਬਰਾਬਰ ਵੀ ਦੱਸੋ।
ਚਿੜੀਆਂ ਚੁਗ ਜਾਂਦੀਆਂ ਖੇਤ ਨੇ ਜਦ,
ਪਿੱਛੇ ਰਹਿ ਜਾਂਦੀ ਚੀਂ ਚੀਂ ਦੱਸੋ।

## ਦਰਦ ਪੰਜਾਬ ਦਾ

ਚਰਨ ਸਿੰਘ ਮਾਹੀ



ਹੁੰਦਾ ਮੁਰਝਾਇਆ ਜਿਵੇਂ ਫ਼ੁੱਲ ਕੋਈ ਗੁਲਾਬ ਦਾ।
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਬਾਗ ਦਿਆਂ ਮਾਲੀਆਂ ਨੇ ਬਾਗ਼ ਨੂੰ ਉਜਾੜਿਆ
ਕਲੀਆਂ ਮਾਸੂਮਾਂ ਤਾਈਂ ਪੈਰਾਂ 'ਚ ਲਤਾੜਿਆ
ਫ਼ੁੱਲ ਮੁਰਝਾ ਗਿਆ ਏ ਸੱਜਰੇ ਗੁਲਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਦੁੱਧ ਦਹੀਂ ਵਾਲੇ ਇੱਥੇ ਵਗਦੇ ਪਏ ਖਾਲ ਸੀ
ਜੀਵਨ ਸੁਖੀ ਸੀ ਲੋਕ ਬੜੇ ਖੁਸ਼ਹਾਲ ਸੀ
ਲਹੂ ਨਾਲ ਲਾਲ ਹੋਇਆ ਰੰਗ ਇਹਦੇ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਹਿੰਦੂ ਮੁਸਲਮਾਨ ਇੱਥੇ ਸਿੱਖ ਤੇ ਇਸਾਈ ਸੀ
ਧਰਮਾਂ ਦਾ ਸਾਂਝਾ, ਨਾ ਕੋਈ ਦਿਲ 'ਚ ਬੁਰਾਈ ਸੀ
ਪੈ ਗਿਆ ਪੁਆੜਾ ਇੱਥੇ ਧਰਮਾਂ ਦੀ ਆੜ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਲੱਗਦਾ ਏ ਨਜ਼ਰ ਕਿਸੇ ਚੰਦਰੇ ਦੀ ਲੱਗ ਗਈ
ਜ਼ੁਲਮਾਂ ਦੀ ਅੱਗ ਬੜੇ ਜ਼ੋਰ ਨਾਲ ਮਘ ਗਈ
ਬੁਝਦੀ ਨਾ ਅੱਗ ਲਾਇਆ ਜ਼ੋਰ ਬੇਹਿਸਾਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।
ਆਉ ਸਾਰੇ ਰਲਮਿਲ ਖ਼ੈਰ ਇਹਦੀ ਮੰਗੀਏ
ਸੱਚੇ ਰੱਬ ਕੋਲੋਂ ਆਪਾਂ ਮੰਗਦੇ ਨਾ ਸੰਗੀਏ
ਮੁੜ ਆਵੇ ਨੂਰ 'ਮਾਹੀ' ਚਿਹਰਿਆਂ ਦੀ ਆਬ ਦਾ
ਲੈ ਗਿਆ ਚੁਰਾ ਕੇ ਕੋਈ ਅਮਨ ਪੰਜਾਬ ਦਾ।

# ਮਨੀਪੁਰ ਨੂੰ ਮੁੱਕੇਬਾਜ਼ੀ ਦੇ ਵਿਸ਼ਵ ਮੰਚ 'ਤੇ ਲਿਆਉਣ ਵਾਲੀ ਮੈਰੀ ਕੋਮ





**ਸਾਲ 2012 ਵਿੱਚ ਲੰਡਨ ਦੀਆਂ ਉਲੰਪਿਕ ਖੇਡਾਂ 'ਚੋਂ ਉਹ ਕਾਂਸੀ ਦਾ ਤਗ਼ਮਾ ਜਿੱਤ ਕੇ ਮੁੜੀ ਤਾਂ ਮਨੀਪੁਰ ਸਰਕਾਰ ਨੇ 50 ਲੱਖ ਰੁਪਏ, ਰਾਜਸਥਾਨ ਸਰਕਾਰ ਨੇ 25 ਲੱਖ ਰੁਪਏ, ਅਸਾਮ ਸਰਕਾਰ ਨੇ 20 ਲੱਖ ਰੁਪਏ, ਅਰੁਣਾਚਲ ਪ੍ਰਦੇਸ਼ ਸਰਕਾਰ ਨੇ 10 ਲੱਖ ਰੁਪਏ, ਮਨਿਸਟਰੀ ਆਫ ਟ੍ਰਾਈਬਲ ਅਫੇਅਰਜ਼ ਨੇ 10 ਲੱਖ ਰੁਪਏ ਤੇ ਨਾਰਥ ਈਸਟਰਨ ਕੌਂਸਲ ਨੇ 40 ਲੱਖ ਰੁਪਏ ਦੇ ਨਕਦ ਇਨਾਮ ਦਿੱਤੇ। 2018 ਵਿੱਚ ਮਨੀਪੁਰ ਸਰਕਾਰ ਨੇ ਉਸ ਨੂੰ 'ਮੀਥੋਈਲੀਮਾ' ਦਾ ਮਹਾਨ ਖ਼ਿਤਾਬ ਦਿੱਤਾ।**

**ਪ੍ਰਿੰਸੀਪਲ ਸਰਵਣ ਸਿੰਘ**

ਮੈਰੀ ਕੋਮ ਨੂੰ 'ਮੈਗਨੀਫੀਸੈਂਟ ਕੋਮ' ਵੀ ਕਿਹਾ ਜਾਂਦੈ। ਉਹ ਵੇਖਣ ਨੂੰ ਓਨੀ ਨਹੀਂ ਲੱਗਦੀ ਜਿੰਨੀ ਹੈਗੀ। ਉਹਦਾ ਕੱਦ 5 ਫੁੱਟ ਤੋਂ ਰਤਾ ਕੁ ਉੱਚਾ ਤੇ ਵਜ਼ਨ 50 ਕਿਲੋ ਦੇ ਕਰੀਬ ਰਿਹਾ। ਕੱਦ ਕਾਠ ਵੱਲੋਂ ਜਿੰਨੀ ਨਿੱਕੀ ਸੀ ਓਨੀ ਹੀ ਤਿੱਖੀ ਨਿਕਲੀ। ਉਸ ਨੇ ਭਾਰਤ ਦੇ ਛੋਟੇ ਜਿਹੇ ਰਾਜ ਮਨੀਪੁਰ ਨੂੰ ਮੁੱਕੇਬਾਜ਼ੀ ਵਿੱਚ ਵਿਸ਼ਵ ਦੇ ਨਕਸ਼ੇ ਉੱਤੇ ਲੈ ਆਂਦਾ। ਪਹਾੜਾਂ ਦੀਆਂ ਵਾਦੀਆਂ ਨੂੰ ਖੇਤੀਯੋਗ ਬਣਾਉਣ ਵਾਲੇ ਮੁਜਾਰੇ ਕਿਸਾਨਾਂ ਦੀ ਇਸ ਧੀ ਨੇ ਮੁੱਕੇਬਾਜ਼ੀ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ 'ਚੋਂ 8 ਮੈਡਲ ਜਿੱਤ ਵਿਖਾਏ ਜਿਨ੍ਹਾਂ ਵਿੱਚੋਂ 6 ਗੋਲਡ ਮੈਡਲ ਹਨ। ਇੰਜ ਕਹਿ ਲਓ ਕਿ ਉਹਨੇ ਆਪਣੇ ਵਜ਼ਨ ਵਰਗ ਵਿੱਚ ਛੇ ਵਾਰ ਕੁਲ ਦੁਨੀਆ 'ਤੇ ਝੰਡੀ ਕੀਤੀ।

ਉਹ ਭਾਰਤ ਦੀ ਪਹਿਲੀ ਮੁੱਕੇਬਾਜ਼ ਹੈ ਜੋ ਏਸ਼ਿਆਈ ਖੇਡਾਂ, ਕਾਮਨਵੈੱਲਥ ਖੇਡਾਂ ਤੇ ਉਲੰਪਿਕ ਖੇਡਾਂ ਦੇ ਜਿੱਤ-ਮੰਚਾਂ ਉਤੇ ਚੜ੍ਹੀ। ਭਾਰਤ ਸਰਕਾਰ ਨੇ ਉਸ ਨੂੰ ਅਰਜਨ ਐਵਾਰਡ ਤੋਂ ਲੈ ਕੇ ਪਦਮ ਸ੍ਰੀ, ਪਦਮ ਭੂਸ਼ਨ ਤੇ ਪਦਮ ਵਿਭੂਸ਼ਨ ਪੁਰਸਕਾਰਾਂ ਨਾਲ ਸਨਮਾਨਿਆ।

ਉਹ ਭਾਰਤ ਦੇ ਰਾਸ਼ਟਰਪਤੀ ਵੱਲੋਂ ਰਾਜ ਸਭਾ ਦੀ ਮਾਣਯੋਗ ਮੈਂਬਰ ਨਾਮਜ਼ਦ ਕੀਤੀ ਗਈ ਜੋ 25 ਅਪ੍ਰੈਲ 2016 ਤੋਂ 24 ਅਪ੍ਰੈਲ 2022 ਤੱਕ ਉੱਚ ਸਦਨ ਦੀ ਮੈਂਬਰ ਰਹੀ। ਉਸ ਦੀ ਅਜੋਕੀ ਰਿਹਾਇਸ਼ ਦਿੱਲੀ ਨੇੜੇ ਸੂਰਜ ਕੁੰਡ, ਫਰੀਦਾਬਾਦ ਵਿੱਚ ਹੈ।

ਮੈਰੀ ਕੋਮ ਦਾ ਪੂਰਾ ਨਾਂ ਮਾਂਗਟੇ ਚੁੰਗਨੇਈਜਾਂਗ ਹੈ। ਉਹ ਮਨੀਪੁਰ ਦੇ ਕੋਮ ਕਬੀਲੇ ਦੀ ਧੀ ਹੈ। ਉਹਦਾ ਜਨਮ 24 ਨਵੰਬਰ 1982 ਨੂੰ ਪਿੰਡ ਕਾਂਗਾਥੇਈ, ਜ਼ਿਲ੍ਹਾ ਚੂਰਾਚਨਪੁਰ ਵਿੱਚ ਪਿਤਾ ਮਾਂਗਟੇ ਟੋਂਪਾ ਕੋਮ ਤੇ ਮਾਤਾ ਮਾਂਗਟੇ ਆਖਮ ਕੋਮ ਦੇ ਘਰ ਹੋਇਆ। ਉਨ੍ਹੀਂ ਦਿਨੀਂ ਨਵੀਂ ਦਿੱਲੀ 'ਚ 9ਵੀਆਂ ਏਸ਼ਿਆਈ ਖੇਡਾਂ ਹੋ ਰਹੀਆਂ ਸਨ ਜਿਨ੍ਹਾਂ ਸਦਕਾ ਦੇਸ਼ ਵਿੱਚ ਖੇਡਾਂ ਦਾ ਖ਼ੂਬ ਮਾਹੌਲ ਬਣਿਆ ਹੋਇਆ ਸੀ, ਪਰ ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿੱਚ ਵੀ ਨਹੀਂ ਹੋਣਾ ਕਿ ਗ਼ਰੀਬ ਮਾਪਿਆਂ ਦੀ ਸਾਧਾਰਨ ਬੱਚੀ ਮੁੱਕੇਬਾਜ਼ੀ ਦੀ ਖੇਡ 'ਚ ਵਿਸ਼ਵ ਪੱਧਰ ਦੀਆਂ ਵੱਡੀਆਂ ਮੱਲਾਂ ਮਾਰੇਗੀ। ਉਸ ਦੇ ਮਾਪੇ 'ਝੂਮ' ਖੇਤਾਂ ਵਿੱਚ ਸਖ਼ਤ ਮਿਹਨਤ ਕਰਦੇ ਸਨ। ਉਹ ਮਾਪਿਆਂ ਦੀ ਪਲੇਠੀ ਧੀ ਸੀ। ਉਸ ਪਿੱਛੋਂ ਇੱਕ ਭੈਣ ਤੇ ਇੱਕ ਭਰਾ ਪੈਦਾ ਹੋਏ। ਉਨ੍ਹਾਂ ਦਾ ਪਰਿਵਾਰ ਇਸਾਈ ਮੱਤ ਦਾ ਧਾਰਨੀ ਹੈ। ਮੈਰੀ ਕੋਮ ਨਿੱਕੀ ਹੁੰਦੀ ਹੀ ਮਾਪਿਆਂ ਦੇ ਕੰਮਾਂ ਕਾਰਾਂ 'ਚ ਹੱਥ ਵਟਾਉਣ ਲੱਗ ਪਈ ਸੀ। ਉਹਦਾ ਪਿਤਾ ਪਹਿਲਵਾਨੀ ਦਾ ਸ਼ੌਕ ਰੱਖਦਾ ਸੀ।

ਉਸ ਦੀ ਮੁੱਢਲੀ ਪੜ੍ਹਾਈ ਲੋਕਤਕ ਕ੍ਰਿਸ਼ਚੀਅਨ ਮਾਡਲ ਸਕੂਲ ਮੋਈਰਾਂਗ ਵਿੱਚ ਹੋਈ। ਛੇਵੀਂ ਜਮਾਤ ਪਿੱਛੋਂ ਉਹ ਸੰਤ ਜ਼ੇਵੀਅਰ'ਜ਼ ਕੈਥੋਲਿਕ ਸਕੂਲ ਮੋਈਰਾਂਗ ਵਿੱਚ ਪੜ੍ਹਨ ਲੱਗੀ। ਨੌਵੀਂ-ਦਸਵੀਂ ਦੀ ਪੜ੍ਹਾਈ ਤੇ ਖੇਡ ਸਿੱਖਿਆ ਲੈਣ ਲਈ ਉਹ ਸਪੋਰਟਸ ਦੇ ਆਦਿਮਜਤੀ ਹਾਈ ਸਕੂਲ ਇੰਫਾਲ ਵਿੱਚ ਦਾਖ਼ਲ ਹੋ ਗਈ। ਉੱਥੇ ਉਹ ਪੜ੍ਹਾਈ ਨਾਲ ਖੇਡਾਂ ਵੀ ਖੇਡਣ ਲੱਗੀ। ਉਨ੍ਹੀਂ ਦਿਨੀਂ ਮਨੀਪੁਰ ਦਾ ਮੁੱਕੇਬਾਜ਼ ਡਿੰਗਕੋ ਸਿੰਘ ਮੁੱਕੇਬਾਜ਼ੀ ਦਾ ਏਸ਼ੀਆ ਚੈਂਪੀਅਨ ਬਣਿਆ। ਉੱਥੋਂ ਦੇ ਵਿਦਿਆਰਥੀ ਉਸ ਨੂੰ ਆਪਣਾ ਹੀਰੋ ਮੰਨਣ ਲੱਗੇ। ਮੈਰੀ ਕੋਮ ਅਥਲੈਟਿਕਸ ਛੱਡ ਕੇ ਮੁੱਕੇਬਾਜ਼ੀ ਵਿੱਚ ਦਿਲਚਸਪੀ ਲੈਣ ਲੱਗੀ, ਪਰ ਉਸ ਦੇ ਪਹਿਲਵਾਨ ਪਿਤਾ ਨੂੰ ਧੀ ਦਾ ਮੁੱਕੇਬਾਜ਼ੀ ਕਰਨਾ ਪਸੰਦ ਨਹੀਂ ਸੀ। ਉਹ ਸਮਝਦਾ ਸੀ ਕਿ ਮੁੱਕੇਬਾਜ਼ੀ ਨਾਲ ਉਸ ਦੀ ਧੀ ਦਾ ਚਿਹਰਾ ਕਰੂਪ ਹੋ ਜਾਵੇਗਾ ਜੋ ਉਸ ਦੀ ਸ਼ਾਦੀ ਕਰਨ ਵੇਲੇ ਮੁਸ਼ਕਿਲ ਪੈਦਾ ਕਰੇਗਾ, ਪਰ ਮੈਰੀ ਦੀ ਮਾਂ ਆਪਣੀ ਧੀ ਨੂੰ ਮੁੱਕੇਬਾਜ਼ੀ ਦੀ ਖੁੱਲ੍ਹ ਦੇਣ ਲਈ ਰਾਜ਼ੀ ਸੀ। ਬੇਸ਼ੱਕ ਬਾਪ, ਧੀ ਨੂੰ ਮੁੱਕੇਬਾਜ਼ੀ ਤੋਂ ਰੋਕਦਾ ਰਿਹਾ, ਪਰ ਮੈਰੀ ਬਾਪ ਦੀ ਇੱਛਾ ਦੇ ਉਲਟ ਮੁੱਕੇਬਾਜ਼ੀ ਕਰਨ ਤੋਂ ਪਿੱਛੇ ਨਾ ਹਟੀ। ਜਦੋਂ ਉਹਦੀ ਜਿੱਤ ਦੀਆਂ ਤਸਵੀਰਾਂ ਅਖ਼ਬਾਰਾਂ ਵਿੱਚ ਛਪਣ ਲੱਗੀਆਂ ਤੇ ਉਨ੍ਹਾਂ ਦੇ ਪਰਿਵਾਰ ਦੀ ਸ਼ੋਭਾ ਹੋਣ ਲੱਗੀ ਤਾਂ ਬਾਪ ਨੇ ਵੀ ਧੀ ਨੂੰ ਮੁੱਕੇਬਾਜ਼ੀ ਲਈ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ।

ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚੋਂ ਇੱਕ ਮੈਡਲ ਜਿੱਤ ਲੈਣਾ ਹੀ ਮਾਣ ਨਹੀਂ ਹੁੰਦਾ। ਮੈਰੀ ਕੋਮ ਨੇ ਤਾਂ ਡੇਢ ਦਰਜਨ ਤੋਂ ਵੀ ਵੱਧ ਮੈਡਲ ਜਿੱਤ ਵਿਖਾਏ ਨੇ। ਉਸ ਨੇ ਏਸ਼ਿਆਈ ਚੈਂਪੀਅਨਸ਼ਿਪਾਂ ਵਿੱਚੋਂ 5 ਗੋਲਡ ਤੇ 2 ਸਿਲਵਰ, ਏਸ਼ਿਆਈ ਇਨਡੋਰ ਗੇਮਜ਼ ਵਿੱਚੋਂ 1 ਗੋਲਡ, ਕਾਮਨਵੈਲਥ ਖੇਡਾਂ 'ਚੋਂ 1 ਗੋਲਡ, ਏਸ਼ਿਆਈ ਖੇਡਾਂ 'ਚੋਂ 1 ਗੋਲਡ ਤੇ 1 ਕਾਂਸੀ, ਉਲੰਪਿਕ ਖੇਡਾਂ ਵਿੱਚੋਂ 1 ਕਾਂਸੀ ਅਤੇ ਵਿਸ਼ਵ ਚੈਂਪੀਅਨਸ਼ਿਪਾਂ ਵਿੱਚੋਂ 6 ਗੋਲਡ 1 ਸਿਲਵਰ ਤੇ 1 ਕਾਂਸੀ ਦਾ ਮੈਡਲ ਜਿੱਤੇ। ਵਿਸ਼ਵ ਅਤੇ ਮਹਾਂਦੀਪਾਂ ਦੀਆਂ ਵੱਡੀਆਂ ਖੇਡਾਂ 'ਚੋਂ ਉਸ ਦੇ ਜਿੱਤੇ ਕੁਲ ਮੈਡਲਾਂ ਦੀ ਗਿਣਤੀ 19 ਹੈ। ਉਹ ਵਿਸ਼ਵ ਦੀ ਪਹਿਲੀ ਮੁੱਕੇਬਾਜ਼ ਹੈ ਜਿਸ ਨੇ 24 ਨਵੰਬਰ 2018 ਤੱਕ ਮੁੱਕੇਬਾਜ਼ੀ ਦੀਆਂ ਵਿਸ਼ਵ ਚੈਂਪੀਅਨਸ਼ਿਪਾਂ ਵਿੱਚੋਂ 6 ਗੋਲਡ ਮੈਡਲ ਜਿੱਤ ਕੇ ਨਵਾਂ ਵਿਸ਼ਵ ਰਿਕਾਰਡ ਰੱਖਿਆ।

ਉਸ ਨੂੰ 'ਮੈਰੀ ਮੈਗਨੀਫੀਸੈਂਟ' ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਏ ? ਉਹ ਪਹਿਲੀ ਮੁੱਕੇਬਾਜ਼ ਹੈ ਜਿਹੜੀ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪਾਂ 'ਚੋਂ 6 ਸੋਨੇ, 1 ਚਾਂਦੀ ਤੇ 1 ਕਾਂਸੀ ਦਾ ਮੈਡਲ ਜਿੱਤੀ। ਰਾਜ ਅਤੇ ਨੈਸ਼ਨਲ ਪੱਧਰ ਦੇ ਤਗ਼ਮੇ ਜਿੱਤਣ ਦਾ ਤਾਂ ਕੋਈ ਲੇਖਾ ਹੀ ਨਹੀਂ।




## ਟੀ-20 ਵਿਸ਼ਵ ਕੱਪ

# ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਨਾਲ ਹਰਾ ਕੇ ਸੁਪਰ-8 'ਚ ਬਣਾਈ ਥਾਂ

ਕੋਲੰਬੋ/ਏ.ਟੀ.ਨਿਊਜ਼: ਟੀ-20 ਵਰਲਡ ਕੱਪ 2026 ਦੇ ਸਭ ਤੋਂ ਵੱਡੇ ਮੁਕਾਬਲੇ ਵਿੱਚ ਭਾਰਤ ਨੇ ਪਾਕਿਸਤਾਨ ਨੂੰ 61 ਦੌੜਾਂ ਦੇ ਵੱਡੇ ਅੰਤਰ ਨਾਲ ਹਰਾ ਕੇ ਇਤਿਹਾਸ ਰਚ ਦਿੱਤਾ ਹੈ। ਟੂਰਨਾਮੈਂਟ ਦੇ ਇਤਿਹਾਸ ਵਿੱਚ ਦੌੜਾਂ ਦੇ ਲਿਹਾਜ਼ ਨਾਲ ਪਾਕਿਸਤਾਨ ਵਿਰੁੱਧ ਇਹ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜਿੱਤ ਹੈ। ਇਸ ਜਿੱਤ ਦੇ ਨਾਲ ਹੀ ਭਾਰਤੀ ਟੀਮ ਲਗਾਤਾਰ ਤਿੰਨ ਮੈਚ ਜਿੱਤ ਕੇ ਗਰੁੱਪ-ਏ ਦੀ ਅੰਕ ਸੂਚੀ ਵਿੱਚ ਸਿਖਰ 'ਤੇ ਪਹੁੰਚ ਗਈ ਹੈ ਅਤੇ ਸੁਪਰ-8 ਰਾਊਂਡ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ।

ਲੰਘੇ ਦਿਨੀਂ ਦਿਨੀਂ ਕੋਲੰਬੋ ਦੇ ਆਰ. ਪ੍ਰੇਮਦਾਸਾ ਸਟੇਡੀਅਮ ਵਿੱਚ 176 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਭਾਰਤੀ ਗੇਂਦਬਾਜ਼ਾਂ ਦੇ ਕਹਿਰ ਅੱਗੇ ਟਿਕ ਨਾ ਸਕੀ ਅਤੇ 18 ਓਵਰਾਂ ਵਿੱਚ ਮਹਿਜ਼ 114 ਦੌੜਾਂ 'ਤੇ ਆਲਆਊਟ ਹੋ ਗਈ।

ਭਾਰਤ ਦੀ ਇਸ ਜਿੱਤ ਦੀ ਨੀਂਹ ਈਸ਼ਾਨ ਕਿਸ਼ਨ ਨੇ ਰੱਖੀ, ਜਿਨ੍ਹਾਂ ਨੇ 40 ਗੇਂਦਾਂ ਵਿੱਚ 77 ਦੌੜਾਂ ਦੀ ਤੂਫ਼ਾਨੀ ਪਾਰੀ ਖੇਡੀ। ਕਪਤਾਨ ਸੂਰਿਆਕੁਮਾਰ ਯਾਦਵ ਨੇ ਵੀ 32 ਦੌੜਾਂ ਦਾ ਅਹਿਮ ਯੋਗਦਾਨ ਪਾਇਆ। ਗੇਂਦਬਾਜ਼ੀ ਵਿੱਚ ਜਸਪ੍ਰੀਤ




ਬੁਮਰਾਹ, ਅਕਸ਼ਰ ਪਟੇਲ, ਵਰੁਣ ਚੱਕਰਵਰਤੀ ਅਤੇ ਹਾਰਦਿਕ ਪਾਂਡਿਆ ਨੇ 2-2 ਵਿਕਟਾਂ ਝਟਕ ਕੇ ਪਾਕਿਸਤਾਨੀ ਬੱਲੇਬਾਜ਼ੀ ਦੀ ਕਮਰ ਤੋੜ ਦਿੱਤੀ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਮੈਚ ਦੀ ਸ਼ੁਰੂਆਤ 'ਚ ਹੀ ਸਖ਼ਤ ਸੁਨੇਹਾ ਦਿੰਦਿਆਂ ਦੋਵਾਂ ਟੀਮਾਂ ਦੇ ਕਪਤਾਨਾਂ ਨੇ ਆਪਸ ਵਿੱਚ ਹੱਥ ਨਹੀਂ ਮਿਲਾਇਆ ਸੀ। ਇਹ ਫੈਸਲਾ ਪਹਿਲਗਾਮ ਅਤਿਵਾਦੀ ਹਮਲੇ ਦੇ ਵਿਰੋਧ ਵਿੱਚ ਲਿਆ ਗਿਆ ਸੀ। ਮੈਚ ਤੋਂ ਪਹਿਲਾਂ ਮਸ਼ਹੂਰ ਰੈਪਰ ਹਨੂਮਾਨਕਾਈਂਡ ਨੇ ਆਪਣੀ ਪਰਫਾਰਮੈਂਸ ਨਾਲ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ, ਜਦੋਂਕਿ ਸਾਬਕਾ ਕਪਤਾਨ ਰੋਹਿਤ ਸ਼ਰਮਾ ਵੀ ਖ਼ੁਦ ਟੀਮ ਦਾ ਹੌਸਲਾ ਵਧਾਉਣ ਸਟੇਡੀਅਮ ਪਹੁੰਚੇ ਸਨ।

ਜ਼ਿਕਰਯੋਗ ਹੈ ਕਿ ਭਾਰਤ ਨੇ ਪਿਛਲੇ ਸਾਲ ਏਸ਼ੀਆ ਕੱਪ ਦੇ ਫਾਈਨਲ ਵਿੱਚ ਪਾਕਿਸਤਾਨ ਨੂੰ 5 ਵਿਕਟਾਂ ਨਾਲ ਹਰਾਇਆ ਸੀ, ਇਸਤੋਂ ਪਹਿਲਾ ਵੀ ਭਾਰਤ ਨੇ 2007 ਅਤੇ 2024 ਵਿੱਚ ਟੀ-20 ਵਿਸ਼ਵ ਕੱਪ ਜਿੱਤਿਆ ਹੈ, ਫਾਈਨਲ ਵਿੱਚ ਪਾਕਿਸਤਾਨ ਨੂੰ ਹਰਾ ਕੇ ਆਪਣਾ ਪਹਿਲਾ ਖ਼ਿਤਾਬ ਜਿੱਤਿਆ ਹੈ।

## ਈਸ਼ਾਨ ਕਿਸ਼ਨ ਬਣੇ 'ਪਲੇਅਰ ਆਫ਼ ਦ ਮੈਚ'



ਭਾਰਤ ਨੇ ਆਈਸੀਸੀ ਟੀ-20 ਵਿਸ਼ਵ ਕੱਪ 2026 ਦੇ ਮੈਚ ਵਿੱਚ ਪਾਕਿਸਤਾਨ ਵਿਰੁੱਧ 61 ਦੌੜਾਂ ਨਾਲ ਵੱਡੀ ਜਿੱਤ ਦਰਜ ਕੀਤੀ। ਈਸ਼ਾਨ ਕਿਸ਼ਨ ਨੂੰ 40 ਗੇਂਦਾਂ 'ਤੇ 10 ਚੌਕਿਆਂ ਅਤੇ 3 ਛੱਕਿਆਂ ਸਮੇਤ 77 ਦੌੜਾਂ ਦਾ ਸ਼ਾਨਦਾਰ ਅਰਧ ਸੈਂਕੜਾ ਲਗਾਉਣ ਲਈ 'ਪਲੇਅਰ ਆਫ ਦ ਮੈਚ' ਦਾ ਪੁਰਸਕਾਰ ਮਿਲਿਆ। ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਈਸ਼ਾਨ ਨੇ ਕਿਹਾ ਕਿ ਵਿਕਟ ਇੰਨੀ ਆਸਾਨ ਨਹੀਂ ਸੀ, ਮੈਂ ਸਿਰਫ਼ ਇਸ ਨੂੰ ਸਾਧਾਰਨ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਈਸ਼ਾਨ ਕਿਸ਼ਨ ਨੇ ਮੈਚ ਤੋਂ ਬਾਅਦ ਕਿਹਾ, 'ਮੈਨੂੰ ਲੱਗਦਾ ਹੈ ਕਿ ਵਿਕਟ ਸ਼ੁਰੂਆਤ ਵਿੱਚ ਇੰਨੀ ਆਸਾਨ ਨਹੀਂ ਸੀ। ਤੁਹਾਨੂੰ ਸਿਰਫ਼ ਆਪਣੀਆਂ ਸ਼ਕਤੀਆਂ ਅਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਮੈਂ ਉਨ੍ਹਾਂ ਨੂੰ ਜਿੰਨਾ ਸੰਭਵ ਹੋ ਸਕੇ ਮੇਰੇ ਵੱਲ ਦੌੜਨਾ ਚਾਹੁੰਦਾ ਸੀ। ਮੈਂ ਆਪਣੇ ਆਫ-ਸਾਈਡ ਖੇਡ 'ਤੇ ਬਹੁਤ ਮਿਹਨਤ ਕੀਤੀ। ਮੈਂ ਸਿਰਫ਼ ਇਸ ਨੂੰ ਸਾਧਾਰਨ ਰੱਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਮੇਰੇ ਮਨ ਵਿੱਚ ਇਹ ਸੀ ਕਿ ਸਾਨੂੰ 160-170 ਦੌੜਾਂ ਬਣਾਉਣੀਆਂ ਪੈਣਗੀਆਂ ਅਤੇ ਇਹ ਸਾਡੇ ਲਈ ਇੱਕ ਚੰਗਾ ਟੋਟਲ ਹੋਵੇਗਾ।' ਭਾਰਤ ਬਨਾਮ ਪਾਕਿਸਤਾਨ ਮੈਚ ਹਮੇਸ਼ਾ ਸਾਡੇ ਲਈ ਹੀ ਨਹੀਂ ਸਗੋਂ ਸਾਡੇ ਦੇਸ਼ ਲਈ ਵੀ ਇੱਕ ਖ਼ਾਸ ਮੈਚ ਹੁੰਦਾ ਹੈ।

ਪਾਕਿਸਤਾਨ ਵਿਰੁੱਧ ਇਹ ਮੈਚ ਜਿੱਤਣ ਨਾਲ ਸਾਨੂੰ ਬਹੁਤ ਜ਼ਿਆਦਾ ਆਤਮਵਿਸ਼ਵਾਸ ਮਿਲੇਗਾ ਅਤੇ ਅਸੀਂ ਇਸ ਲੈਅ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਕਰਾਂਗੇ। ਜਦੋਂ ਸ਼ਾਹੀਨ ਗੇਂਦਬਾਜ਼ੀ ਕਰ ਰਿਹਾ ਸੀ, ਮੈਨੂੰ ਨਹੀਂ ਲੱਗਾ ਕਿ ਗੇਂਦ ਤੇਜ਼ ਗੇਂਦਬਾਜ਼ਾਂ ਲਈ ਬਹੁਤ ਕੁਝ ਕਰ ਰਹੀ ਹੈ, ਪਰ ਬੁਮਰਾਹ ਅਤੇ ਹਾਰਦਿਕ ਨੇ ਉਨ੍ਹਾਂ ਦੇ ਓਵਰਾਂ ਵਿੱਚ ਜਿਸ ਤਰ੍ਹਾਂ ਗੇਂਦਬਾਜ਼ੀ ਕੀਤੀ ਉਹ ਸ਼ਾਨਦਾਰ ਸੀ।

# ਲਤਾ ਮੰਗੇਸ਼ਕਰ

## ਮੇਰੀ ਆਵਾਜ਼ ਹੀ ਪਹਿਚਾਨ ਹੈ ਗ਼ਰ ਯਾਦ ਰਹੇ...







ਡਾ. ਮਨਜੀਤ ਸਿੰਘ ਬੱਲ

ਲਤਾ ਮੰਗੇਸ਼ਕਰ ਇੱਕ ਨਾਮ ਨਹੀਂ, ਸਗੋਂ ਭਾਰਤੀ ਸੰਗੀਤ ਦੀ ਆਤਮਾ ਹੈ। ਉਹ ਆਵਾਜ਼ ਜਿਸਨੇ ਦਹਾਕਿਆਂ ਤੱਕ ਦਰਦ ਨੂੰ ਸਹਾਰਾ, ਖ਼ੁਸ਼ੀ ਨੂੰ ਹੁਲਾਰਾ ਅਤੇ ਪਿਆਰ ਨੂੰ ਅਮਰਤਾ ਬਖ਼ਸ਼ੀ। ਭਾਰਤੀ ਸੰਗੀਤ ਜਗਤ ਵਿੱਚ ਲਤਾ ਮੰਗੇਸ਼ਕਰ ਦਾ ਨਾਮ ਇੱਕ ਅਜਿਹਾ ਅਧਿਆਇ ਹੈ, ਜਿਸਨੇ ਸੁਰਾਂ ਦੀ ਪਰਿਭਾਸ਼ਾ ਹੀ ਬਦਲ ਦਿੱਤੀ। ਦਹਾਕਿਆਂ ਤੱਕ ਫਿਲਮੀ ਅਤੇ ਗੈਰ-ਫਿਲਮੀ ਗਾਇਕੀ ਵਿੱਚ ਸਰਗਰਮ ਰਹੀ ਲਤਾ ਦੀ ਆਵਾਜ਼ ਨੇ ਨਾ ਸਿਰਫ਼ ਹਿੰਦੁਸਤਾਨੀ ਸੰਗੀਤ ਨੂੰ ਨਵੀਂ ਪਛਾਣ ਦਿੱਤੀ, ਸਗੋਂ ਉਹ ਦੇਸ਼ ਦੀ ਸੱਭਿਆਚਾਰਕ ਵਿਰਾਸਤ ਦਾ ਅਟੁੱਟ ਹਿੱਸਾ ਬਣ ਗਈ। ਉਸ ਦੀ ਗਾਇਕੀ ਨੇ ਸਮੇਂ, ਰੁਝਾਨਾਂ ਅਤੇ ਪੀੜ੍ਹੀਆਂ ਦੀਆਂ ਹੱਦਾਂ ਨੂੰ ਪਾਰ ਕਰਕੇ ਆਪਣੇ ਅਸਰ ਨੂੰ ਸਥਾਈ ਬਣਾਇਆ।

ਇਸ ਤਰ੍ਹਾਂ ਤਕਰੀਬਨ ਸੱਤ ਦਹਾਕੇ ਦੱਖਣੀ ਏਸ਼ੀਆ ਖ਼ਿੱਤੇ ਦੇ ਸੰਗੀਤ 'ਤੇ ਛਾਈ ਰਹੀ ਲਤਾ ਮੰਗੇਸ਼ਕਰ ਜਿਸਮੀ ਤੌਰ 'ਤੇ ਭਾਵੇਂ ਸਾਡੇ ਦਰਮਿਆਨ ਨਹੀਂ ਹੈ, ਪਰ ਉਸ ਦੀ ਆਵਾਜ਼ ਹਮੇਸ਼ਾਂ ਕੰਨਾਂ ਵਿੱਚ ਰਸ ਘੋਲਦੀ ਰਹੇਗੀ। 'ਮੇਰੀ ਆਵਾਜ਼ ਹੀ ਪਹਿਚਾਨ ਹੈ ਗ਼ਰ ਯਾਦ ਰਹੇ....' ਬਿਲਕੁਲ...., ਉਹਦੀ ਮਿੱਠੀ ਆਵਾਜ਼ ਹੀ ਪਛਾਣ ਹੈ। ਪੰਡਤ ਦੀਨਾ ਨਾਥ ਮੰਗੇਸ਼ਕਰ ਤੇ ਬੀਬੀ ਸ਼ੇਵੰਤੀ ਦੇ ਘਰ 28 ਸਤੰਬਰ 1929 ਨੂੰ ਇੰਦੌਰ ਵਿੱਚ ਪੈਦਾ ਹੋਈ ਲਤਾ ਦਾ ਜਨਮ ਦਾ ਪੂਰਾ ਨਾਮ ਹੇਮਾ ਸੀ। ਦੀਨਾ ਨਾਥ ਇੱਕ ਗਾਇਕ, ਸੰਗੀਤਕਾਰ ਤੇ ਥੀਏਟਰ ਐਕਟਰ ਸੀ ਤੇ ਸ਼ੇਵੰਤੀ ਉਹਦੀ ਦੂਜੀ ਪਤਨੀ ਸੀ। ਪਹਿਲੀ ਪਤਨੀ ਨਰਮਦਾ ਦੀ ਮੌਤ ਤੋਂ ਬਾਅਦ ਉਸ ਨੇ ਆਪਣੀ ਛੋਟੀ ਸਾਲੀ (ਸ਼ੇਵੰਤੀ) ਨਾਲ ਵਿਆਹ ਕਰ ਲਿਆ ਸੀ।

ਦੀਨਾ ਨਾਥ ਦੇ ਗੋਆ ਵਾਲੇ ਪਿੰਡ ਦਾ ਨਾਮ ਮੰਗੇਸ਼ੀ ਸੀ, ਸੋ ਉਹਨੇ ਪਿੰਡ ਦੇ ਨਾਮ ਤੋਂ ਆਪਣਾ ਉਪਨਾਮ 'ਮੰਗੇਸ਼ਕਰ' ਰੱਖ ਲਿਆ। ਦੀਨਾ ਨਾਥ ਦੇ ਇੱਕ ਨਾਟਕ 'ਭਾਵ ਬੰਧਨ' ਦੇ ਮੁੱਖ ਚਰਿੱਤਰ ਦਾ ਨਾਂ ਲਤਿਕਾ ਹੋਣ ਕਰਕੇ ਉਹਨੇ ਆਪਣੀ ਧੀ ਦਾ ਨਾਂ, ਹੇਮਾ ਤੋਂ ਬਦਲ ਕੇ 'ਲਤਾ' ਮੰਗੇਸ਼ਕਰ ਰੱਖ ਦਿੱਤਾ ਸੀ। ਆਪਣੇ ਪੰਜ ਭੈਣ-ਭਰਾਵਾਂ (ਮੀਨਾ, ਆਸ਼ਾ, ਊਸ਼ਾ ਤੇ ਭਰਾ ਹਿਰਦੈਨਾਥ ਜੋ ਮੰਨੇ-ਪ੍ਰਮੰਨੇ ਗਾਇਕ ਤੇ ਸੰਗੀਤਕਾਰ ਹਨ) ਵਿੱਚੋਂ ਲਤਾ ਸਭ ਤੋਂ ਵੱਡੀ ਸੀ। ਜਦੋਂ ਉਹ ਅਜੇ ਪੰਜ ਸਾਲਾਂ ਦੀ ਹੀ ਸੀ ਤਾਂ ਉਹਨੇ ਆਪਣੇ ਪਿਤਾ ਦੇ ਸੰਗੀਤਕ ਨਾਟਕਾਂ ਵਿੱਚ ਕੰਮ ਸ਼ੁਰੂ ਕਰ ਦਿੱਤਾ ਸੀ।

ਲਤਾ ਨੇ ਸੰਗੀਤ ਦੇ ਮੁੱਢਲੇ ਪਾਠ ਆਪਣੇ ਪਿਤਾ ਕੋਲੋਂ ਹੀ ਸਿੱਖੇ ਸਨ। ਅਜੇ ਉਹ ਤੇਰ੍ਹਾਂ ਕੁ ਸਾਲਾਂ ਦੀ ਹੀ ਸੀ ਜਦ ਪਿਤਾ ਦੀ ਮੌਤ ਹੋ ਗਈ। ਨਵਯੁੱਗ ਚਿੱਤਰਪਟ ਫਿਲਮ ਕੰਪਨੀ ਦੇ ਮਾਲਕ ਮਾਸਟਰ ਵਿਨਾਇਕ ਦਮੋਦਰ ਨੇ ਆਪਣੇ ਮਿੱਤਰ ਦੀਨਾ ਨਾਥ ਦੇ ਬੱਚਿਆਂ ਦਾ ਪੂਰਾ ਧਿਆਨ ਰੱਖਿਆ ਤੇ ਪਾਲਣ ਪੋਸ਼ਣ ਕੀਤਾ। ਉਸ ਨੇ ਹੀ ਲਤਾ ਨੂੰ ਗਾਇਕ ਤੇ ਐਕਟਰ ਵਜੋਂ ਉਭਾਰਿਆ। 1942 ਵਿੱਚ ਲਤਾ ਨੇ ਮਰਾਠੀ ਫਿਲਮ 'ਕਿਤੀ ਹਸਾਲ' ਲਈ ਪਹਿਲਾ ਗੀਤ ਰਿਕਾਰਡ ਕਰਵਾਇਆ ਸੀ, ਪਰ ਐਡੀਟਿੰਗ ਵੇਲੇ ਇਹ ਫਿਲਮ 'ਚੋਂ ਕੱਢ ਦਿੱਤਾ ਗਿਆ। 1945 ਵਿੱਚ ਵਿਨਾਇਕ ਦੀ ਫਿਲਮ ਕੰਪਨੀ ਦੇ ਨਾਲ ਹੀ ਲਤਾ ਮੰਗੇਸ਼ਕਰ ਮੁੰਬਈ ਸ਼ਿਫਟ ਹੋ ਗਈ। ਇੱਥੇ ਉਸ ਨੇ ਭਿੰਡੀ ਬਾਜ਼ਾਰ ਘਰਾਣੇ ਦੇ ਉਸਤਾਦ ਅਮਾਨ ਅਲੀ ਖਾਨ ਕੋਲੋਂ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਤਾਲੀਮ ਹਾਸਲ ਕੀਤੀ। 1946 ਵਿੱਚ ਲਤਾ ਨੇ ਵਾਸੰਤ ਜੁਗਲੇਕਰ ਦੀ ਹਿੰਦੀ ਫਿਲਮ 'ਆਪ ਕੀ ਸੇਵਾ ਮੇਂ' ਲਈ ਦੱਤਾ ਦਵਜੇਕਰ ਦੇ ਸੰਗੀਤ ਵਿੱਚ 'ਪਾ ਲਾਗੂੰ ਕਰ ਜੋੜ' ਗੀਤ ਗਾਇਆ।

ਵਿਨਾਇਕ ਦੀ ਇੱਕ ਹੋਰ ਹਿੰਦੀ ਫਿਲਮ 'ਬੜੀ ਮਾਂ' ਵਿੱਚ ਲਤਾ ਤੇ ਆਸ਼ਾ ਨੇ ਛੋਟਾ ਜਿਹਾ ਰੋਲ ਕੀਤਾ ਤੇ ਲਤਾ ਨੇ ਇੱਕ ਭਜਨ 'ਮਾਤਾ ਤੇਰੇ ਚਰਨੋਂ ਮੇਂ' ਗਾਇਆ ਸੀ। ਫਿਰ ਲਤਾ ਦੀ ਮੁਲਾਕਾਤ ਸੰਗੀਤਕਾਰ ਵਸੰਤ ਦੇਸਾਈ ਨਾਲ ਹੋਈ। ਵਿਨਾਇਕ ਦੀ ਮੌਤ ਤੋਂ ਬਾਅਦ ਸੰਗੀਤਕਾਰ ਗ਼ੁਲਾਮ ਹੈਦਰ ਦੀ ਦੇਖ-ਰੇਖ ਵਿੱਚ ਲਤਾ ਦੀ ਕਲਾ ਤੇ ਆਵਾਜ਼ ਦਾ ਜਾਦੂ ਹੋਰ ਵੀ ਚਮਕਿਆ। ਸੰਗੀਤਕਾਰ ਹੈਦਰ ਨੇ ਫਿਲਮ 'ਮਜਬੂਰ' (1948) ਲਈ ਨਾਜ਼ਿਮ ਪਾਨੀਪਤੀ ਦੇ ਬੋਲ 'ਦਿਲ ਮੇਰਾ ਤੋੜਾ, ਮੁਝੇ ਕਹੀਂ ਕਾ ਨਾ ਛੋੜਾ' ਗੀਤ ਲਤਾ ਕੋਲੋਂ ਗਵਾ ਕੇ ਇੱਕ ਵੱਡੀ ਸ਼ੁਰੂਆਤ ਕਰਵਾਈ। ਇਹ ਗੀਤ ਹਿੱਟ ਰਿਹਾ।

ਸਾਲ 2013 'ਚ ਆਪਣੇ ਜਨਮ ਦਿਨ ਦੇ ਮੌਕੇ 'ਤੇ ਲਤਾ ਨੇ ਕਿਹਾ ਸੀ, "ਸੰਗੀਤਕਾਰ ਗ਼ੁਲਾਮ ਹੈਦਰ ਮੇਰਾ ਅਸਲ ਗੌਡ-ਫਾਦਰ ਹੈ। ਇਹੀ ਇੱਕ ਸੰਗੀਤਕਾਰ ਸੀ ਜਿਸ ਨੇ ਮੇਰੀ ਕਲਾ, ਗਾਇਕੀ ਤੇ ਆਵਾਜ਼ ਨੂੰ ਸਮਝਿਆ ਸੀ ਤੇ ਮਾਨਤਾ ਦਿੱਤੀ ਸੀ।" ਲਤਾ ਦੇ ਸ਼ੁਰੂਆਤੀ ਗੀਤਾਂ 'ਚੋਂ ਫਿਲਮ 'ਮਹਿਲ' (1949) ਦਾ ਅਦਾਕਾਰਾ ਮਧੂਬਾਲਾ 'ਤੇ ਫਿਲਮਾਇਆ ਗੀਤ 'ਆਏਗਾ, ਆਨੇ ਵਾਲਾ, ਆਏਗਾ' ਅੱਜ ਤੱਕ ਵੀ ਹਿੱਟ ਹੈ। ਲਤਾ ਮੰਗੇਸ਼ਕਰ ਨੇ ਅਨੇਕਾਂ ਸੰਗੀਤਕਾਰਾਂ ਜਿਵੇਂ ਅਨਿਲ ਬਿਸਵਾਸ, ਸ਼ੰਕਰ-ਜੈ ਕਿਸ਼ਨ, ਨੌਸ਼ਾਦ, ਸਚਿਨ ਦੇਵ ਬਰਮਨ, ਸਰਦੂਲ ਸਿੰਘ ਕਵਾਤਰਾ, ਅਮਰਨਾਥ, ਹੁਸਨਲਾਲ-ਭਗਤਰਾਮ, ਐੱਸ. ਮੋਹਿੰਦਰ, ਸੀ. ਰਾਮਚੰਦਰ, ਹੇਮੰਤ ਕੁਮਾਰ, ਸਲਿਲ ਚੌਧਰੀ, ਦੱਤਾ ਨਾਇਕ, ਖ਼ੱਯਾਮ, ਰਵੀ, ਸੱਜਾਦ ਹੁਸੈਨ, ਰੌਸ਼ਨ, ਕਲਿਆਣਜੀ-ਆਨੰਦਜੀ, ਵਸੰਤ ਦੇਸਾਈ, ਸੁਧੀਰ ਫਾਡਕੇ, ਹੰਸਰਾਜ ਬਹਿਲ, ਮਦਨ ਮੋਹਨ, ਜੈ ਦੇਵ, ਊਸ਼ਾ ਖੰਨਾ, ਆਰ.ਡੀ. ਬਰਮਨ ਆਦਿ ਦੇ ਨਿਰਦੇਸ਼ਨ ਅਧੀਨ ਅਨੇਕਾਂ ਹੀ ਗੀਤ ਗਾਏ।

ਲਤਾ ਨੇ ਰਾਗਾਂ 'ਤੇ ਆਧਾਰਿਤ ਕਈ ਗੀਤ ਗਾਏ ਜਿਵੇਂ ਨੌਸ਼ਾਦ ਦੀ ਮੌਸੀਕੀ ਵਿੱਚ ਫਿਲਮ 'ਦੀਦਾਰ', 'ਬੈਜੂ ਬਾਵਰਾ', 'ਅਮਰ', 'ਨਾਗਿਨ', 'ਉੜਨ ਖਟੋਲਾ', 'ਮਦਰ ਇੰਡੀਆ' ਆਦਿ ਵਿੱਚ। ਨੌਸ਼ਾਦ ਦੀ ਮੌਸੀਕੀ ਵਿੱਚ ਫਿਲਮ 'ਮੁਗ਼ਲ-ਏ-ਆਜ਼ਮ' ਦਾ ਮਧੂ ਬਾਲਾ 'ਤੇ ਫਿਲਮਾਇਆ ਗਿਆ ਗੀਤ 'ਜਬ ਪਿਆਰ ਕੀਆ ਤੋ ਡਰਨਾ ਕਿਆ' ਅੱਜ ਵੀ ਉਵੇਂ ਹੀ ਮਕਬੂਲ ਹੈ। ਧਾਰਮਿਕ ਗੀਤ 'ਅੱਲਾ ਤੇਰੋ ਨਾਮ ਈਸ਼ਵਰ ਤੇਰੋ ਨਾਮ' ਤੇ 'ਪ੍ਰਭੂ ਤੇਰੋ ਨਾਮ ਜੋ ਧਿਆਏ ਫਲ ਪਾਏ' ਜੈ ਦੇਵ ਦੇ ਸੰਗੀਤ ਵਿੱਚ ਹਨ। ਹੇਮੰਤ ਕੁਮਾਰ ਦੇ ਸੰਗੀਤ ਵਿੱਚ ਵਹੀਦਾ ਰਹਿਮਾਨ 'ਤੇ ਫਿਲਮਾਏ ਗਏ, 'ਕਹੀਂ ਦੀਪ ਜਲੇ ਕਹੀਂ ਦਿਲ' ਵਾਸਤੇ ਲਤਾ ਨੂੰ ਦੂਸਰੀ ਵਾਰ ਫਿਲਮਫੇਅਰ ਐਵਾਰਡ ਮਿਲਿਆ। ਭਾਰਤ-ਚੀਨ ਜੰਗ ਦੀ ਪਿੱਠ-ਭੂਮੀ ਵਿੱਚ ਲਤਾ ਮੰਗੇਸ਼ਕਰ ਨੇ ਬੇਹੱਦ ਸੰਵੇਦਨਾ ਨਾਲ ਭਰਿਆ ਕਵੀ ਪ੍ਰਦੀਪ ਦਾ ਲਿਖਿਆ ਤੇ ਸੀ. ਰਾਮਚੰਦਰ ਦੀ ਮੌਸੀਕੀ ਵਿੱਚ ਦੇਸ਼ ਭਗਤੀ ਦਾ ਗੀਤ 'ਐ ਮੇਰੇ ਵਤਨ ਕੇ ਲੋਗੋ' ਗਾਇਆ। ਇਸ ਸਭ ਦੇ ਨਾਲੋ ਨਾਲ ਸੰਗੀਤਕਾਰ ਸ਼ੰਕਰ-ਜੈ ਕਿਸ਼ਨ ਤੇ ਲਕਸ਼ਮੀ ਕਾਂਤ-ਪਿਆਰੇ ਲਾਲ ਦੇ ਨਾਲ ਵੀ ਵੱਖ ਵੱਖ ਫਿਲਮਾਂ ਦੇ ਗੀਤ ਰਿਕਾਰਡ ਹੁੰਦੇ ਰਹੇ। ਤਕਰੀਬਨ 35 ਸਾਲ ਦੇ ਅਰਸੇ ਦੌਰਾਨ ਲਤਾ ਨੇ ਲਕਸ਼ਮੀ-ਪਿਆਰੇ ਨਾਲ ਤਕਰੀਬਨ 700 ਹਿੱਟ ਗੀਤ ਰਿਕਾਰਡ ਕੀਤੇ।

ਇਹਦੇ ਨਾਲ ਹੀ ਲਤਾ ਨੇ ਮਰਾਠੀ ਤੇ ਪੰਜਾਬੀ ਫਿਲਮਾਂ ਵਿੱਚ ਵੀ ਗੀਤ ਗਾਏ। ਇਨ੍ਹਾਂ ਵਿੱਚ ਮਕਬੂਲ ਹਨ, 'ਰੱਸੀ ਉਤੇ ਟੰਗਿਆ ਦੁਪੱਟਾ ਮੇਰਾ ਡੋਲਦਾ' (ਮਦਾਰੀ), 'ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਖਾ ਗਏ' (ਗੁੱਡੀ), 'ਨਾਲੇ ਲੰਮੀ ਤੇ ਨਾਲੇ ਕਾਲੀ ਹਾਏ ਵੇ ਚੰਨਾ ਰਾਤ ਜੁਦਾਈਆਂ ਵਾਲੀ' (ਲੱਛੀ), 'ਕਾਲੀ ਕੰਘੀ ਨਾਲ ਕਾਲੇ ਵਾਲ ਪਈ ਵਾਹਨੀਆਂ' (ਲੱਛੀ), 'ਜੇ ਮੈਂ ਦੁੱਧ ਚੋਵਾਂ ਤੇਰੀ ਯਾਦ ਆਵੇ ਛੰਮ ਛੰਮ ਰੋਵਾਂ' (ਚਮਨ), 'ਲਾਈ ਆ ਤੇ ਤੋੜ ਨਿਭਾਵੀਂ ਛੱਡ ਕੇ ਨਾ ਜਾਵੀਂ' (ਪਿੰਡ ਦੀ ਕੁੜੀ), 'ਇੱਕ ਤੂੰ ਹੋਵੇਂ ਇੱਕ ਮੈਂ ਹੋਵਾਂ' (ਨਸੀਬੋ), 'ਮੇਰੀ ਗੁਰੂ ਪ੍ਰੀਤੀ' (ਆਸਰਾ ਪਿਆਰ ਦਾ), 'ਅੱਜ ਮੰਗਤੀ ਨੂੰ ਖਾਲੀ ਨਾ ਮੋੜੀਂ' (ਆਸਰਾ ਪਿਆਰ ਦਾ), 'ਅਸਾਂ ਕੀਤੀ ਏ ਤੇਰੇ ਨਾਲ ਥੂਹ' (ਦੋ ਲੱਛੀਆਂ), 'ਤੇ ਬਦਲੀਆਂ ਛਾ ਗਈਆਂ' ਆਦਿ। ਉਸ ਨੇ ਕਈ ਗ਼ੈਰ ਫਿਲਮੀ ਪੰਜਾਬੀ ਗੀਤ ਵੀ ਗਾਏ ਅਤੇ ਲੰਡਨ ਦੇ ਅਲਬਰਟ ਹਾਲ ਵਿੱਚ ਗਾਈ ਗ਼ੈਰ ਫਿਲਮੀ ਲੋਕ ਗਾਥਾ ਹੀਰ ਵੀ ਕਾਫ਼ੀ ਮਕਬੂਲ ਹੈ। ਇਸ ਤੋਂ ਇਲਾਵਾ ਉਸ ਨੇ ਗੁਰਬਾਣੀ ਗਾਇਨ ਵੀ ਕੀਤਾ, ਜਿਸ ਵਿੱਚ 'ਮਿਲ ਮੇਰੇ ਪੀਤਮਾ ਜੀਓ', 'ਦੇਹ ਸ਼ਿਵਾ ਵਰ ਮੋਹੇ ਇਹੈ', 'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ', 'ਹਰ ਜੁਗ ਜੁਗ ਭਗਤ ਉਪਾਇਆ' ਆਦਿ।

ਜਦੋਂ ਲਤਾ ਤੇ ਮੁਹੰਮਦ ਰਫ਼ੀ ਦੀ ਪੂਰੀ ਗੁੱਡੀ ਚੜ੍ਹੀ ਹੋਈ ਸੀ, ਤਾਂ ਲਤਾ ਨੇ ਫਿਲਮ ਨਿਰਮਾਤਾਵਾਂ ਕੋਲੋਂ ਆਪਣੇ ਦੋਗਾਣਿਆਂ/ਗਾਣਿਆਂ ਦੀ ਰਾਇਲਟੀ ਲੈਣ ਦੀ ਮੰਗ ਕੀਤੀ, ਪਰ ਇਸ ਦੇ ਬਿਲਕੁਲ ਉਲਟ ਰਫ਼ੀ ਨੇ ਸਾਫ਼ ਨਾਂਹ ਕਰ ਦਿੱਤੀ। ਇਸ ਗੱਲ ਨਾਲ ਦੋਵਾਂ ਦਰਮਿਆਨ ਖਿੱਚੋਤਾਣ ਹੋ ਗਈ ਅਤੇ 1961 'ਚ ਫਿਲਮ 'ਮਾਇਆ' ਦੇ ਗੀਤ 'ਤਸਵੀਰ ਤੇਰੀ ਦਿਲ ਮੇਂ' ਦੀ ਰਿਕਾਰਡਿੰਗ ਤੋਂ ਬਾਅਦ ਲਤਾ ਨੇ ਅੱਗੇ ਤੋਂ ਮੁਹੰਮਦ ਰਫ਼ੀ ਨਾਲ ਨਾ ਗਾਉਣ ਦਾ ਐਲਾਨ ਕਰ ਦਿੱਤਾ। ਚਾਰ ਸਾਲਾਂ ਦੇ ਵਕਫ਼ੇ ਬਾਅਦ ਐਕਟਰ ਨਰਗਿਸ ਦੀ ਕੋਸ਼ਿਸ਼ ਸਦਕਾ ਉਨ੍ਹਾਂ ਨੇ ਫਿਰ ਇੱਕਠਿਆਂ ਗਾਉਣਾ ਸ਼ੁਰੂ ਕਰ ਦਿੱਤਾ। ਫਿਰ ਇਸ ਗਾਇਕ ਜੋੜੀ ਨੇ ਫਿਲਮ ਜਗਤ ਨੂੰ ਕਈ ਮਕਬੂਲ ਗੀਤ ਦਿੱਤੇ।

# ਨੀਨਾ ਟਿਵਾਣਾ ਲਾਈਫ਼ਟਾਈਮ ਐਵਾਰਡ ਨਾਲ ਸਨਮਾਨਿਤ



ਪੰਜਾਬੀ ਰੰਗਮੰਚ ਦੀ ਮਾਹਿਰ ਨੀਨਾ ਟਿਵਾਣਾ ਨੂੰ ਪੰਜਾਬ ਆਰਟ ਕੌਂਸਲ, ਪੰਜਾਬ ਸਰਕਾਰ ਵੱਲੋਂ ਰੰਗਮੰਚ ਵਿੱਚ ਜੀਵਨ ਭਰ ਦੇ ਯੋਗਦਾਨ ਲਈ 'ਪੰਜਾਬ ਗੌਰਵ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਉਨ੍ਹਾਂ ਨੂੰ ਪਦਮ ਸ਼੍ਰੀ ਨਿਰਮਲ ਰਿਸ਼ੀ ਵੱਲੋਂ ਭੇਟ ਕੀਤਾ ਗਿਆ, ਜੋ ਟਿਵਾਣਾ ਨੂੰ ਆਪਣਾ ਅਧਿਆਪਕ ਅਤੇ ਮਾਰਗਦਰਸ਼ਕ ਮੰਨਦੇ ਹਨ।

ਨੀਨਾ ਟਿਵਾਣਾ ਆਪਣੇ ਮਰਹੂਮ ਪਤੀ ਹਰਪਾਲ ਟਿਵਾਣਾ ਦੇ ਨਾਲ 1965 ਵਿੱਚ ਇਬਰਾਹਿਮ ਅਲਕਾਜ਼ੀ ਦੀ ਅਗਵਾਈ ਵਿੱਚ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਗ੍ਰੈਜੂਏਟ ਹੋਣ ਵਾਲੀ ਪਹਿਲੀ ਪੰਜਾਬਣ ਹੈ। ਛੇ ਦਹਾਕਿਆਂ ਤੋਂ ਵੱਧ ਦੇ ਕੈਰੀਅਰ ਵਿੱਚ ਉਨ੍ਹਾਂ ਨੇ ਆਪਣੇ ਪਤੀ ਦੇ ਨਿਰਦੇਸ਼ਨ ਹੇਠ ਕਈ ਸਫ਼ਲ ਨਾਟਕਾਂ ਜਿਵੇਂ 'ਕਣਕ ਦੀ ਬੱਲੀ, ਲੋਹਾ ਕੁੱਟ, ਚਮਕੌਰ ਦੀ ਗੜ੍ਹੀ, ਐਂਟੀਗੋਨ, ਨਸ਼ਾ ਕੁਰਸੀ ਦਾ, ਮੇਲਾ ਮੁੰਡੇ ਕੁੜੀਆਂ ਦਾ, ਗਰਮ ਬਾਜ਼ਾਰ, ਲੌਂਗ ਦਾ ਲਿਸ਼ਕਾਰਾ ਅਤੇ ਯਾਦਗਾਰੀ ਨਾਟਕ ਦੀਵਾ ਬਲੇ ਸਾਰੀ ਰਾਤ' ਵਿੱਚ ਮੁੱਖ ਭੂਮਿਕਾਵਾਂ ਨਿਭਾਈਆਂ, ਜਿਨ੍ਹਾਂ ਵਿੱਚੋਂ ਕੁਝ 'ਤੇ ਬਾਅਦ ਵਿੱਚ ਫ਼ਿਲਮਾਂ ਵੀ ਬਣੀਆਂ।

ਉਨ੍ਹਾਂ ਅਤੇ ਉਨ੍ਹਾਂ ਦੇ ਮਰਹੂਮ ਪਤੀ ਨੂੰ ਪੰਜਾਬ ਵਿੱਚ ਟਿਕਟ ਲਗਾ ਕੇ ਨਾਟਕ ਦੇਖਣ ਵਾਲੇ ਦਰਸ਼ਕਾਂ ਲਈ ਪੇਸ਼ੇਵਰ ਪੰਜਾਬੀ ਰੰਗਮੰਚ ਲਹਿਰ ਸਥਾਪਤ ਕਰਨ ਦਾ ਸਿਹਰਾ ਜਾਂਦਾ ਹੈ, ਜਦੋਂ ਕਿ ਫ਼ਿਲਮ 'ਲੌਂਗ ਦਾ ਲਿਸ਼ਕਾਰਾ' ਵਿੱਚ ਸਰਦਾਰਨੀ ਦੀ ਭੂਮਿਕਾ ਨੇ ਉਨ੍ਹਾਂ ਨੂੰ ਹਰ ਘਰ ਵਿੱਚ ਮਸ਼ਹੂਰ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਟੈਲੀ-ਸੀਰੀਜ਼ 'ਸਾਂਝੀ ਦੀਵਾਰ' ਅਤੇ ਹਿੰਦੀ ਫ਼ਿਲਮ 'ਹਾਟ-ਦ ਬਾਜ਼ਾਰ' ਵਿੱਚ ਵੀ ਕੰਮ ਕੀਤਾ। ਉਨ੍ਹਾਂ ਨੂੰ ਦੁਨੀਆ ਭਰ ਵਿੱਚ ਕਈ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਖਾਲਸਾ ਦੀ ਤਿੰਨ ਸੌ ਸਾਲਾ ਸ਼ਤਾਬਦੀ 'ਤੇ ਐੱਸ ਜੀ ਪੀ ਸੀ ਵੱਲੋਂ 'ਆਊਟਸਟੈਂਡਿੰਗ ਸਿੱਖ ਵੂਮੈਨ ਐਵਾਰਡ', ਇੰਡੋ-ਕੈਨੇਡੀਅਨ ਟਾਈਮਜ਼ ਐਵਾਰਡ, ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਐਵਾਰਡ, ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ਼੍ਰੋਮਣੀ ਅਦਾਕਾਰਾ ਐਵਾਰਡ' ਅਤੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਅਦਾਕਾਰੀ ਲਈ 'ਨੈਸ਼ਨਲ ਸੰਗੀਤ ਨਾਟਕ ਅਕੈਡਮੀ ਐਵਾਰਡ' ਸ਼ਾਮਲ ਹਨ।

ਉਨ੍ਹਾਂ ਨੇ ਆਪਣੇ ਮਰਹੂਮ ਪਤੀ 'ਤੇ 'ਓਹ ਜੋ ਸੀ' ਨਾਂਅ ਦੀ ਕਿਤਾਬ ਲਿਖੀ ਹੈ ਅਤੇ ਹਾਲ ਹੀ ਤੱਕ ਉਹ ਸਟੇਜ 'ਤੇ ਪੇਸ਼ਕਾਰੀ ਦੇ ਰਹੇ ਸਨ, ਪਰ ਸਿਹਤ ਕਾਰਨਾਂ ਕਰਕੇ ਹੁਣ ਉਹ ਸਟੇਜ 'ਤੇ ਅਦਾਕਾਰੀ ਨਹੀਂ ਕਰਦੇ ਪਰ ਅਦਾਕਾਰੀ ਦੀਆਂ ਤਕਨੀਕਾਂ 'ਤੇ ਇੱਕ ਕਿਤਾਬ ਪੂਰੀ ਕਰ ਰਹੇ ਹਨ। ਹਰਪਾਲ ਅਤੇ ਨੀਨਾ ਟਿਵਾਣਾ ਦੀ ਜੋੜੀ ਨੂੰ ਓਮ ਪੁਰੀ, ਰਾਜ ਬੱਬਰ, ਨਿਰਮਲ ਰਿਸ਼ੀ, ਗੁਰਦਾਸ ਮਾਨ ਅਤੇ ਗਿਰਜਾ ਸ਼ੰਕਰ ਵਰਗੇ ਕਲਾਕਾਰਾਂ ਦੀ ਪ੍ਰਤਿਭਾ ਨੂੰ ਨਿਖਾਰਨ ਦਾ ਸਿਹਰਾ ਵੀ ਜਾਂਦਾ ਹੈ। ਦਿੱਗਜ ਅਦਾਕਾਰਾ ਨੀਨਾ ਟਿਵਾਣਾ ਦਾ ਕਹਿਣਾ ਹੈ ਕਿ, 'ਰੰਗਮੰਚ ਅਜਿਹੀ ਚੀਜ਼ ਹੈ ਜੋ ਕਿਰਦਾਰਾਂ ਵਿੱਚ ਜਾਨ ਪਾ ਦਿੰਦੀ ਹੈ ਅਤੇ ਮੈਂ ਬਹੁਤ ਕਿਸਮਤ ਵਾਲੀ ਹਾਂ ਕਿ ਮੈਂ ਅਦਾਕਾਰੀ ਕਰਦਿਆਂ ਆਪਣਾ ਜੀਵਨ ਬੀਤਇਆ ਹੈ, ਜੋ ਮੈਨੂੰ ਲਗਾਤਾਰ ਪ੍ਰੇਰਿਤ ਕਰਦਾ ਹੈ।'

## ਮਿਸ਼ਨ 2027: ਪੰਜਾਬ 'ਚ ਤੇਜ਼ ਹੋਈਆਂ ਸਿਆਸੀ

ਦੋਵੇਂ ਸਿਆਸੀ ਪਾਰਟੀਆਂ ਅਗਲੀਆਂ ਚੋਣਾਂ ਦੀਆਂ ਤਿਆਰੀਆਂ ਲਈ ਸਿਆਸੀ ਰੱਸਾਕਸ਼ੀ ਕਰ ਰਹੀਆਂ ਹਨ ਅਤੇ ਆਪੋ ਆਪਣੇ ਪਾਰਟੀ ਕਾਡਰ ਨੂੰ ਮਜ਼ਬੂਤ ਕਰਦੀਆਂ ਹੋਈਆਂ ਸ਼ਕਤੀ ਪ੍ਰਦਰਸ਼ਨ ਵੀ ਕਰ ਰਹੀਆਂ ਹਨ।

ਪੰਜਾਬ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਹੁਣ ਪੰਜਾਬ ਵਿੱਚ ਨਵਾਂ ਉਪ ਮੁੱਖ ਮੰਤਰੀ ਬਣਾਉਣ ਦੇ ਅੰਦਰੂਨੀ ਯਤਨ ਕਰ ਰਹੀ ਹੈ ਤਾਂ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬੀਆਂ ਨਾਲ ਕੀਤਾ ਗਿਆ ਵਾਅਦਾ ਪੂਰਾ ਕੀਤਾ ਜਾ ਸਕੇ।ਉਪ ਮੁੱਖ ਮੰਤਰੀ ਦੇ ਅਹੁਦੇ ਲਈ ਦਲਿਤ ਆਗੂ ਦੀ ਚੋਣ ਕੀਤੇ ਜਾਣ ਦੀ ਸੰਭਾਵਨਾ ਹੈ, ਤਾਂ ਕਿ ਦਲਿਤ ਭਾਈਚਾਰੇ ਦੀਆਂ ਵੋਟਾਂ ਪੱਕੀਆਂ ਕੀਤੀਆਂ ਜਾ ਸਕਣ।ਇਸ ਅਹੁਦੇ ਲਈ ਕੈਬਨਿਟ ਮੰਤਰੀ ਬਲਜੀਤ ਕੌਰ ਅਤੇ ਹਰਪਾਲ ਸਿੰਘ ਚੀਮਾ ਦੇ ਨਾਂਅ ਦੀ ਚਰਚਾ ਹੋ ਰਹੀ ਹੈ।ਆਉਣ ਵਾਲੇ ਦਿਨਾਂ ਵਿੱਚ 'ਆਪ' ਸਰਕਾਰ ਵੱਲੋਂ ਪੰਜਾਬ 'ਚ ਨਵੇਂ ਉਪ ਮੁੱਖ ਮੰਤਰੀ ਦੀ ਨਿਯੁਕਤੀ ਦਾ ਐਲਾਨ ਕੀਤਾ ਜਾ ਸਕਦਾ ਹੈ।

ਪੰਜਾਬ ਵਿੱਚ ਇਸ ਸਮੇਂ ਅਗਲੀਆਂ ਚੋਣਾਂ ਲੜਨ ਦੀਆਂ ਚਾਹਵਾਨ ਸਾਰੀਆਂ ਸਿਆਸੀ ਪਾਰਟੀਆਂ ਸਰਗਰਮ ਹੋ ਚੁੱਕੀਆਂ ਹਨ ਅਤੇ ਪੰਜਾਬ ਵਿੱਚ ਕੁੰਢੀਆਂ ਦੇ ਸਿੰਗ ਫਸਣੇ ਸ਼ੁਰੂ ਹੋ ਗਏ ਹਨ। ਇਹ ਤਾਂ ਹੁਣ ਅਗਲੀਆਂ ਚੋਣਾਂ ਤੋਂ ਬਾਅਦ ਪਤਾ ਚੱਲੇਗਾ ਕਿ ਪੰਜਾਬ ਦੇ ਲੋਕ ਕਿਸ ਸਿਆਸੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੌਂਪਦੇ ਹਨ।ਇਸ ਕਰਕੇ ਇਹ ਕਹਿਣਾ ਮੁਸ਼ਕਿਲ ਹੈ ਕਿ ਪੰਜਾਬ ਦੀ ਸੱਤਾ ਦਾ ਅਗਲਾ ਸਰਦਾਰ ਕੌਣ ਹੋਵੇਗਾ ?

***

## ਭਰੋਸੇਯੋਗ ਨਹੀਂ ਰਿਹਾ ਪੀਣ ਵਾਲਾ ਪਾਣੀ

ਮਾਹਿਰਾਂ ਦਾ ਮੰਨਣਾ ਹੈ ਕਿ ਪਹਾੜੀ ਰਾਜਾਂ ਵਿੱਚ ਵੀ ਵਿਗਿਆਨਕ ਨਿਗਰਾਨੀ ਤੰਤਰ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

**ਯੋਜਨਾਵਾਂ ਅਤੇ ਜ਼ਮੀਨੀ ਹਕੀਕਤ**

ਜਲ ਜੀਵਨ ਮਿਸ਼ਨ ਤਹਿਤ ਘਰ-ਘਰ ਨਲ ਕਨੈਕਸ਼ਨ ਦਿੱਤੇ ਜਾ ਰਹੇ ਹਨ।ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕੇਵਲ ਕਨੈਕਸ਼ਨ ਦੇਣਾ ਕਾਫ਼ੀ ਨਹੀਂ ਹੈ। ਨਿਯਮਤ ਕਲੋਰੀਨੀਕਰਨ, ਪਾਈਪਲਾਈਨ ਦਾ ਸਮੇਂ ਸਿਰ ਰੱਖ-ਰਖਾਅ, ਮਹੀਨਾਵਾਰ ਜਲ ਗੁਣਵੱਤਾ ਰਿਪੋਰਟ ਦਾ ਪ੍ਰਕਾਸ਼ਨ, ਸੁਤੰਤਰ ਪ੍ਰਯੋਗਸ਼ਾਲਾਵਾਂ ਦੁਆਰਾ ਟੈਸਟਿੰਗ ਇਨ੍ਹਾਂ ਕਦਮਾਂ ਤੋਂ ਬਿਨਾਂ ਭਰੋਸਾ ਕਾਇਮ ਨਹੀਂ ਰਹਿ ਸਕਦਾ।ਕੁਝ ਸ਼ਹਿਰਾਂ ਵਿੱਚ ਰਾਜ ਪੱਧਰੀ ਜਲ ਗੁਣਵੱਤਾ ਪ੍ਰਯੋਗਸ਼ਾਲਾ ਸਥਾਪਤ ਕਰਨ ਦੀ ਪਹਿਲ ਕੀਤੀ ਗਈ ਹੈ, ਪਰ ਵਿਆਪਕ ਪੱਧਰ 'ਤੇ ਨਿਗਰਾਨੀ ਅਜੇ ਵੀ ਚੁਣੌਤੀ ਹੈ।

**ਮਾਹਿਰਾਂ ਦੀ ਚਿਤਾਵਨੀ**

ਜਨ ਸਿਹਤ ਮਾਹਿਰਾਂ ਅਨੁਸਾਰ ਜੇਕਰ ਸਮੇਂ ਸਿਰ ਢਾਂਚਾਗਤ ਸੁਧਾਰ ਨਹੀਂ ਕੀਤੇ ਗਏ ਤਾਂ ਜਲ-ਜਨਿਤ ਰੋਗਾਂ ਦਾ ਬੋਝ ਵਧ ਸਕਦਾ ਹੈ। ਬੱਚੇ, ਬਜ਼ੁਰਗ ਅਤੇ ਕਮਜ਼ੋਰ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।ਉਹ ਸੁਝਾਅ ਦਿੰਦੇ ਹਨ ਕਿ ਖਰਾਬ ਪਾਈਪਲਾਈਨ ਦਾ ਪੜਾਅਵਾਰ ਪੁਨਰ ਨਿਰਮਾਣਮ, ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀਆਂ ਲਾਈਨਾਂ ਵਿਚਕਾਰ ਸੁਰੱਖਿਅਤ ਦੂਰੀ ਯਕੀਨੀ ਬਣਾਉਣਾ ,ਮਾਨਸੂਨ ਤੋਂ ਪਹਿਲਾਂ ਜਲ ਸਰੋਤਾਂ ਦਾ ਵਿਗਿਆਨਕ ਆਡਿਟ, ਜਲ ਗੁਣਵੱਤਾ ਡਾਟਾ ਨੂੰ ਜਨਤਕ ਕੀਤਾ ਜਾਵੇ।

ਹਰਿਆਣਾ, ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪਾਣੀ ਦੀ ਗੁਣਵੱਤਾ ਨੂੰ ਲੈ ਕੇ ਉੱਠਦੇ ਸਵਾਲ ਸਿਰਫ਼ ਅੰਕੜਿਆਂ ਦੀ ਕਹਾਣੀ ਨਹੀਂ ਹਨ।ਇਹ ਘਰ-ਘਰ ਤੱਕ ਪਹੁੰਚਣ ਵਾਲੀ ਵਿਵਸਥਾ ਦੀ ਭਰੋਸੇਯੋਗਤਾ ਦਾ ਪ੍ਰਸ਼ਨ ਹੈ।ਪਾਣੀ ਦਿਖਣ ਵਿੱਚ ਸਾਫ਼ ਹੋ ਸਕਦਾ ਹੈ, ਪਰ ਰਿਪੋਰਟਾਂ ਵਿੱਚ ਸਾਹਮਣੇ ਆਏ ਤੱਥ ਸੰਕੇਤ ਦਿੰਦੇ ਹਨ ਕਿ ਸਤਰਕਤਾ ਅਤੇ ਸੁਧਾਰ ਦੀ ਤਤਕਾਲ ਲੋੜ ਹੈ।

***

## ਸਿਕਲੀਗਰ ਸਿੱਖ ਸਮਾਜ ਦਾ ਅਹਿਮ ਅੰਗ

ਜਿਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਸ਼੍ਰੋਮਣੀ ਕਮੇਟੀ ਨਿਰੰਤਰ ਯਤਨਸ਼ੀਲ ਹੈ।ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿਖਿਅਤ ਕਰਨਾ ਹੈ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ।ਉਨ੍ਹਾਂ ਕਿਹਾ ਕਿ ਸਾਡੇ ਲਈ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਬੱਚੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਪੜ੍ਹ ਕੇ ਨੌਕਰੀਆਂ ਪ੍ਰਾਪਤ ਕਰ ਰਹੇ ਹਨ, ਜੋ ਆਪਣੇ ਪਰਿਵਾਰ ਦਾ ਸਹਾਰਾ ਬਣਨਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਸਕੂਲਾਂ ਕਾਲਜਾਂ ਵਿੱਚ ਜਾ ਕੇ ਇਥੇ ਪੜ੍ਹ ਰਹੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਸਿੱਧੇ ਤੌਰ 'ਤੇ ਸਕੂਲਾਂ ਤੇ ਕਾਲਜਾਂ ਨੂੰ ਸੌਂਪੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਬੀਤੇ 'ਚ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਇਸ ਦੀ ਸੁਜੋਗ ਵਰਤੋਂ ਯਕੀਨੀ ਬਣੀ ਰਹੇ। ਇਸ ਮੌਕੇ ਉਨ੍ਹਾਂ ਨਾਲ ਸ. ਦਿਲਸ਼ਾਹ ਸਿੰਘ ਅਨੰਦ, ਸੁਪਰਵਾਈਜ਼ਰ ਸ. ਹਰਮਿੰਦਰਬੀਰ ਸਿੰਘ ਤੇ ਗੁਰਦੁਆਰਾ ਇੰਸਪੈਕਟਰ ਸ. ਚੰਚਲਦੀਪ ਸਿੰਘ ਸ਼ਾਮਲ ਹਨ।

***

## ਕੈਨੇਡਾ 'ਚ ਸਿੱਖਾਂ ਨੇ ਵਪਾਰ ਤੇ ਰਾਜਨੀਤੀ

ਨੇ ਵਪਾਰ ਦੇ ਨਾਲ-ਨਾਲ ਰਾਜਨੀਤੀ ਵਿੱਚ ਉੱਚੇ ਮੁਕਾਮ ਹਾਸਲ ਕੀਤੇ ਹਨ।ਧਾਮੀ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਸੰਸਦ ਮੈਂਬਰ ਜਸਰਾਜ ਸਿੰਘ ਅਤੇ ਅਮਨਪ੍ਰੀਤ ਸਿੰਘ ਗਿੱਲ ਪੂਰਨ ਸਿੱਖ ਸਰੂਪ ਵਿੱਚ ਹਨ, ਜੋ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ।

ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਸੰਸਦ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਸੰਸਦ ਮੈਂਬਰ ਹਨ, ਜਿਨ੍ਹਾਂ ਤੋਂ ਕੌਮ ਨੂੰ ਹਮੇਸ਼ਾ ਉਮੀਦਾਂ ਰਹਿੰਦੀਆਂ ਹਨ।ਸੰਸਦ ਮੈਂਬਰਾਂ ਨੇ ਸਨਮਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਹ ਗੁਰੂ ਦੀਆਂ ਸਿੱਖਿਆਵਾਂ ਅਨੁਸਾਰ ਮਨੁੱਖਤਾ ਦੀ ਸੇਵਾ ਕਰਦੇ ਹੋਏ ਮਾਣ ਮਹਿਸੂਸ ਕਰਦੇ ਹਨ।

***

## ਹੋਲਾ-ਮਹੱਲਾ ਦੌਰਾਨ ਸ਼ਰਧਾਲੂਆਂ ਲਈ ਮੁਹੱਈਆ ਕਰਵਾਏ ਜਾਣਗੇ

ਉਨ੍ਹਾਂ ਦੱਸਿਆ ਕਿ ਹੋਲਾ-ਮਹੱਲਾ ਮੌਕੇ ਸਮੁੱਚੇ ਮੇਲਾ ਖੇਤਰ ਨੂੰ 11 ਸੈਕਟਰਾਂ ਵਿੱਚ ਵੰਡਿਆ ਗਿਆ ਹੈ। ਸੰਗਤਾਂ ਦੀ ਸਹੂਲਤ ਲਈ ਦੋ ਥਾਵਾਂ 'ਤੇ ਟਰਾਲੀ ਸਿਟੀ ਬਣਾਈ ਜਾ ਰਹੀ ਹੈ, ਸਾਢੇ ਪੰਜ ਏਕੜ ਵਿੱਚ ਝਿੰਜੜੀ ਅਤੇ ਚਰਨ ਗੰਗਾ ਖੱਡ ਨੂੰ ਟਰਾਲੀ ਸਿਟੀ ਲਈ ਨਿਰਧਾਰਤ ਕੀਤਾ ਹੈ। 8 ਏਕੜ ਵਿੱਚ ਟੈਂਟ ਸਿਟੀ ਸ਼ਰਧਾਲੂਆਂ ਦੇ ਠਹਿਰਾਓ ਲਈ ਬਣਾਈ ਜਾ ਰਹੀ ਹੈ ਜੋ ਪੂਰਾ ਸਾਲ ਸਥਾਪਿਤ ਰਹੇਗੀ।

ਉਨ੍ਹਾਂ ਨੇ ਕਿਹਾ ਕਿ ਸ਼ਰਧਾਲੂਆਂ ਲਈ 60 ਸ਼ਟਲ ਬੱਸ ਸਰਵਿਸ ਅਤੇ 100 ਈ ਰਿਕਸ਼ਾ ਦੀ ਮੁਫਤ ਸੇਵਾ ਦਾ ਪ੍ਰਬੰਧ ਕੀਤਾ ਗਿਆ ਹੈ। ਸਮੁੱਚੇ ਮੇਲਾ ਖੇਤਰ ਵਿੱਚ ਹਰ ਸੈਕਟਰ ਵਿੱਚ ਕਲੀਨਿਕ ਸਥਾਪਤ ਹੋਣਗੇ, ਜਿੱਥੇ ਡਾਕਟਰਾਂ ਦੀਆਂ ਟੀਮਾਂ ਸ਼ਰਧਾਲੂਆਂ ਨੂੰ ਮੁਫਤ ਸਿਹਤ ਸਹੂਲਤਾਂ ਦੇਣਗੀਆਂ। ਉਨ੍ਹਾਂ ਨੇ ਕਿਹਾ ਕਿ ਹੋਲਾ ਮਹੱਲਾ ਮੌਕੇ ਗੁਰੂ ਸਾਹਿਬ ਦੀਆਂ ਲਾਡਲੀਆਂ ਫ਼ੌਜਾ ਨਿਹੰਗ ਸਿੰਘ ਆਪਣੇ ਘੋੜਿਆਂ ਨਾਲ ਇਥੇ ਪੁੱਜਦੇ ਹਨ, ਜਿਨ੍ਹਾਂ ਦੇ ਘੋੜਿਆਂ ਲਈ ਵਿਸੇਸ਼ ਵੈਟਰਨਰੀ ਡਿਸਪੈਂਸਰੀਆਂ ਕਾਇਮ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਹੋਲਾ ਮਹੱਲਾ ਤਿਉਹਾਰ ਮੌਕੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਮਨਾਹੀ ਕੀਤੀ ਗਈ ਹੈ। ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੀ ਹਦੂਦ ਅੰਦਰ ਸ਼ਰਾਬ, ਮੀਟ ਅਤੇ ਕਿਸੇ ਵੀ ਕਿਸਮ ਦੇ ਤੰਬਾਕੂ ਵਾਲੀਆਂ ਵਸਤੂਆਂ ਦੇ ਵੇਚਣ ਅਤੇ ਵਰਤਣ 'ਤੇ ਪੂਰੀ ਪਾਬੰਦੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਸ ਬਾਰੇ ਧਾਰਮਿਕ ਸ਼ਖਸੀਅਤਾਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਸੰਗਤਾਂ ਨੂੰ ਅਪੀਲ ਕਰਨ ਕਿ ਉਹ ਇਸ ਤਿਉਹਾਰ ਮੌਕੇ ਮਰਿਆਦਾ ਦੀ ਪਾਲਣਾ ਕਰਨ।ਉਨ੍ਹਾਂ ਦੱਸਿਆ ਕਿ ਹੋਲਾ-ਮਹੱਲਾ ਦੌਰਾਨ ਵਿਰਾਸਤ ਏ ਖਾਲਸਾ ਵਿੱਚ ਕਰਾਫਟ ਮੇਲਾ ਲਗਾਇਆ ਜਾਵੇਗਾ ਜਿੱਥੇ ਪੰਜਾਬ ਦੇ ਹੁਨਰ ਨੂੰ ਦਰਸਾਇਆ ਜਾਵੇਗਾ ਅਤੇ ਚਰਨ ਗੰਗਾ ਸਟੇਡੀਅਮ ਵਿੱਚ ਵਿਰਾਸਤੀ ਖੇਡਾਂ ਕਰਵਾਇਆ ਜਾਣਗੀਆਂ ਜਿਸ ਵਿੱਚ ਪੰਜਾਬ ਦੇ ਵਿਰਸੇ ਦੀ ਝਲਕ ਨਜ਼ਰ ਆਵੇਗੀ।

***

## ਸ੍ਰੀ ਆਨੰਦਪੁਰ ਸਾਹਿਬ ਵਿਖੇ 27 ਤੋਂ ਹੋਣਗੇ

ਮੀਟਿੰਗ ਕਰਦਿਆਂ ਸ਼ਰਧਾਲੂਆਂ ਦੀ ਸਹੂਲਤ ਲਈ ਵੱਡੇ ਐਲਾਨ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸੰਗਤਾਂ ਦੇ ਰਹਿਣ ਲਈ 8 ਏਕੜ ਵਿੱਚ ਇੱਕ 'ਟੈਂਟ ਸਿਟੀ' ਅਤੇ ਇੱਕ ਵਿਸ਼ੇਸ਼ 'ਟਰਾਲੀ ਸਿਟੀ' ਸਥਾਪਤ ਕੀਤੀ ਜਾਵੇਗੀ।

ਇਸ ਤੋਂ ਇਲਾਵਾ 25 ਪਾਰਕਿੰਗ ਜ਼ੋਨ ਬਣਾਏ ਜਾਣਗੇ ਅਤੇ ਸ਼ਰਧਾਲੂਆਂ ਨੂੰ ਲਿਆਉਣ-ਲਿਜਾਣ ਲਈ 60 ਸ਼ਟਲ ਬੱਸਾਂ ਤੇ 100 ਈ-ਰਿਕਸ਼ਾ ਚਲਾਏ ਜਾਣਗੇ।

ਰੋਪੜ ਦੇ ਡਿਪਟੀ ਕਮਿਸ਼ਨਰ ਆਦਿਤਿਆ ਡਾਚਵਾਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗਜ ਨਾਲ ਮੀਟਿੰਗ ਕਰਕੇ ਪ੍ਰਸ਼ਾਸਨਿਕ ਅਤੇ ਧਾਰਮਿਕ ਤਾਲਮੇਲ ਦਾ ਭਰੋਸਾ ਦਿੱਤਾ ਹੈ।

ਸਾਲ 2018 ਵਿੱਚ ਸਿੱਖ ਜਥੇਦਾਰਾਂ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਨੁਸਾਰ, ਹੋਲੇ-ਮਹੱਲੇ ਦੌਰਾਨ ਸਿਆਸੀ ਕਾਨਫਰੰਸਾਂ ਕਰਨ 'ਤੇ ਮੁਕੰਮਲ ਪਾਬੰਦੀ ਰਹੇਗੀ।ਹਾਲਾਂਕਿ ਅਗਲੇ ਸਾਲ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਸ ਕਾਰਨ ਇਸ ਵਾਰ ਇਹ ਸਮਾਗਮ ਸਿਆਸੀ ਤੌਰ 'ਤੇ ਵੀ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ ਪਰ ਪ੍ਰਸ਼ਾਸਨ ਦਾ ਪੂਰਾ ਜ਼ੋਰ ਇਸ ਨੂੰ ਸਿਰਫ਼ ਧਾਰਮਿਕ ਅਤੇ ਅਧਿਆਤਮਿਕ ਰੰਗ ਵਿੱਚ ਰੱਖਣ 'ਤੇ ਹੈ।

***

## ਕੀ 'ਆਪ' ਹੱਥੋਂ ਪੰਜਾਬ

### ਪੰਜਾਬ ਵਿੱਚ ਆਪ ਦੀ ਵਾਪਸੀ ਸੰਭਵ ਹੈ ਜਾਂ ਨਹੀਂ ?

ਇਸ ਬਾਰੇ ਵਿਚਾਰ ਵੱਖਰੇ ਹਨ।ਕੁਝ ਜਾਣਕਾਰਾਂ ਅਨੁਸਾਰ ਪੰਜਾਬ ਆਪ ਲਈ ਹੋਂਦ ਦਾ ਸਵਾਲ ਹੈ। ਜੇ 2027 ਵਿੱਚ ਜਿੱਤ ਮਿਲੀ ਤਾਂ ਪਾਰਟੀ ਰਾਸ਼ਟਰੀ ਪੱਧਰ 'ਤੇ ਮਜ਼ਬੂਤ ਹੋ ਸਕਦੀ ਹੈ।ਪਰ ਵੋਟ ਬੈਂਕ ਵਿੱਚ ਖਿਸਕਾਅ, ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਇਲਜ਼ਾਮ ਅਤੇ ਵਿਰੋਧੀਆਂ ਦੀਆਂ ਰਣਨੀਤੀਆਂ ਚੁਣੌਤੀਆਂ ਵਧਾ ਰਹੀਆਂ ਹਨ। ਹਾਲ ਹੀ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸਮਿਤੀ ਚੋਣਾਂ ਵਿੱਚ ਆਪ ਨੂੰ ਵੱਡੀ ਜਿੱਤ ਮਿਲੀ ਹੈ, ਜਿਸ ਨੂੰ 2027 ਲਈ ਸੈਮੀਫ਼ਾਈਨਲ ਵਜੋਂ ਵੇਖਿਆ ਜਾ ਰਿਹਾ ਹੈ।

ਰਾਜਨੀਤਿਕ ਮਾਹਿਰਾਂ ਦਾ ਕਹਿਣਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਚੁੱਪ ਇੱਕ 'ਰਾਜਨੀਤਕ ਨੀਤੀ' ਹੈ।ਉਹ ਜਾਣਦੇ ਹਨ ਕਿ ਜੇ ਪੰਜਾਬ ਹੱਥੋਂ ਨਿਕਲ ਗਿਆ, ਤਾਂ 'ਆਮ ਆਦਮੀ ਪਾਰਟੀ' ਸਿਰਫ਼ ਇਤਿਹਾਸ ਦੇ ਪੰਨਿਆਂ ਤੱਕ ਸੀਮਤ ਰਹਿ ਜਾਵੇਗੀ।

2027 ਦੀ ਜਿੱਤ ਲਈ ਪਾਰਟੀ ਨੂੰ ਸਿਰਫ਼ ਰਿਮੋਟ ਕੰਟਰੋਲ ਛੱਡਣ ਦਾ 'ਦਿਖਾਵਾ' ਨਹੀਂ ਕਰਨਾ ਪਵੇਗਾ, ਸਗੋਂ ਅਸਲ ਵਿੱਚ ਪੰਜਾਬ ਦੇ ਸਥਾਨਕ ਲੀਡਰਾਂ ਨੂੰ ਤਾਕਤ ਦੇਣੀ ਪਵੇਗੀ। ਜੇਕਰ ਭਗਵੰਤ ਮਾਨ ਅਗਲੇ ਡੇਢ ਸਾਲ ਵਿੱਚ ਖੇਤੀਬਾੜੀ ਅਤੇ ਨਸ਼ਾ ਮੁਕਤੀ 'ਤੇ ਕੋਈ ਠੋਸ ਨਤੀਜਾ ਦੇ ਪਾਉਂਦੇ ਹਨ, ਤਾਂ ਹੀ ਕੇਜਰੀਵਾਲ ਦੀ ਇਹ ਪਰਦੇ ਪਿੱਛੇ ਦੀ ਖੇਡ ਸਫ਼ਲ ਹੋਵੇਗੀ। ਭਗਵੰਤ ਮਾਨ ਸਰਕਾਰ ਨੂੰ ਹੁਣ 'ਪੰਜਾਬ ਮਾਡਲ' ਬਣਾਉਣਾ ਪਵੇਗਾ ਤਾਂ ਜੋ ਲੋਕ ਫ਼ਿਰ ਤੋਂ ਭਰੋਸਾ ਕਰਨ।

***

## 'ਵਾਰਿਸ ਪੰਜਾਬ ਦੇ' ਅਤੇ ਨਵੇਂ ਅਕਾਲੀ

ਟਿਕ ਨਹੀਂ ਸਕੇ।ਜਦੋਂ ਤੱਕ ਇਸ ਧੜੇ ਕੋਲ ਕੋਈ ਬਹੁਤ ਵੱਡਾ 'ਕ੍ਰਿਸ਼ਮਈ ਆਗੂ' ਤੇ ਏਜੰਡਾ, ਨੈਰੇਟਿਵ, ਨੀਤੀ ਨਹੀਂ ਹੁੰਦਾ, ਇਨ੍ਹਾਂ ਲਈ ਵੋਟਾਂ ਬਟੋਰਨਾ ਔਖਾ ਹੋਵੇਗਾ। ਜੇਕਰ 'ਆਪ' ਦੀ ਸਰਕਾਰ ਵਿਰੁੱਧ ਗੁੱਸਾ ਵਧਦਾ ਹੈ, ਤਾਂ ਪੰਜਾਬ ਵਿੱਚ 'ਤੀਜੀ ਧਿਰ' ਬਣਨ ਦੀਆਂ ਸੰਭਾਵਨਾਵਾਂ ਬਹੁਤ ਪ੍ਰਬਲ ਹਨ।

ਜੇ ਸੁਧਾਰ ਲਹਿਰ ਅਤੇ ਹੋਰ ਪੰਥਕ ਜਥੇਬੰਦੀਆਂ ਇਕੱਠੀਆਂ ਹੋ ਕੇ ਕਿਸੇ ਨਵੇਂ ਚਿਹਰੇ ਨੂੰ ਅੱਗੇ ਲਿਆਉਂਦੀਆਂ ਹਨ, ਤਾਂ ਇਹ ਪੰਜਾਬ ਦੀ ਸਿਆਸਤ ਨੂੰ ਪੂਰੀ ਤਰ੍ਹਾਂ ਬਦਲ ਸਕਦੇ ਹਨ।

ਪਰ ਜੇ ਇਹ ਸਾਰੇ ਧੜੇ ਅਲੱਗ-ਅਲੱਗ ਚੋਣ ਲੜਦੇ ਹਨ, ਤਾਂ ਇਸ ਦਾ ਸਿੱਧਾ ਫ਼ਾਇਦਾ ਕਾਂਗਰਸ ਜਾਂ ਭਾਜਪਾ ਨੂੰ ਹੋਵੇਗਾ, ਕਿਉਂਕਿ ਸਿੱਖ ਵੋਟ ਵੰਡੀ ਜਾਵੇਗੀ।

ਪੰਜਾਬ ਇਸ ਸਮੇਂ 'ਨਵੀਂ ਅਕਾਲੀ ਸਿਆਸਤ' ਦੀ ਭਾਲ ਵਿੱਚ ਹੈ। ਲੋਕ ਅਜਿਹਾ ਅਕਾਲੀ ਦਲ ਚਾਹੁੰਦੇ ਹਨ ਜੋ ਧਾਰਮਿਕ ਤੌਰ 'ਤੇ ਵੀ ਮਜ਼ਬੂਤ ਹੋਵੇ ਅਤੇ ਆਧੁਨਿਕ ਪੰਜਾਬ ਦੀ ਆਰਥਿਕਤਾ ਦਾ ਹੱਲ ਵੀ ਪੇਸ਼ ਕਰੇ।'ਵਾਰਿਸ ਪੰਜਾਬ ਦੇ' ਨੇ ਸਿਰਫ਼ ਭਾਵਨਾਤਮਕ ਮੁੱਦਿਆਂ ਨੂੰ ਹਵਾ ਦਿੱਤੀ ਹੈ, ਜਦਕਿ ਨਵਾਂ ਅਕਾਲੀ ਦਲ ਅਜੇ ਸਿਰਫ਼ ਕੁਰਸੀ ਦੀ ਲੜਾਈ ਵਿੱਚ ਉਲਝਿਆ ਜਾਪਦਾ ਹੈ।

***

## ਅਕਾਲੀ ਦਲ ਦਾ ਭਵਿੱਖ ਕੀ ਹੋਵੇਗਾ ?

ਅਤੇ ਸਥਾਨਕ ਖੁਦਮੁਖਤਿਆਰੀ ਦੀ ਮੁਦੱਈ ਰਹੀ ਹੈ। ਜਦੋਂ ਦਿੱਲੀ ਦੇ ਆਗੂ (ਜਿਵੇਂ ਕਿ ਰਾਘਵ ਚੱਢਾ ਜਾਂ ਸੰਦੀਪ ਪਾਠਕ) ਪੰਜਾਬ ਦੇ ਪ੍ਰਸ਼ਾਸਨਿਕ ਫ਼ੈਸਲਿਆਂ ਵਿੱਚ ਹਾਵੀ ਨਜ਼ਰ ਆਏ, ਤਾਂ ਸਿੱਖ ਵੋਟਰਾਂ ਨੂੰ ਲੱਗਿਆ ਕਿ ਪੰਜਾਬ ਦੀ ਸੱਤਾ ਮੁੜ ਤੋਂ ਦਿੱਲੀ ਦੇ ਦਰਬਾਰ ਅੱਗੇ ਗੋਡੇ ਟੇਕ ਰਹੀ ਹੈ। ਸਿੱਖ ਭਾਈਚਾਰਾ ਇੱਕ ਅਜਿਹਾ ਆਗੂ ਚਾਹੁੰਦਾ ਹੈ ਜੋ ਪੰਥਕ ਅਤੇ ਪੰਜਾਬੀ ਰਵਾਇਤਾਂ ਮੁਤਾਬਕ ਖੁਦ ਫ਼ੈਸਲੇ ਲਵੇ।

**4. ਪੰਥਕ ਤੇ ਪੰਜਾਬ ਏਜੰਡੇ ਦੀ ਗੈਰ-ਮੌਜੂਦਗੀ**

'ਆਪ' ਨੇ ਆਪਣੀ ਰਾਜਨੀਤੀ ਨੂੰ 'ਸਿੱਖਿਆ ਅਤੇ ਸਿਹਤ' (ਦਿੱਲੀ ਮਾਡਲ) ਤੱਕ ਸੀਮਤ ਰੱਖਿਆ ਹੈ।ਸਿੱਖ ਰਾਜਨੀਤੀ ਅਕਸਰ ਪਛਾਣ ( ਸੂਬੇ ਦੇ ਅਧਿਕਾਰਾਂ ਅਤੇ ਧਾਰਮਿਕ ਸੁਤੰਤਰਤਾ ਦੇ ਦੁਆਲੇ ਘੁੰਮਦੀ ਹੈ। 'ਆਪ' ਵੱਲੋਂ ਇਨ੍ਹਾਂ ਮੁੱਦਿਆਂ 'ਤੇ ਚੁੱਪੀ ਧਾਰਨੀ ਜਾਂ ਇਨ੍ਹਾਂ ਨੂੰ 'ਸੈਕੰਡਰੀ' ਮੰਨਣਾ ਸਿੱਖ ਭਾਈਚਾਰੇ ਨੂੰ ਰਾਸ ਨਹੀਂ ਆ ਰਿਹਾ।

**5. ਬੁੱਧੀਜੀਵੀਆਂ ਅਤੇ ਨੌਜਵਾਨਾਂ ਦੀਆਂ ਉਮੀਦਾਂ**

ਪੰਜਾਬ ਦੇ ਨੌਜਵਾਨਾਂ ਨੇ 'ਆਪ' ਨੂੰ ਇੱਕ 'ਇਨਕਲਾਬੀ' ਪਾਰਟੀ ਵਜੋਂ ਵੇਖਿਆ ਸੀ। ਨਸ਼ਿਆਂ ਦਾ ਮੁੱਦਾ, ਗੈਂਗਸਟਰ ਕਲਚਰ ਅਤੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਲਾਇਨ ਅਜੇ ਵੀ ਜਾਰੀ ਹੈ। ਇਸ ਤੋਂ ਇਲਾਵਾ, ਕੇਂਦਰੀ ਹਕੂਮਤ ਵੱਲੋਂ ਪੰਜਾਬ ਦੇ ਪਾਣੀਆਂ ਜਾਂ ਚੰਡੀਗੜ੍ਹ 'ਤੇ ਕੀਤੇ ਜਾਂਦੇ ਹਮਲਿਆਂ ਵੇਲੇ ਪਾਰਟੀ ਦਾ ਸਟੈਂਡ ਕਈ ਵਾਰ ਸਿੱਖਾਂ ਨੂੰ ਕਮਜ਼ੋਰ ਜਾਪਦਾ ਹੈ।

**6 ਹਾਲੀਆ ਘਟਨਾਵਾਂ ਅਤੇ ਗ੍ਰਿਫ਼ਤਾਰੀਆਂ**

ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਅਤੇ ਉਸ ਤੋਂ ਬਾਅਦ ਪੈਦਾ ਹੋਏ ਹਾਲਾਤ ਦੌਰਾਨ ਸਰਕਾਰ ਦੇ ਸਖ਼ਤ ਰਵੱਈਏ ਨੇ ਸਿੱਖਾਂ ਦੇ ਇੱਕ ਹਿੱਸੇ ਵਿੱਚ ਇਹ ਪ੍ਰਭਾਵ ਦਿੱਤਾ ਕਿ 'ਆਪ' ਵੀ ਰਵਾਇਤੀ ਪਾਰਟੀਆਂ ਵਾਂਗ 'ਸਟੇਟ' ਦੀ ਭਾਸ਼ਾ ਬੋਲ ਰਹੀ ਹੈ, ਨਾ ਕਿ ਲੋਕਾਂ ਦੀ।

ਸਿੱਖ ਵੋਟਰ 'ਆਪ' ਤੋਂ ਸਿਰਫ਼ ਮੁਫ਼ਤ ਬਿਜਲੀ ਜਾਂ ਆਟਾ-ਦਾਲ ਨਹੀਂ ਚਾਹੁੰਦਾ ਸੀ, ਸਗੋਂ ਉਹ ਪੰਜਾਬੀ ਗੌਰਵ ਅਤੇ ਧਾਰਮਿਕ ਇਨਸਾਫ਼ ਦੀ ਉਮੀਦ ਰੱਖਦਾ ਸੀ।ਇਨ੍ਹਾਂ ਦੋਵਾਂ ਮੋਰਚਿਆਂ 'ਤੇ ਪਾਰਟੀ ਦੀ ਕਾਰਗੁਜ਼ਾਰੀ ਢਿੱਲੀ ਰਹੀ ਹੈ, ਜਿਸ ਕਾਰਨ 2027 ਦੀਆਂ ਚੋਣਾਂ ਤੋਂ ਪਹਿਲਾਂ ਸਿੱਖਾਂ ਦਾ ਭਰੋਸਾ ਜਿੱਤਣਾ ਭਗਵੰਤ ਮਾਨ ਲਈ ਸਭ ਤੋਂ ਵੱਡੀ ਚੁਣੌਤੀ ਹੋਵੇਗੀ।

***

## ਵੈਕਿਊਮ ਬੰਬ ਦੇ ਧਮਾਕਿਆਂ ਕਾਰਨ 2800 ਤੋਂ

1980 ਦੀ ਸਰਟਨ ਕਨਵੈਨਸ਼ਨਲ ਵੈਪਨਜ਼ ਦੇ ਤਹਿਤ 'ਇਨਸੈਂਡਰੀ' ਹਥਿਆਰਾਂ (ਜੋ ਅੱਗ ਲਗਾਉਂਦੇ ਹਨ) ਦੀ ਵਰਤੋਂ 'ਤੇ ਸਖ਼ਤ ਪਾਬੰਦੀਆਂ ਹਨ।ਜੇਕਰ ਇਨ੍ਹਾਂ ਹਥਿਆਰਾਂ ਦੀ ਵਰਤੋਂ ਅਜਿਹੇ ਇਲਾਕਿਆਂ ਵਿੱਚ ਕੀਤੀ ਜਾਂਦੀ ਹੈ ਜਿੱਥੇ ਆਮ ਨਾਗਰਿਕ ਰਹਿ ਰਹੇ ਹਨ (ਜਿਵੇਂ ਕਿ ਗਾਜ਼ਾ ਦੇ ਸਕੂਲ ਜਾਂ ਸ਼ਰਨਾਰਥੀ ਕੈਂਪ), ਤਾਂ ਇਹ ਪਰੋਟੋਕਾਲ 999 ਦੀ ਸਿੱਧੀ ਉਲੰਘਣਾ ਹੈ।

ਗਾਜ਼ਾ ਵਿੱਚ 2800 ਲੋਕਾਂ ਦਾ ਗਾਇਬ ਹੋਣਾ ਨਸਲਕੁਸ਼ੀ ਦੇ ਮਾਮਲੇ ਨੂੰ ਹੋਰ ਗੰਭੀਰ ਬਣਾਉਂਦਾ ਹੈ।ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੇ ਹਥਿਆਰਾਂ ਦੀ ਵਰਤੋਂ ਨਾਲ ਸਰੀਰਾਂ ਦਾ ਖਤਮ ਹੋ ਜਾਣਾ ਸਬੂਤਾਂ ਨੂੰ ਮਿਟਾਉਣ ਦੇ ਬਰਾਬਰ ਹੈ, ਤਾਂ ਜੋ ਬਾਅਦ ਵਿੱਚ ਜੰਗੀ ਅਪਰਾਧਾਂ ਦੀ ਜਾਂਚ ਨਾ ਹੋ ਸਕੇ। ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਪਹਿਲਾਂ ਹੀ ਇਸਰਾਈਲੀ ਲੀਡਰਸ਼ਿਪ ਵਿਰੁੱਧ ਜਾਂਚ ਕਰ ਰਹੀ ਹੈ। ਇਹ ਰਿਪੋਰਟ 'ਮਨੁੱਖਤਾ ਵਿਰੁੱਧ ਅਪਰਾਧ' ਦੇ ਤਹਿਤ ਨਵੇਂ ਵਾਰੰਟ ਜਾਰੀ ਕਰਨ ਦਾ ਅਧਾਰ ਬਣ ਸਕਦੀ ਹੈ।

ਤਕਨੀਕੀ ਤੌਰ 'ਤੇ, ਵੈਕਿਊਮ ਬੰਬਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਨਹੀਂ ਹੈ ਜੇਕਰ ਉਹ ਖੁੱਲ੍ਹੇ ਜੰਗੀ ਮੈਦਾਨ ਵਿੱਚ ਫ਼ੌਜੀ ਟੀਚਿਆਂ ਵਿਰੁੱਧ ਵਰਤੇ ਜਾਣ। ਪਰ, ਜਦੋਂ ਇਨ੍ਹਾਂ ਦੀ ਵਰਤੋਂ ਸੰਘਣੀ ਆਬਾਦੀ ਵਾਲੇ ਇਲਾਕਿਆਂ (ਜਿਵੇਂ ਗਾਜ਼ਾ) ਵਿੱਚ ਹੁੰਦੀ ਹੈ, ਤਾਂ ਇਹ ਗ਼ੈਰ-ਕਾਨੂੰਨੀ ਹੋ ਜਾਂਦੇ ਹਨ ਕਿਉਂਕਿ ਇਨ੍ਹਾਂ ਦਾ ਪ੍ਰਭਾਵ 'ਅੰਨ੍ਹੇਵਾਹ' ਹੁੰਦਾ ਹੈ।

***

## ਭਾਰਤ-ਅਮਰੀਕਾ ਅੰਤਰਿਮ ਵਪਾਰ ਸੌਦਾ: ਖੇਤੀਬਾੜੀ ਖੇਤਰ ਲਈ

ਆਯਾਤ ਡਿਊਟੀ ਦੀ ਸੁਰੱਖਿਆ: ਖੇਤੀ ਉਤਪਾਦਾਂ 'ਤੇ ਟੈਰਿਫ਼ ਘਟਾਉਣ ਦੀ ਬਜਾਏ, ਸਥਾਨਕ ਕਿਸਾਨਾਂ ਨੂੰ ਬਚਾਉਣ ਲਈ ਉੱਚੀ ਆਯਾਤ ਡਿਊਟੀ ਬਰਕਰਾਰ ਰੱਖੀ ਜਾਵੇ।

ਜੀ.ਐੱਮ. ਫ਼ਸਲਾਂ 'ਤੇ ਪਾਬੰਦੀ: ਲਿਖਤੀ ਭਰੋਸਾ ਦਿੱਤਾ ਜਾਵੇ ਕਿ ਅਮਰੀਕਾ ਤੋਂ ਕਿਸੇ ਵੀ ਤਰ੍ਹਾਂ ਦਾ ਜੈਨੇਟਿਕਲੀ ਮੋਡੀਫ਼ਾਈਡ ਅਨਾਜ ਜਾਂ ਬੀਜ ਭਾਰਤ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ।

ਅੰਦੋਲਨ ਨੂੰ ਮਜ਼ਬੂਤ ਕਰਨ ਲਈ ਕਿਸਾਨ ਜਥੇਬੰਦੀਆਂ ਹੇਠ ਲਿਖੇ ਵਰਗਾਂ ਨੂੰ ਨਾਲ ਜੋੜਨਗੀਆਂ:

ਡੇਅਰੀ ਸੈਕਟਰ: ਦੁੱਧ ਉਤਪਾਦਕਾਂ ਨੂੰ ਨਾਲ ਲੈਣਾ, ਕਿਉਂਕਿ ਅਮਰੀਕੀ ਡੇਅਰੀ ਉਤਪਾਦਾਂ ਦਾ ਖ਼ਤਰਾ ਸਿੱਧਾ ਪੇਂਡੂ ਆਰਥਿਕਤਾ 'ਤੇ ਹੈ।

ਟ੍ਰੇਡ ਯੂਨੀਅਨਾਂ: ਉਦਯੋਗਿਕ ਮਜ਼ਦੂਰਾਂ ਨੂੰ ਜੋੜਨਾ ਕਿਉਂਕਿ ਇਹ ਸੌਦਾ ਭਾਰਤੀ ਉਦਯੋਗਾਂ 'ਤੇ ਵੀ ਅਸਰ ਪਾਵੇਗਾ।

ਵਿਦਿਆਰਥੀ ਅਤੇ ਬੁੱਧੀਜੀਵੀ: ਯੂਨੀਵਰਸਿਟੀਆਂ ਵਿੱਚ ਸੌਦੇ ਦੇ ਆਰਥਿਕ ਪ੍ਰਭਾਵਾਂ 'ਤੇ ਚਰਚਾ ਕਰਵਾ ਕੇ ਨੌਜਵਾਨਾਂ ਦੀ ਹਮਾਇਤ ਹਾਸਲ ਕਰਨਾ।

ਡਿਜੀਟਲ ਅਤੇ ਅੰਤਰਰਾਸ਼ਟਰੀ ਮੁਹਿੰਮ ਤਿੱਖੀ ਹੋਵੇਗੀ

ਇਸ ਵਾਰ ਸੋਸ਼ਲ ਮੀਡੀਆ ਦੀ ਵਰਤੋਂ ਪਹਿਲਾਂ ਨਾਲੋਂ ਵੀ ਤੇਜ਼ ਹੋਵੇਗੀ:

ਕੌਮਾਂਤਰੀ ਦਬਾਅ: ਅਮਰੀਕਾ ਅਤੇ ਯੂਰਪ ਦੀਆਂ ਕਿਸਾਨ ਯੂਨੀਅਨਾਂ ਨਾਲ ਸੰਪਰਕ ਕਰਨਾ, ਜੋ ਖੁਦ ਕਾਰਪੋਰੇਟ ਖੇਤੀ ਨੀਤੀਆਂ ਦੇ ਖਿਲਾਫ਼ ਲੜ ਰਹੇ ਹਨ।ਜੇਕਰ ਇਹ ਅੰਦੋਲਨ ਸ਼ੁਰੂ ਹੁੰਦਾ ਹੈ, ਤਾਂ ਇਹ 2026 ਦੀਆਂ ਵਿਧਾਨ ਸਭਾ ਚੋਣਾਂ ਵਾਲੇ ਰਾਜਾਂ ਵਿੱਚ ਸਰਕਾਰ ਲਈ ਵੱਡੀ ਚੁਣੌਤੀ ਬਣੇਗਾ।ਰਾਹੁਲ ਗਾਂਧੀ ਵਰਗੇ ਨੇਤਾਵਾਂ ਵੱਲੋਂ ਦਿੱਤਾ ਜਾ ਰਿਹਾ ਸਮਰਥਨ ਇਸ ਨੂੰ ਸਿਆਸੀ ਤੌਰ 'ਤੇ ਹੋਰ ਪ੍ਰਭਾਵਸ਼ਾਲੀ ਬਣਾ ਸਕਦਾ ਹੈ।

***

## ਕਾਂਗਰਸ ਵਿੱਚ ਚੰਨੀ ਦੀ ਨਰਾਜ਼ਗੀ ਅਤੇ ਜਾਤੀ

### ਕਾਂਗਰਸ ਹਾਈਕਮਾਂਡ ਕਿਉਂ ਚੁੱਪ ਹੈ ?

ਇਹ ਸਭ ਤੋਂ ਵੱਡਾ ਸਵਾਲ ਹੈ। ਪੰਜਾਬ ਕਾਂਗਰਸ ਵਿੱਚ ਅੰਦਰੂਨੀ ਜੰਗ ਚੱਲ ਰਹੀ ਹੈ, ਪਰ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਰਗੇ ਕੇਂਦਰੀ ਆਗੂ ਚੁੱਪ ਹਨ। ਭੁਪੇਸ਼ ਬਘੇਲ ਨੂੰ ਇੰਚਾਰਜ ਬਣਾ ਕੇ ਹਾਈਕਮਾਂਡ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਵੱਡੇ ਆਗੂਆਂ ਦੀ ਚੁੱਪੀ ਨੇ ਪਾਰਟੀ ਵਰਕਰਾਂ ਵਿੱਚ ਨਿਰਾਸ਼ਾ ਪੈਦਾ ਕੀਤੀ ਹੈ। ਸੂਤਰਾਂ ਅਨੁਸਾਰ, ਹਾਈਕਮਾਂਡ ਨੂੰ ਲੱਗਦਾ ਹੈ ਕਿ ਅੰਦਰੂਨੀ ਮਾਮਲੇ ਖੁਦ ਨਿਪਟ ਜਾਣਗੇ, ਪਰ ਇਹ ਗਲਤੀ ਹੋ ਸਕਦੀ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੀ ਚੁੱਪੀ ਕਾਰਨ ਪਾਰਟੀ ਨੂੰ ਨੁਕਸਾਨ ਹੋਇਆ ਹੈ। ਹੁਣ 20 ਫਰਵਰੀ ਨੂੰ ਸੰਸਦ ਮੈਂਬਰਾਂ ਦੀ ਮੀਟਿੰਗ ਵਿੱਚ ਰਾਹੁਲ ਗਾਂਧੀ ਦੀ ਪੰਜਾਬ ਰੈਲੀ ਬਾਰੇ ਫੈਸਲਾ ਹੋਵੇਗਾ, ਜੋ ਇੱਕ ਸੰਕੇਤ ਹੈ ਕਿ ਹਾਈਕਮਾਂਡ ਜਾਗ ਰਿਹਾ ਹੈ। ਪਰ ਅੰਦਰੂਨੀ ਫੁੱਟ ਤੇ ਸਖ਼ਤ ਕਾਰਵਾਈ ਨਾ ਕਰਨਾ ਚਿੰਤਾ ਦਾ ਵਿਸ਼ਾ ਹੈ।

### ਰਾਜਾ ਵੜਿੰਗ ਨੂੰ ਨਖਿਧ ਪ੍ਰਧਾਨ ਕਿਉਂ ਮੰਨਿਆ ਜਾ ਰਿਹਾ ਹੈ ?

ਵੜਿੰਗ ਨੂੰ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਅੰਦਰੂਨੀ ਵਿਰੋਧ ਕਾਰਨ ਉਨ੍ਹਾਂ ਨੂੰ ਨਖਿਧ ਮੰਨਿਆ ਜਾ ਰਿਹਾ ਹੈ। ਚੰਨੀ ਅਤੇ ਹੋਰ ਆਗੂਆਂ ਨੇ ਉਨ੍ਹਾਂ ਤੇ ਨਿਸ਼ਾਨਾ ਸਾਧਿਆ ਹੈ। ਵੜਿੰਗ ਨੇ ਮੀਟਿੰਗ ਵਿੱਚ ਕਿਹਾ ਕਿ ਮੈਂਬਰ ਪਾਰਲੀਮੈਂਟ ਨੂੰ ਅਗਲੀਆਂ ਚੋਣਾਂ ਵਿੱਚ ਟਿਕਟ ਨਾ ਦਿੱਤੀ ਜਾਵੇ, ਜਿਸ ਨੇ ਵਿਵਾਦ ਵਧਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਵੜਿੰਗ ਨੂੰ ਆਗੂਆਂ ਨੂੰ ਇੱਕਜੁੱਟ ਕਰਨ ਵਿੱਚ ਅਸਫਲਤਾ ਮਿਲੀ ਹੈ ਅਤੇ ਉਹ ਨਿੱਜੀ ਅਹੰਕਾਰ ਵਿੱਚ ਫਸੇ ਹਨ। ਪਰ ਵੜਿੰਗ ਦੇ ਸਮਰਥਕ ਕਹਿੰਦੇ ਹਨ ਕਿ ਉਹ ਨੌਜਵਾਨ ਲੀਡਰ ਹੈ ਅਤੇ ਪਾਰਟੀ ਨੂੰ ਨਵੀਂ ਦਿਸ਼ਾ ਦੇ ਰਹੇ ਹਨ।

ਬੀਤੇ ਦਿਨੀਂ ਪੰਜਾਬ ਕਾਂਗਰਸ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਇੱਕ ਵੱਡੀ ਮੀਟਿੰਗ ਕੀਤੀ, ਜਿਸ ਵਿੱਚ ਸੀਨੀਅਰ ਆਗੂਆਂ, ਵਿਧਾਇਕਾਂ, ਮੈਂਬਰ ਪਾਰਲੀਮੈਂਟ ਅਤੇ ਜ਼ਿਲ੍ਹਾ ਪ੍ਰਧਾਨਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਕਈ ਆਗੂਆਂ ਨੇ ਆਪਣੇ ਮਤਭੇਦ ਖੁੱਲ੍ਹ ਕੇ ਰੱਖੇ। ਬਹੁਤ ਸਾਰੇ ਆਗੂਆਂ ਨੇ ਸੁਝਾਅ ਦਿੱਤਾ ਕਿ ਇਕੱਲੇ-ਇਕੱਲੇ ਆਗੂਆਂ ਨਾਲ ਪੰਜ-ਪੰਜ ਮਿੰਟ ਮੀਟਿੰਗ ਕੀਤੀ ਜਾਵੇ ਤਾਂ ਜ਼ਮੀਨੀ ਹਕੀਕਤ ਪੇਸ਼ ਕੀਤੀ ਜਾ ਸਕੇ।

## ਕਈ ਸਮੱਸਿਆਵਾਂ ਪੈਦਾ ਕਰਦੀ ਹੈ

ਸਥਾਨਕ ਤੌਰ ’ਤੇ ਉਗਾਏ ਗਏ, ਜੈਵਿਕ ਅਤੇ ਮੌਸਮੀ ਉਤਪਾਦਾਂ ਦੀ ਚੋਣ ਕਰਕੇ ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਓ। ਤੁਸੀਂ ਸੰਤੁਲਨ ਬਣਾ ਕੇ ਅਤੇ ਭੋਜਨ ਦੀ ਯੋਜਨਾ ਬਣਾ ਕੇ, ਬਚੇ ਹੋਏ ਖਾਦ ਬਣਾ ਕੇ, ਅਤੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹਿਤ ਕਰਕੇ ਭੋਜਨ ਦੀ ਬਰਬਾਦੀ ਨੂੰ ਘਟਾ ਸਕਦੇ ਹੋ। ਈਕੋ-ਅਨੁਕੂਲ ਉਤਪਾਦਾਂ, ਨੈਤਿਕ ਅਤੇ ਟਿਕਾਊ ਬ੍ਰਾਂਡਾਂ ਅਤੇ ਵਾਤਾਵਰਣ ਸੰਭਾਲ ਨੂੰ ਤਰਜੀਹ ਦੇਣ ਵਾਲੇ ਕਾਰੋਬਾਰਾਂ ਦਾ ਸਮਰਥਨ ਕਰਕੇ ਸੂਚਿਤ ਚੋਣਾਂ ਕਰੋ। ਦੁਨੀਆਂ ਪਾਣੀ ਦੇ ਸੰਕਟ ਵੱਲ ਵਧ ਰਹੀ ਹੈ। ਇਸ ਲਈ ਸਾਨੂੰ ਪਾਣੀ ਦੀ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਸ ਦੇ ਨਾਲ ਹੀ ਸਾਨੂੰ ਕਾਗਜ਼ ਦੀ ਵਰਤੋਂ ਨੂੰ ਸੀਮਤ ਕਰਕੇ ਅਤੇ ਬਿਜਲੀ ਦੀ ਖਪਤ ਪ੍ਰਤੀ ਸੁਚੇਤ ਰਹਿ ਕੇ ਜ਼ਿੰਮੇਵਾਰੀ ਨਾਲ ਸਰੋਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਘੱਟੋ-ਘੱਟ ਪੈਕੇਜਿੰਗ ਵਾਲੇ ਉਤਪਾਦਾਂ ਦੀ ਚੋਣ ਕਰਨੀ ਚਾਹੀਦੀ ਹੈ ਅਤੇ ਬੇਲੋੜੀ ਖਰੀਦਦਾਰੀ ਤੋਂ ਬਚਣਾ ਚਾਹੀਦਾ ਹੈ। ਕੁਦਰਤ ਵਿੱਚ ਵਧੇਰੇ ਸਮਾਂ ਬਿਤਾਓ, ਇਸਦੀ ਸੁੰਦਰਤਾ ਦੀ ਕਦਰ ਕਰੋ ਅਤੇ ਵਾਤਾਵਰਣ ਨਾਲ ਰੂਹਾਨੀ ਤੌਰ ’ਤੇ ਜੁੜੋ।

ਦੁਨੀਆਂ ਭਰ ਦੇ ਬਹੁਤ ਸਾਰੇ ਖੇਤਰ ਪਾਣੀ ਦੀ ਜ਼ਿਆਦਾ ਵਰਤੋਂ, ਪ੍ਰਦੂਸ਼ਣ ਅਤੇ ਜਲਵਾਯੂ ਤਬਦੀਲੀ ਵਰਗੇ ਕਾਰਕਾਂ ਕਾਰਨ ਪਾਣੀ ਦੀ ਕਮੀ ਦਾ ਸਾਹਮਣਾ ਕਰ ਰਹੇ ਹਨ। ਇਸ ਦਾ ਵਾਤਾਵਰਣ, ਖੇਤੀਬਾੜੀ ਅਤੇ ਮਨੁੱਖੀ ਆਬਾਦੀ ’ਤੇ ਗੰਭੀਰ ਪ੍ਰਭਾਵ ਪੈ ਰਿਹਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ‘ਅਸੀਂ ਬਦਲਾਂਗੇ ਤਾਂ ਯੁੱਗ ਬਦਲ ਜਾਵੇਗਾ’। ਅਸਲ ਵਿੱਚ ਜੇਕਰ ਅਸੀਂ ਦੁਨੀਆਂ ਜਾਂ ਯੁੱਗ ਨੂੰ ਬਦਲਣਾ ਚਾਹੁੰਦੇ ਹਾਂ ਤਾਂ ਇਸ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਕਰਨੀ ਪਵੇਗੀ। ਜੇਕਰ ਅਸੀਂ ਆਪਣੀ ਜੀਵਨ ਸ਼ੈਲੀ ਨੂੰ ਕੁਦਰਤ ਦੇ ਅਨੁਸਾਰ ਢਾਲ ਲਵਾਂਗੇ ਤਾਂ ਵਾਤਾਵਰਣ ਆਪਣੇ ਆਪ ਸੁਰੱਖਿਅਤ ਹੋ ਜਾਵੇਗਾ ਕਿਉਂਕਿ ਅਸੀਂ ਕੁਦਰਤ ਦੇ ਮਾਲਕ ਨਹੀਂ ਸਗੋਂ ਬਾਕੀ ਜੀਵਾਂ ਵਾਂਗ ਇਸ ਦਾ ਹਿੱਸਾ ਹਾਂ। ਅਸੀਂ ਕੁਦਰਤ ਨੂੰ ਆਪਣੇ ਅਨੁਸਾਰ ਨਹੀਂ ਚਲਾ ਸਕਦੇ ਅਤੇ ਜੇਕਰ ਅਸੀਂ ਖੁਸ਼ਹਾਲ ਅਤੇ ਸੁਰੱਖਿਅਤ ਜੀਵਨ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਕੁਦਰਤ ਦੇ ਅਨੁਸਾਰ ਚੱਲਣਾ ਪਵੇਗਾ।

***

## ਅੱਕ ਢੱਕ ਦੀ ਮੈਂ ਗੱਡੀ ਬਣਾਈ...

ਭਾਵੇਂ ਅੱਕ ਦੀ ਕੀਮਤ ਕੁਝ ਨਹੀਂ ਮਿੱਥੀ ਗਈ, ਪ੍ਰੰਤੂ ਅੱਕ ਦੀ ਕੀਮਤ ਉਨ੍ਹਾਂ ਘਰੇਲੂ ਔਰਤਾਂ ਦੀਆਂ ਨਜ਼ਰਾਂ ਵਿੱਚ ਬਹੁਤ ਵੱਡੀ ਬਣ ਜਾਂਦੀ ਹੈ ਜਿਨ੍ਹਾਂ ਨੇ ਇਸ ਦੀ ਵਰਤੋਂ ਆਪਣੀ ਘਰੇਲੂ ਕਬੀਲਦਾਰੀ ਨੂੰ ਨਜਿੱਠਣ ਲਈ ਕੀਤੀ। ਉਨ੍ਹਾਂ ਲਈ ਅੱਕ ਦੀਆਂ ਕੁਕੜੀਆਂ ਵੀ ਬਹੁਤ ਕੀਮਤੀ ਹਨ। ਇਹ ਜੇਠ ਹਾੜ੍ਹ ਦੇ ਮਹੀਨੇ ਵਿੱਚ ਪੱਕਦੀਆਂ ਹਨ। ਇਹ ਪੱਕੀਆਂ ਹੋਈਆਂ ਕੁਕੜੀਆਂ/ਅੰਬੀਆਂ ਜ਼ਿਆਦਾ ਗਰਮੀ ਪੈਣ ਕਰਕੇ ਆਪਣੇ ਆਪ ਫਟ ਜਾਂਦੀਆਂ ਹਨ ਅਤੇ ਇਨ੍ਹਾਂ ਵਿਚਲੀ ਹਲਕੀ ਰੂੰ ਦੇ ਹਲਕੇ ਜਿਹੇ ਫੰਬੇ ਆਪ ਮੁਹਾਰੇ ਉੱਡਦੇ ਰਹਿੰਦੇ ਹਨ। ਪੇਂਡੂ ਭਾਸ਼ਾ ਵਿੱਚ ਇਨ੍ਹਾਂ ਨੂੰ ਭੱਬੂ ਜਾਂ ਅੱਕ ਦਾ ਕੁੱਤਾ ਕਿਹਾ ਜਾਂਦਾ ਹੈ। ਅੱਕ ਦੀ ਇਸ ਰੂੰ ਨੂੰ ਸੁੱਘੜ ਔਰਤਾਂ ਬੜੀ ਸਾਵਧਾਨੀ ਨਾਲ ਚਰਖੇ ’ਤੇ ਕੱਤਦੀਆਂ ਸਨ। ਇਸ ਰੂੰ ਨੂੰ ਕੱਤਣ ਲਈ ਮੂੰਹ ਵਿੱਚ ਹਰੜ ਰੱਖ ਕੇ ਕੱਤਣਾ ਪੈਂਦਾ ਹੈ। ਔਰਤਾਂ ਅੱਕ ਦੇ ਜ਼ਹਿਰੀਲੇ ਪੱਖ ਤੋਂ ਬਚਣ ਲਈ ਮੂੰਹ ਵਿੱਚ ਹਰੜ ਇਸ ਲਈ ਰੱਖਦੀਆਂ ਸਨ ਕਿ ਇਸ ਦਾ ਉਨ੍ਹਾਂ ਉੱਤੇ ਕੋਈ ਅਸਰ ਨਾ ਪਵੇ। ਇਹ ਕੂਲਾ ਧਾਗਾ ਅਨੇਕਾਂ ਵੰਨਗੀਆਂ ਬਣਾਉਣ ਦੇ ਕੰਮ ਆਉਂਦਾਹੈ। ਕੁੜੀਆਂ ਨੂੰ ਦਾਜ ਵਿੱਚ ਦਰੀਆਂ, ਗਲੀਚੇ, ਝੋਲੇ ਅਤੇ ਸਿਰ੍ਹਾਣੇ ਵੀ ਇਸ ਧਾਗੇ ਦੇ ਬਣਾ ਕੇ ਦਿੱਤੇ ਜਾਂਦੇ ਸਨ। ਇਹ ਸਸਤਾ ਅਤੇ ਸੁੰਦਰ ਧਾਗਾ ਅੱਜ ਦੇ ਮੁੱਲ ਦੇ ਜਾਂ ਬਣੇ ਬਣਾਏ ਮਾਲ ਤੋਂ ਵੱਧ ਕੀਮਤੀ ਅਤੇ ਸ਼ਾਨਦਾਰ ਹੁੰਦਾ ਸੀ। ਇਸ ਕੂਲੇ ਧਾਗੇ ਨਾਲ ਬਣੀਆਂ ਵੰਨਗੀਆਂ ਦੀ ਆਪਣੀ ਵੱਖਰੀ ਥਾਂ ਹੁੰਦੀ ਸੀ। ਕਹਿਣ ਦਾ ਮਤਲਬ ਹੈ ਕਿ ਬਨਸਪਤੀ ਇੰਨੀ ਕੀਮਤੀ ਹੈ ਕਿ ਸੂਝਵਾਨ ਇਸ ਦੀ ਵਰਤੋਂ ਕਰਕੇ ਬਹੁਤ ਕੁਝ ਪ੍ਰਾਪਤ ਕਰ ਸਕਦਾ ਹੈ।

***

## ਪੰਜਾਬ ਲਈ ਫਾਇਦੇਮੰਦ ਰਹੇਗਾ ਭਾਰਤ-ਯੂਰਪੀਅਨ

ਦੂਜਾ ਪੰਜਾਬ ਨੂੰ ਈ.ਐੱਸ.ਜੀ. (ਵਾਤਾਵਰਨ, ਸਮਾਜ ਤੇ ਸ਼ਾਸਨ) ਨਾਲ ਜੁੜੇ ਨਿਰਮਾਣ ਨੂੰ ਸੰਸਥਾਗਤ ਕਰਨਾ ਹੋਵੇਗਾ। ਹੁਣ ਜਦੋਂ ਗਲੋਬਲ ਸੋਰਸਿੰਗ ਫ਼ੈਸਲੇ ਪੂਰੀ ਤਰ੍ਹਾਂ ਈ.ਐੱਸ.ਜੀ ਮਾਪਦੰਡਾਂ ਨਾਲ ਨਿਰਧਾਰਤ ਹੋ ਰਹੇ ਹਨ ਤਾਂ ਐਮ.ਐੱਸ.ਐਮ.ਈਜ਼ ਲਈ ਰਾਜ-ਸਹਾਇਤਾ ਪ੍ਰਾਪਤ ਈ.ਐੱਸ.ਜੀ. ਤੇ ਗੁਣਵੱਤਾ-ਅਨੁਕੂਲਤਾ ਫਰੇਮਵਰਕ ਹੁਣ ਪਸੰਦ ਨਹੀਂ ਰਹੇ। ਕੇਰਲ ਦੇਸ਼ ਦਾ ਪਹਿਲਾ ਰਾਜ ਹੈ ਜਿਸ ਨੇ ਰਾਜ-ਪੱਧਰੀ ਈ.ਐੱਸ.ਜੀ. ਫਰੇਮਵਰਕ ਲਿਆਉਣ ਵੱਲ ਕਦਮ ਚੁੱਕਿਆ ਹੈ, ਜੋ ਇਕ ਲਾਭਕਾਰੀ ਨਮੂਨਾ ਪੇਸ਼ ਕਰਦਾ ਹੈ। ਪੰਜਾਬ ਨੂੰ ਇਸੇ ਤਰ੍ਹਾਂ ਦੀ ਪਹਿਲ ਕਰਦਿਆਂ ਸਾਫ਼ ਉਤਪਾਦਨ, ਮਜ਼ਦੂਰੀ ਮਿਆਰ, ਕਚਰਾ ਪ੍ਰਬੰਧਨ ਤੇ ਕਾਰਬਨ ਰਿਪੋਰਟਿੰਗ ਸ਼ਾਮਿਲ ਕਰਨੀ ਹੋਵੇਗੀ, ਜੋ ਸਥਾਨਕ ਉਦਯੋਗ ਨੂੰ ਗਲੋਬਲ ਮਿਆਰਾਂ ਨਾਲ ਜੋੜੇਗੀ। ਤੀਜਾ ਈ.ਯੂ. ਲਈ ਨਿਰਯਾਤ ਸਹੂਲਤਾਂ ਨੂੰ ਸ਼ਾਸਨ ’ਚ ਉਤਸ਼ਾਹਿਤ ਕਰਨਾ ਹੋਵੇਗਾ।

ਸੀ.ਬੀ.ਏ.ਐਮ, ਐੱਸ.ਪੀ.ਐੱਸ. ਮਿਆਰ, ਉਤਪਾਦ ਪ੍ਰਮਾਣੀਕਰਨ ਤੇ ਅਨੁਕੂਲਤਾ ਮੁਲਾਂਕਣ ਵਰਗੇ ਈ.ਯੂ. ਨਿਯਮਾਂ ’ਤੇ ਕੇਂਦਰਿਤ ਸਮਰਪਿਤ ਸਹੂਲਤ ਸੈੱਲ ਨਿਰਯਾਤਕਾਰਾਂ ਲਈ ਅਨੁਕੂਲਤਾ ਲਾਗਤਾਂ ਨੂੰ ਕਾਫ਼ੀ ਘਟਾ ਸਕਦੇ ਹਨ। ਜੇਕਰ ਇਸ ਨਾਲ ਅਗਵਾਈਕਾਰ ਨਿਰਮਾਣ, ਗ੍ਰੀਨ ਪ੍ਰਕਿਰਿਆਵਾਂ ਤੇ ਡਿਜ਼ਾਈਨ-ਕੇਂਦਰਿਤ ਉਤਪਾਦਨ ਵਿੱਚ ਨਿਸ਼ਾਨਾਬੱਧ ਹੁਨਰ ਵਿਕਾਸ ਨੂੰ ਜੋੜਿਆ ਜਾਵੇ ਤਾਂ ਪੰਜਾਬ ਦੀ ਵਰਕਫੋਰਸ ਕੇਵਲ ਲਾਗਤ ’ਤੇ ਮੁਕਾਬਲਾ ਕਰਨ ਦੀ ਬਜਾਏ ਮੁੱਲ-ਕੜੀ ਵਿੱਚ ਵਾਧਾ ਕਰੇਗਾ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਨੀਤੀ ਸ਼ੁਰੂਆਤ ਸਪੱਸ਼ਟ ਤੌਰ ’ਤੇ ਮਜ਼ਦੂਰ-ਕੇਂਦਰਿਤ ਨਿਰਯਾਤ ਖੇਤਰਾਂ ਟੈਕਸਟਾਈਲ ਤੇ ਕੱਪੜੇ, ਇੰਜੀਨੀਅਰਿੰਗ ਸਾਮਾਨ, ਖੇਡ ਸਾਮਾਨ, ਲੈਦਰ ਤੇ ਫੂਡ ਪ੍ਰੋਸੈਸਿੰਗ ਦੇ ਪੱਖ ਵਿਚ ਹੋਣੇ ਚਾਹੀਦੇ ਹਨ। ਜਿਸ ਦੇ ਪੰਜਾਬ ਨੂੰ ਕੁਦਰਤੀ ਫ਼ਾਇਦੇ ਹਨ ਅਤੇ ਉਹ ਹਰ ਵਾਧੂ ਨਿਰਯਾਤ ਡਾਲਰ ਪੂੰਜੀ-ਕੇਂਦਰਿਤ ਉਦਯੋਗਾਂ ਨਾਲੋਂ ਕਈ ਗੁਣਾ ਵੱਧ ਰੋਜ਼ਗਾਰ ਪੈਦਾ ਕਰਦਾ ਹੈ। ਇਨ੍ਹਾਂ ਖੇਤਰਾਂ ਵਿੱਚ ਨਿਰਯਾਤ-ਜੁੜੇ ਪ੍ਰੋਤਸਾਹਨ, ਲੋਜਿਸਟਿਕਸ ਸਹਾਇਤਾ ਤੇ ਬ੍ਰਾਂਡਿੰਗ ਮਦਦ ਵਪਾਰਕ ਵਾਧੇ ਨੂੰ ਵਿਸਤ੍ਰਿਤ ਰੁਜ਼ਗਾਰ ਸਿਰਜਣਾ ਵਿੱਚ ਬਦਲ ਸਕਦੀ ਹੈ।

***

## ਜੇਲ ’ਚ ਅਦਾਲਤੀ ਹੁਕਮ ਕਿਉਂ

ਇੱਥੇ ਮੈਂ ਉਨ੍ਹਾਂ ਸਹੂਲਤਾਂ ਦੀ ਗੱਲ ਕਰ ਰਿਹਾ ਹਾਂ ਜੋ ਸਰੀਰ ਅਤੇ ਦਿਮਾਗ ਦੇ ਤੰਦਰੁਸਤ ਰਹਿਣ ਲਈ ਹਰ ਇਨਸਾਨ ਲਈ ਜ਼ਰੂਰੀ ਹਨ, ਇੱਕ ਬੰਦੀ ਵਜੋਂ ਗੁਲਾਮ ਜੀਵਨ ਬਿਤਾਉਣ ਵਾਲੇ ਬੰਦੀਆਂ ਲਈ ਵੀ। ਜਿਵੇਂ ਆਮ ਵਾਰਡ ਦੇ ਬੰਦੀ ਜੇਲ੍ਹ ਵਿੱਚ ਆਯੋਜਿਤ ਸਿੱਖਿਆ-ਸਿਖਲਾਈ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਸਕਦੇ ਹਨ, ਪਰ ਸੈੱਲ ਦੇ ਬੰਦੀ ਨਹੀਂ ਲੈ ਸਕਦੇ।

ਆਮ ਵਾਰਡ ਵਿੱਚ ਟੀਵੀ ਅਤੇ ਜੇਲ੍ਹ ਰੇਡੀਓ (ਬਿਹਾਰ ਦੀਆਂ ਜੇਲ੍ਹਾਂ ਵਿੱਚ) ਦਾ ਸਪੀਕਰ ਲੱਗਾ ਹੋਇਆ ਹੈ, ਜਿਸ ਨਾਲ ਬੰਦੀਆਂ ਦਾ ਕੁਝ ਮਨੋਰੰਜਨ ਹੋ ਜਾਂਦਾ ਹੈ, ਮਾਨਸਿਕ ਤਣਾਅ ਵਿੱਚ ਰਾਹਤ ਮਿਲਦੀ ਹੈ ਪਰ ਸੈੱਲ ਵਿੱਚ ਅਜਿਹੀ ਕੋਈ ਸਹੂਲਤ ਨਹੀਂ ਹੈ।

ਆਮ ਵਾਰਡ ਦੇ ਬੰਦੀ ਜੇਲ੍ਹ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹ ਸਕਦੇ ਹਨ, ਪਰ ਸੈੱਲ ਦੇ ਬੰਦੀ ਉੱਥੇ ਨਹੀਂ ਬੈਠ ਸਕਦੇ। ਆਮ ਵਾਰਡ ਦੇ ਬੰਦੀ ਜੇਲ੍ਹ ਦੇ ਮੈਦਾਨ ਵਿੱਚ ਖੇਡ-ਕੁੱਦ ਸਕਦੇ ਹਨ, ਪੂਰੀ ਜੇਲ੍ਹ ਵਿੱਚ ਘੁੰਮ-ਫਿਰ ਸਕਦੇ ਹਨ, ਪਰ ਸੈੱਲ ਦੇ ਬੰਦੀ ਸੈੱਲ ਤੋਂ ਬਾਹਰ ਨਹੀਂ ਨਿਕਲ ਸਕਦੇ। ਕਹਿ ਸਕਦੇ ਹਾਂ ਕਿ ਸੈੱਲ, ਜੇਲ੍ਹ ਦੇ ਅੰਦਰ ਇੱਕ ਜੇਲ੍ਹ ਹੈ।

ਸੈੱਲ ਵਿੱਚ ਆਮ ਤੌਰ ’ਤੇ ਜੇਲ੍ਹ ਪ੍ਰਸ਼ਾਸਨ ਅਜਿਹੇ ਬੰਦੀਆਂ ਨੂੰ ਰੱਖਦਾ ਹੈ ਜੋ ਆਮ ਵਾਰਡ ਵਿੱਚ ਨਾਜਾਇਜ਼ ਮੋਬਾਈਲ ਦੀ ਵਰਤੋਂ ਕਰਨ, ਨਸ਼ਾ ਕਰਨ ਅਤੇ ਮਾਰ-ਕੁੱਟ ਕਰਨ ਦੇ ਦੋਸ਼ੀ ਪਾਏ ਜਾਂਦੇ ਹਨ। ਪਰ ਹੁਣ ਸੈੱਲ ਵਿੱਚ ਅਜਿਹੇ ਬੰਦੀਆਂ ਨੂੰ ਵੀ ਰੱਖਿਆ ਜਾਣ ਲੱਗਾ ਹੈ, ਜੋ ਆਪਣੇ ਅਤੇ ਬੰਦੀਆਂ ਦੇ ਅਧਿਕਾਰਾਂ ਦੇ ਘਾਣ ’ਤੇ ਉਨ੍ਹਾਂ ਲਈ ਆਵਾਜ਼ ਉਠਾਉਂਦੇ ਹਨ। ਉਨ੍ਹਾਂ ਨੂੰ ਸੈੱਲ ਵਿੱਚ ਬੰਦ ਕਰਕੇ ਉਨ੍ਹਾਂ ਤੋਂ ਸਾਰੇ ਅਧਿਕਾਰ ਖੋਹ ਲਏ ਜਾਂਦੇ ਹਨ।

**ਜੇਲ੍ਹਾਂ ਵਿੱਚ ਭ੍ਰਿਸ਼ਟਾਚਾਰ, ਪਰ ਸੁਣਵਾਈ ਨਹੀਂ**

ਬਿਹਾਰ-ਝਾਰਖੰਡ ਦੀਆਂ ਜੇਲ੍ਹਾਂ ਵਿੱਚ ਸਥਾਨਕ ਅਦਾਲਤ, ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਵੀ ਕੋਈ ਪ੍ਰਭਾਵ ਨਹੀਂ ਪੈਂਦਾ। ਜਦੋਂ ਕੋਈ ਬੰਦੀ ਸੀਨੀਅਰ ਅਧਿਕਾਰੀਆਂ ਨੂੰ ਜੇਲ੍ਹ ਦੀ ਭ੍ਰਿਸ਼ਟ ਵਿਵਸਥਾ ਦੀ ਸ਼ਿਕਾਇਤ ਕਰਦਾ ਹੈ, ਤਾਂ ਜੇਲ੍ਹ ਪ੍ਰਸ਼ਾਸਨ ਆਪਣੇ ਦਲਾਲ ਬੰਦੀਆਂ ਦੇ ਬਿਆਨਾਂ ਨੂੰ ਲਿਖਤੀ ਰੂਪ ਦੇ ਕੇ ਰਿਪੋਰਟ ਬਣਾ ਕੇ ਭੇਜ ਦਿੰਦਾ ਹੈ ਕਿ ਜੇਲ੍ਹ ਵਿੱਚ ਸਭ ਕੁਝ ਸਹੀ ਹੈ। ਜੇਕਰ ਕਦੇ ਜਾਂਚ ਲਈ ਅਧਿਕਾਰੀ ਆ ਜਾਣ, ਤਾਂ ਜੇਲ੍ਹ ਅਧਿਕਾਰੀ ਉਨ੍ਹਾਂ ਨੂੰ ਆਪਣੇ ਦਲਾਲ ਬੰਦੀਆਂ ਨਾਲ ਹੀ ਸਿਰਫ਼ ਮਿਲਵਾਉਂਦੇ ਹਨ, ਬਾਕੀ ਬੰਦੀਆਂ ਨੂੰ ਆਪਣੇ-ਆਪਣੇ ਵਾਰਡ ਵਿੱਚ ਬੰਦ ਕਰ ਦਿੰਦੇ ਹਨ ।ਅਜੇ 18 ਜਨਵਰੀ 2026 ਨੂੰ ਪਟਨਾ ਹਾਈ ਕੋਰਟ ਦੇ ਮਾਨਯੋਗ ਮੁੱਖ ਜੱਜ ਸੰਗਮ ਕੁਮਾਰ ਸਾਹੂ, ਜੇਲ੍ਹ ਆਈਜੀ ਪ੍ਰਣਵ ਕੁਮਾਰ ਸਮੇਤ ਕਈ ਅਧਿਕਾਰੀ ਆਦਰਸ਼ ਸੈਂਟਰਲ ਜੇਲ੍ਹ ਵਿੱਚ ਆਏ ਅਤੇ ਜੇਲ੍ਹ ਦਾ ਨਿਰੀਖਣ ਕੀਤਾ, ਜਿਸ ਦੌਰਾਨ ਸਾਰੇ ਬੰਦੀਆਂ ਨੂੰ ਆਪਣੇ-ਆਪਣੇ ਵਾਰਡ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਉਨ੍ਹਾਂ ਹੀ ਲੋਕਾਂ ਨਾਲ ਮੁਖਾਤਿਬ ਕਰਵਾਇਆ ਗਿਆ ਜੋ ਜੇਲ੍ਹ ਪ੍ਰਸ਼ਾਸਨ ਦੀ ਦਲਾਲੀ ਕਰਦੇ ਹਨ। ਬਾਕੀ ਸਾਡੇ ਵਰਗੇ ਆਮ ਬੰਦੀ ਤਾਂ ਕਦੇ ਉਨ੍ਹਾਂ ਦੇ ਸਾਹਮਣੇ ਨਹੀਂ ਲਿਆਂਦੇ ਜਾਂਦੇ।

ਮੈਂ ਇਸ ਜੇਲ੍ਹ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਬੰਦੀਆਂ ਦੇ ਸ਼ੋਸ਼ਣ ਅਤੇ ਦਮਨ ’ਤੇ ਇੱਕ ਅਰਜ਼ੀ ਪਟਨਾ ਡੀਐਮ ਨੂੰ 15 ਦਸੰਬਰ 2025 ਨੂੰ ਭੇਜੀ ਸੀ, ਜਿਸ ਦੀ ਕਾਪੀ ਬਿਹਾਰ ਦੇ ਉਪ-ਮੁੱਖ ਮੰਤਰੀ ਸਹਿ ਗ੍ਰਹਿ ਮੰਤਰੀ ਸਮਰਾਟ ਚੌਧਰੀ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ ਨੂੰ ਵੀ ਭੇਜੀ ਸੀ, ਜਿਸ ’ਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ। ਵੈਸੇ ਵੀ ਜੇਲ੍ਹ ਵਿੱਚ ਇਹ ਗੱਲ ਪ੍ਰਚਲਿਤ ਹੈ ਕਿ ਜੇਲ੍ਹ ਪ੍ਰਸ਼ਾਸਨ ਆਪਣੇ ਭ੍ਰਿਸ਼ਟਾਚਾਰ ਦੀ ਕਮਾਈ ਦਾ ਇੱਕ ਵੱਡਾ ਹਿੱਸਾ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਨੂੰ ਵੀ ਦਿੰਦਾ ਹੈ, ਇਸ ਲਈ ਉਹ ਕੋਈ ਕਾਰਵਾਈ ਨਹੀਂ ਕਰਦੇ। ਫਿਰ ਵੀ ਜੇਕਰ ਕੋਈ ਜਾਂਚ ਟੀਮ ਆ ਵੀ ਜਾਵੇ, ਤਾਂ ਇੱਕ ਮੋਟੀ ਰਕਮ ਦੇ ਕੇ ਜੇਲ੍ਹ ਪ੍ਰਸ਼ਾਸਨ ਸਭ ਮੈਨੇਜ ਕਰ ਲੈਂਦਾ ਹੈ।

ਮੈਂ ਕੁਝ ਮਹੀਨਿਆਂ ਤੋਂ ਉੱਚ ਕੋਲੈਸਟ੍ਰੋਲ, ਉੱਚ ਟ੍ਰਾਈਗਲਿਸਰਾਈਡਸ, ਐਲਰਜੀ, ਐਲ 5 ਡਿਸਕ ਸਲਿੱਪ ਅਤੇ ਯਾਦਾਸ਼ਤ ਘੱਟ ਹੋਣ ਦੀਆਂ ਸਮੱਸਿਆਵਾਂ ਨਾਲ ਪੀੜਤ ਹਾਂ। ਪਟਨਾ ਦੀ ਸਪੈਸ਼ਲ ਐਨਆਈਏ ਕੋਰਟ ਦੁਆਰਾ ਆਦਰਸ਼ ਸੈਂਟਰਲ ਜੇਲ੍ਹ, ਬੇਊਰ (ਪਟਨਾ) ਦੇ ਸੁਪਰਡੈਂਟ ਨੂੰ ਮੇਰੇ ਇਲਾਜ ਲਈ 11 ਦਸੰਬਰ 2025 ਨੂੰ ਲਿਖਤੀ ਆਦੇਸ਼ ਦਿੱਤਾ ਗਿਆ ਹੈ ਪਰ ਜੇਲ੍ਹ ਪ੍ਰਸ਼ਾਸਨ ਦੁਆਰਾ ਹੁਣ ਤੱਕ ਕੋਈ ਇਲਾਜ ਨਹੀਂ ਕਰਵਾਇਆ ਗਿਆ। ਇਸ ਤੋਂ ਪਹਿਲਾਂ 01 ਨਵੰਬਰ 2025 ਨੂੰ ਵੀ ਇਲਾਜ ਲਈ ਆਦੇਸ਼ ਜੇਲ੍ਹ ਪ੍ਰਸ਼ਾਸਨ ਨੂੰ ਕੋਰਟ ਦੁਆਰਾ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ ਵੀ ਸਿਹਤ ਸਮੱਸਿਆ ਨੂੰ ਲੈ ਕੇ ਕੋਰਟ ਵਿੱਚ ਅਰਜ਼ੀਆਂ ਲਗਾਈਆਂ ਗਈਆਂ ਸਨ, ਤਦ ਮੈਂ ਭਾਗਲਪੁਰ ਸ਼ਹੀਦ ਜੁੱਬਾ ਸਹਿਣੀ ਸੈਂਟਰਲ ਜੇਲ੍ਹ ਵਿੱਚ ਸੀ। ਉੱਥੇ ਕੋਰਟ ਦਾ ਆਦੇਸ਼ ਹੋਣ ਤੋਂ ਬਾਅਦ ਅਤੇ ਸਿਹਤ ਸਮੱਸਿਆ ਨੂੰ ਲੰਬੇ ਸਮੇਂ ਝੱਲਣ ਤੋਂ ਬਾਅਦ ਹਸਪਤਾਲ ਵਿੱਚ ਦਿਖਾਇਆ ਗਿਆ ਸੀ। ਪਰ ਬੇਊਰ ਜੇਲ੍ਹ ਪ੍ਰਸ਼ਾਸਨ ਉਸ ਤੋਂ ਵੀ ਅੱਗੇ ਨਿਕਲ ਚੁੱਕਾ ਹੈ, ਲੰਬੇ ਸਮੇਂ ਅਤੇ ਦੋ-ਦੋ ਵਾਰ ਕੋਰਟ ਦੇ ਆਦੇਸ਼ ਤੋਂ ਬਾਅਦ ਵੀ ਇਨ੍ਹਾਂ ਦੇ ਕੰਨ ’ਤੇ ਜੂੰ ਤੱਕ ਨਹੀਂ ਸਰਕੀ।

ਇਹ ਕੋਈ ਨਵਾਂ ਨਹੀਂ ਹੈ। ਮੇਰਾ ਇੰਨੇ ਸਾਲਾਂ ਦਾ ਅਨੁਭਵ ਇਹੀ ਕਹਿੰਦਾ ਹੈ ਕਿ ਕਿਸੇ ਮਾਮਲੇ ਵਿੱਚ ਕੋਰਟ ਵਿੱਚ ਆਦੇਸ਼ ਹੋਣ ਤੋਂ ਬਾਅਦ ਵੀ ਜੇਲ੍ਹ ਪ੍ਰਸ਼ਾਸਨ ਅਕਸਰ ਉਸ ਦੀ ਪਾਲਣਾ ਨਹੀਂ ਕਰਦਾ ਅਤੇ ਵਾਰ-ਵਾਰ ਆਰਡਰ ਦੇ ਕੇ ਕੋਰਟ ਵੀ ਥੱਕ ਜਾਂਦਾ ਹੈ। ਇਸ ਤਰ੍ਹਾਂ ਬੰਦੀਆਂ ਦੇ ਬਹੁਤ ਸਾਰੇ ਮਾਮਲੇ ਪੈਂਡਿੰਗ ਹੀ ਰਹਿ ਜਾਂਦੇ ਹਨ ਜਾਂ ਫਿਰ ਇੱਕ ਥਕਾ ਦੇਣ ਵਾਲੇ ਸਮੇਂ ਤੋਂ ਬਾਅਦ ਅਮਲ ਵਿੱਚ ਆਉਂਦੇ ਹਨ। ਪੂਰੇ ਦੇਸ਼ ਦੀਆਂ ਅਦਾਲਤਾਂ ਲਈ ਅਜਿਹਾ ਕੋਈ ਅਧਿਕਾਰ ਖੇਤਰ ਨਹੀਂ ਹੈ ਜੋ ਕਿ ਜੇਲ੍ਹ ਦੀ ਮਨਮਾਨੀ ’ਤੇ ਅਦਾਲਤੀ ਹੁਕਮ ਲਾਗੂ ਕਰ ਸਕੇ ਅਤੇ ਜੇਲ੍ਹਾਂ ਦੇ ਬੰਦੀਆਂ ਦੇ ਅਧਿਕਾਰਾਂ ਨੂੰ ਬਚਾ ਸਕੇ।

ਕੀ ਸੱਚੇ ਗਣਤੰਤਰ ਨੂੰ ਸਥਾਪਿਤ ਕਰਨ ਲਈ ਭਾਰਤ ਦੀ ਜਨਤਾ ਸੜਕਾਂ ’ਤੇ ਉਤਰੇਗੀ ? ਇਸ ਦਾ ਜਵਾਬ ਹੀ ‘ਗਣਤੰਤਰ’ ਦੇ ਬੰਦੀਆਂ ਦਾ ਭਵਿੱਖ ਤੈਅ ਕਰੇਗਾ।

(ਰੂਪੇਸ਼ ਕੁਮਾਰ ਸਿੰਘ ਸੁਤੰਤਰ ਪੱਤਰਕਾਰ ਹਨ ਅਤੇ ਵਰਤਮਾਨ ਵਿੱਚ ਆਦਰਸ਼ ਸੈਂਟਰਲ ਜੇਲ੍ਹ, ਬੇਊਰ, ਪਟਨਾ (ਬਿਹਾਰ) ਵਿੱਚ ਵਿਚਾਰ ਅਧੀਨ ਬੰਦੀ ਹਨ)

***

## ਪੰਜਾਬ ਦੇ ਨਿੱਤ ਵਿਗੜਦੇ ਹਾਲਾਤ

ਪੰਜਾਬ ਪੁਨਰਗਠਨ ਐਕਟ 1966 ਵਿਚ ਗੈਰ ਸੰਵਿਧਾਨਕ ਧਾਰਾ 78, 79, 80 ਪਾ ਕੇ ਕੇਂਦਰ ਨੇ ਬੀ.ਬੀ.ਐਮ.ਬੀ. ਬਣਾਇਆ ਅਤੇ ਸਾਡੇ ਪਾਣੀਆਂ ਵਿੱਚ ਦਖ਼ਲ ਦੇਣ ਦੇ ਅਧਿਕਾਰ ਵੀ ਲੈ ਲਏ। ਅਸਲੀਅਤ ਇਹ ਹੈ ਕਿ ਸੰਵਿਧਾਨ ਅਨੁਸਾਰ ਪਾਣੀ, ਡੈਮ, ਉਸ ਦੀਆਂ ਝੀਲਾਂ ਸਭ ਰਾਜਾਂ ਦਾ ਵਿਸ਼ਾ ਹਨ। ਬਦਕਿਸਮਤੀ ਨਾਲ ਹਰ ਵਾਰ ਜਦੋਂ ਵੀ ਪੰਜਾਬ ਨਾਲ ਬੇਇਨਸਾਫ਼ੀ ਹੋਈ ਤਾਂ ਸੱਤਾ ਵਿੱਚ ਬੈਠੇ ਸਾਡੇ ਹੀ ਆਗੂਆਂ ਨੇ ਕੇਂਦਰ ਅੱਗੇ ਗੋਡੇ ਟੇਕ ਕੇ ਗੈਰ ਸੰਵਿਧਾਨਕ ਸਮਝੌਤਿਆਂ ਉੱਤੇ ਦਸਤਖਤ ਕਰਕੇ ਆਪਣੀ ਕੁਰਸੀ ਲਈ ਪੰਜਾਬ ਦੇ ਹਿੱਤਾਂ ਦੀ ਕੁਰਬਾਨੀ ਦਿੱਤੀ।

ਪੰਜਾਬ ਨਾਲ ਸੰਵਿਧਾਨ ਦੀ ਉਲੰਘਣਾ ਕਰਕੇ ਬੇਸ਼ੁਮਾਰ ਬੇਇਨਸਾਫ਼ੀਆਂ ਹੋਈਆਂ ਹਨ। ਹਾਲਾਂ ਵੀ ਇਹੋ ਕੁਝ ਚੱਲ ਰਿਹਾ ਹੈ। ਪਰ ਸਾਡੇ ਰਾਜਨੇਤਾਵਾਂ ਨੇ ਕੋਈ ਸਬਕ ਨਹੀਂ ਸਿੱਖਿਆ। ਉਹ ਕੇਵਲ ਸੱਤਾ ਦੇ ਭੁੱਖੇ ਹਨ। ਸੱਤਾ ਲਈ ਉਹ ਕੋਈ ਵੀ ਲਾਰਾ ਲਾਉਣ, ਧੱਕਾ ਕਰਨ, ਉਨ੍ਹਾਂ ਨੂੰ ਸੱਤਾ ਚਾਹੀਦੀ ਹੈ। ਅੱਜ ਸਾਨੂੰ ਸਾਫ਼ ਦਿੱਸਣ ਲੱਗਾ ਹੈ ਕਿ ਚਾਰ ਸਾਲਾਂ ਬਾਅਦ ਪੰਜਾਬ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣ ਜਾ ਰਿਹਾ ਹੈ। ਅਜਿਹੀ ਸਥਿਤੀ ਵਿਚ ਹਰ ਪੰਜਾਬੀ ਨੂੰ ਰਾਜਨੇਤਾਵਾਂ ਉੱਤੇ ਤਿੱਖੇ ਸਵਾਲ ਕਰਕੇ ਲੋਕਾਂ ਦੀਆਂ ਅਸਲ ਸਮੱਸਿਆਵਾਂ ਉੱਤੇ ਮੂੰਹ ਖੋਲ੍ਹਣ ਲਈ ਮਜਬੂਰ ਕਰਨਾ ਪਵੇਗਾ। ਜੇ ਪੰਜਾਬ ਬਚਾਉਣਾ ਹੈ ਤਾਂ ਪਾਣੀਆਂ ਦਾ ਸੰਵਿਧਾਨਕ ਹੱਕ ਲੈਣ ਲਈ ਸੰਘਰਸ਼ ਕਰਨਾ ਪਵੇਗਾ। ਸਮਾਂ ਆ ਗਿਆ ਹੈ ਕਿ ਪੰਜਾਬ ਨਾਲ ਹੋਈ ਹਰ ਬੇਇਨਸਾਫ਼ੀ ਲਈ ਲਾਮਬੰਦੀ ਕਰਕੇ ਵੱਡੀ ਲੜਾਈ ਲੜੀ ਜਾਵੇ। ਬਹੁਤ ਸਾਰੇ ਮਸਲੇ ਹਨ, ਜਿਨ੍ਹਾਂ ਉੱਤੇ ਇਨਸਾਫ਼ ਲਈ ਲਾਮਬੰਦੀ ਜ਼ਰੂਰੀ ਹੈ।

***

## ਸ਼ੱਕ ਦੇ ਘੇਰੇ ’ਚ ਹੈ ਰਾਜਪਾਲਾਂ

ਭਾਰਤ ਦੇ ਸੰਵਿਧਾਨ ਵਿੱਚ ਸੋਧ ਕਰਨ ਲਈ ‘ਸਮਾਨ ਸੋਚ ਵਾਲੀਆਂ ਪਾਰਟੀਆਂ’ ਨਾਲ ਮਿਲ ਕੇ ਕੰਮ ਕਰਨਗੇ, ਤਾਂ ਜੋ ਰਾਜਪਾਲਾਂ ਦੁਆਰਾ ਹਰ ਸਾਲ ਸੈਸ਼ਨ ਦੀ ਸ਼ੁਰੂਆਤ ਵਿੱਚ ਵਿਧਾਨ ਸਭਾਵਾਂ ਨੂੰ ਰਵਾਇਤੀ ਤੌਰ ’ਤੇ ਸੰਬੋਧਨ ਕਰਨ ਦੀ ਪ੍ਰਥਾ ਨੂੰ ਖ਼ਤਮ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਰਾਜਪਾਲ ਰਵੀ ਨੇ 2021 ਵਿੱਚ ਰਾਜਪਾਲ ਬਣਨ ਤੋਂ ਬਾਅਦ ਸਿਰਫ਼ 2022 ’ਚ ਇੱਕ ਵਾਰ ਹੀ ਸੂਬਾ ਸਰਕਾਰ ਵੱਲੋਂ ਤਿਆਰ ਕੀਤਾ ਭਾਸ਼ਣ ਪੜ੍ਹਿਆ ਸੀ। ਉਨ੍ਹਾਂ 2023 ਵਿੱਚ ਭਾਸ਼ਣ ਦਾ ਕੁਝ ਹਿੱਸਾ ਹੀ ਪੜ੍ਹਿਆ ਸੀ, ਜਦਕਿ ਉਹ 2024, 2025 ਤੇ 2026 ਵਿੱਚ ਭਾਸ਼ਣ ਪੜ੍ਹੇ ਬਿਨਾਂ ਸਦਨ ਤੋਂ ਵਾਕਆਊਟ ਕਰ ਗਏ। ਰਾਜਪਾਲ ਰਵੀ ਨੇ ਭਾਸ਼ਣ ਨਾਲ ਅਸਹਿਮਤ ਹੁੰਦਿਆਂ ਦੋਸ਼ ਲਗਾਇਆ ਕਿ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਬਹੁਤ ਸਾਰੇ ਮਹੱਤਵਪੂਰਨ ਮੁੱਦੇ ਨਜ਼ਰਅੰਦਾਜ਼ ਕੀਤੇ ਗਏ ਹਨ।

ਇਨ੍ਹਾਂ ਰਾਜਪਾਲਾਂ ਦੇ ਕੰਮ ਕਰਨ ਦੇ ਢੰਗ ਤੋਂ ਪਤਾ ਲੱਗਦਾ ਹੈ ਕਿ ਉਹ ਵਿਰੋਧੀ ਧਿਰ ਦੁਆਰਾ ਸ਼ਾਸਿਤ ਸੂਬਾ ਸਰਕਾਰਾਂ ਵਿਰੁੱਧ ਸਿਆਸੀ ਤੌਰ ’ਤੇ ਸਰਗਰਮ ਹਨ ਤੇ ਕੇਂਦਰ ਦੀਆਂ ਨੀਤੀਆਂ ’ਤੇ ਵਿਰੋਧੀ ਧਿਰ ਦੀਆਂ ਸਰਕਾਰਾਂ ਦੇ ਬਿਰਤਾਂਤ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿਸੇ ਵੀ ਰਾਜਪਾਲ ਦਾ ਕੰਮ ਨਹੀਂ ਹੈ। ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਰਾਜਪਾਲਾਂ ਨੇ ਵਿਰੋਧੀ ਸਰਕਾਰਾਂ ਵਿਰੁੱਧ ਇਸ ਤਰ੍ਹਾਂ ਦਾ ਵਿਵਹਾਰ ਕੀਤਾ ਹੋਵੇ। ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਬਿੱਲਾਂ ਨੂੰ ਰੋਕਣ ਕਰਕੇ ਵੀ ਸੁਪਰੀਮ ਕੋਰਟ ਨੂੰ ਦਖ਼ਲ ਦੇਣ ਲਈ ਮਜਬੂਰ ਹੋਣਾ ਪਿਆ ਸੀ। ਬਿਨਾਂ ਸ਼ੱਕ ਕੇਂਦਰ ਸਰਕਾਰ ਰਾਜਪਾਲਾਂ ਨੂੰ ਹਥਿਆਰ ਵਜੋਂ ਵਰਤ ਰਹੀ ਹੈ, ਵਿਰੋਧੀ ਧਿਰ ਲਗਾਤਾਰ ਕੇਂਦਰ ਸਰਕਾਰ ’ਤੇ ਰਾਜਪਾਲਾਂ ਦਾ ਦੁਰਉਪਯੋਗ ਕਰਨ ਦੇ ਦੋਸ਼ ਲਗਾਉਂਦੀ ਰਹੀ ਹੈ।

***

## ਕਿਤੇ ਤਕਨੀਕ ਦਾ ਗ਼ੁਲਾਮ ਨਾ

ਆਨਲਾਈਨ ਕੰਮ, ਮਨੋਰੰਜਨ ਜਾਂ ਸੋਸ਼ਲ ਮੀਡੀਆ ਇਸ ਦਾ ਮੁੱਖ ਕਾਰਨ ਹੈ ਪਰ ਡਾਕਟਰੀ ਅਤੇ ਮਨੋਵਿਗਿਆਨਕ ਤੌਰ ’ਤੇ ਇਹ ਮੰਨਿਆ ਜਾਂਦਾ ਹੈ ਕਿ ਸਕਰੀਨ ’ਤੇ ਹੱਦ ਤੋਂ ਵੱਧ ਸਮਾਂ ਗੁਜ਼ਾਰਨਾ ਗਰਭਵਤੀ ਮਹਿਲਾ ਦੀ ਸਿਹਤ ਅਤੇ ਉਸ ਦੀ ਕੁੱਖ ’ਚ ਪਲ਼ ਰਹੇ ਬੱਚੇ ਉੱਤੇ ਬਹੁਤ ਬੁਰਾ ਅਸਰ ਪਾ ਸਕਦਾ ਹੈ। ਜਦਕਿ ਗਰਭਵਤੀ ਮਹਿਲਾਵਾਂ ਲਈ ਹਲਕੀ-ਫੁਲਕੀ ਕਸਰਤ ਕਰਨੀ ਜ਼ਰੂਰੀ ਹੈ। ਮਾਂ ਦੀ ਮਾਨਸਿਕ ਅਵਸਥਾ ਦਾ ਅਸਰ ਕੁੱਖ ’ਚ ਪਲਦੇ ਬੱਚੇ ਉੱਤੇ ਵੀ ਪੈਂਦਾ ਹੈ।

ਜਦੋਂ ਮਾਂ ਜ਼ਿਆਦਾ ਤਣਾਅ ਵਿੱਚ ਰਹਿੰਦੀ ਹੈ ਜਾਂ ਹਰ ਸਮੇਂ ਸਕਰੀਨ ਨਾਲ ਜੁੜੀ ਰਹਿੰਦੀ ਹੈ ਤਾਂ ਬੱਚੇ ਦਾ ਜਜ਼ਬਾਤੀ ਲਗਾ ਘਟ ਸਕਦਾ ਹੈ। ਗਰਭਵਤੀ ਮਹਿਲਾਵਾਂ ਨੂੰ ਸਕਰੀਨ ਟਾਈਮ ਘੱਟ ਕਰ ਕੇ ਮੈਡੀਟੇਸ਼ਨ ਅਤੇ ਸਕਾਰਾਤਮਕ ਵਿਚਾਰਾਂ ਨਾਲ ਜੁੜਨਾ ਚਾਹੀਦਾ ਹੈ ਅਤੇ ਆਪਣੇ ਪਰਿਵਾਰ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੀਦਾ ਹੈ ਤਾਂ ਜੋ ਇਸ ਧਰਤੀ ’ਤੇ ਆਉਣ ਵਾਲਾ ਬੱਚਾ ਮਾਨਸਿਕ ਤੇ ਸਰੀਰਕ ਤੌਰ ’ਤੇ ਤੰਦਰੁਸਤ ਹੋਵੇ। ਅੰਤ ਵਿਚ ਇਹ ਕਹਿਣਾ ਉੱਚਿਤ ਹੈ ਕਿ ਮੋਬਾਈਲ ਫੋਨ ਅਤੇ ਲੈਪਟਾਪ ਦੀ ਸਹੀ ਵਰਤੋਂ ਵਰਦਾਨ ਹੈ ਪਰ ਅਸੰਤੁਲਿਤ ਵਰਤੋਂ ਸਰਾਪ ਬਣ ਸਕਦੀ ਹੈ।

***

## ਕੀ ਹੋਵੇਗਾ ਨਵੇਂ ਬੀਜ

ਅੱਜ-ਕੱਲ੍ਹ ਨਵਾਂ ਸੀਡ ਬਿੱਲ ਚਰਚਾ ਵਿੱਚ ਹੈ। ਕਿਹਾ ਜਾਂਦਾ ਹੈ ਕਿ ਇਹ ਬਿੱਲ ਕਿਸਾਨਾਂ ਦੀਆਂ ਕਈ ਮੁਸ਼ਕਲਾਂ ਹੱਲ ਕਰੇਗਾ। ਮੁੱਖ ਤੌਰ ’ਤੇ ਜਾਅਲੀ ਬੀਜ ਬਾਜ਼ਾਰ ਵਿੱਚੋਂ ਖ਼ਤਮ ਕਰੇਗਾ ਅਤੇ ਕਿਸਾਨਾਂ ਨੂੰ ਨਕਲੀ ਬੀਜਾਂ ਤੋਂ ਛੁਟਕਾਰਾ ਦਿਵਾਏਗਾ। ਇਸ ਵਿਚ ਡਿਜੀਟਲੀ ਮਾਅਰਕਾ ਲੱਗਿਆ ਹੋਵੇਗਾ ਅਤੇ ਨਾਲ ਹੀ ਉਸ ਦਾ ਸਕੈਨ ਕੋਡ ਹੋਵੇਗਾ ਜਿਸ ਨਾਲ ਪਤਾ ਲੱਗੇਗਾ ਕਿ ਇਹ ਬੀਜ ਕਿੱਥੋਂ ਤੁਰਿਆ ਹੈ ਅਤੇ ਕਿਸਾਨ ਤੱਕ ਕਿਵੇਂ ਪਹੁੰਚਿਆ ਹੈ। ਇਸ ਲਈ ਵੀਸੀਯੂ ਭਾਵ ਵੈਲਿਊ ਫਾਰ ਕਲਟੀਵੇਸ਼ਨ ਐਂਡ ਯੂਜ਼ ਦੇ ਨਿਯਮਾਂ ਮੁਤਾਬਕ ਟੈਸਟਿੰਗ ਹੋਵੇਗੀ ਅਤੇ ਫਿਰ ਸੋਧੇ ਹੋਏ ਬੀਜ ਹੀ ਉਪਲਬਧ ਹੋਣਗੇ।

ਇਸ ਦੇ ਨਾਲ ਹੀ ਸਰਕਾਰੀ ਦਾਅਵਾ ਹੈ ਕਿ ਇਹ ਕਿਸਾਨਾਂ ਦੇ ਹੱਕ ਜੋ ਪ੍ਰੋਟੈਕਸ਼ਨ ਆਫ ਪਲਾਂਟ ਵਰਾਇਟੀ ਐਂਡ ਫਾਰਮਰ ਰਾਈਟ ਐਕਟ 2001 ਦੇ ਸਨ, ਉਨ੍ਹਾਂ ਨੂੰ ਬਰਕਰਾਰ ਰੱਖੇਗਾ। ਕਹਿਣ ਦਾ ਭਾਵ ਹੈ ਕਿ ਕਿਸਾਨ ਆਪਣੀ ਉਪਜ ਦਾ ਬੀਜ ਰੱਖ ਸਕੇਗਾ ਅਤੇ ਉਸ ਨੂੰ ਦੂਜੇ ਕਿਸਾਨਾਂ ਨੂੰ ਵੇਚ ਸਕਦਾ ਹੈ।

ਇਸ ਸਾਰੇ ਨੂੰ ਉੱਪਰੋਂ ਪੜ੍ਹ ਕੇ ਬਹੁਤ ਚੰਗਾ ਲੱਗਦਾ ਹੈ। ਇਹ ਜਾਪਦਾ ਹੈ ਜਿਵੇਂ ਇਹ ਯੂਨੀਅਨ ਫਾਰ ਪ੍ਰੋਟੈਕਸ਼ਨ ਆਫ ਨਿਊ ਵਰਾਇਟੀਜ਼ ਆਫ ਪਲਾਂਟ (ਯੂਪੀਓਵੀ) ਤੋਂ ਛੁਟਕਾਰਾ ਦਿਵਾਉਂਦਾ ਹੋਵੇ। ਡੂੰਘਾ ਘੋਖਣ ’ਤੇ ਇਹ ਪਤਾ ਲੱਗਦਾ ਹੈ ਕਿ ਸੀਡ ਐਕਟ 2025 ਪ੍ਰੋਟੈਕਸ਼ਨ ਆਫ ਪਲਾਂਟ ਵਰਾਇਟੀ ਐਂਡ ਫਾਰਮਰ ਰਾਈਟ ਐਕਟ ਦੀ ਤਾਕਤ ਨੂੰ ਘਟਾਉਂਦਾ ਹੈ। ਇੱਕ ਪਾਸੇ ਤਾਂ ਕਿਸਾਨ ਆਪਣੇ ਬੀਜ ਵੇਚ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਬ੍ਰਾਂਡਡ ਬੀਜ ਹੀ ਵਿਕਣਗੇ। ਕੀ ਕਿਸਾਨ ਵੱਡੀਆਂ ਕੰਪਨੀਆਂ ਦੇ ਮੁਕਾਬਲੇ ਵਿੱਚ ਖੜ੍ਹ ਸਕੇਗਾ ? ਦੂਜਾ ਵੀਸੀਯੂ ਟੈਸਟਿੰਗ ਨੂੰ ਲਾਜ਼ਮੀ ਕਰ ਦਿੱਤਾ ਹੈ ਜੋ ਸਿਰਫ਼ ਵੱਡੀਆਂ ਕਾਰਪੋਰੇਟ ਕੰਪਨੀਆਂ ਦੀ ਖੋਜ ਨਾਲ ਹੀ ਸੰਭਵ ਹੈ।

ਕਿਸਾਨਾਂ ਨੂੰ ਸਸਤੇ ਬੀਜ ਸਪਲਾਈ ਹੋਣ ’ਚ ਇਹ ਰੋਕ ਵਜੋਂ ਕੰਮ ਕਰੇਗਾ। ਇਸ ਤੋਂ ਅੱਗੇ ਜੋ ਫਾਰਮਰ ਪ੍ਰੋਡਿਊਸਰ ਅਦਾਰੇ ਸੰਸਥਾਵਾਂ ਜਾਂ ਫਿਰ ਕਿਸਾਨਾਂ ਦੇ ਗਰੁੱਪ ਜਾਂ ਸੈਲਫ ਹੈਲਪ ਗਰੁੱਪ ਬਣੇ ਹਨ, ਉਨ੍ਹਾਂ ’ਤੇ ਵੀ ਇਹ ਨਿਯਮ ਲਾਗੂ ਹੋਣਗੇ। ਇਸ ਦਾ ਅਰਥ ਹੈ ਵੀਸੀਯੂ ਦੇ ਮਾਧਿਅਮ ਰਾਹੀਂ ਅਸੀਂ ਸੂਈ ਜੈਨਰਿਸ ਦਾ ਪੱਲਾ ਛੱਡ ਕੇ ਯੂਪੀਓਵੀ, ਜੋ ਵਿਸ਼ਵ ਪੱਧਰ ’ਤੇ ਬੀਜਾਂ ਨੂੰ ਕੰਟਰੋਲ ਕਰਦਾ ਹੈ, ਉਸ ਨਾਲ ਸਹਿਮਤੀ ਪ੍ਰਗਟ ਕਰਦੇ ਹਾਂ ਯੂਪੀਓਵੀ ਲੰਬੇ ਸਮੇਂ ਤੋਂ ਭਾਰਤ ਨੂੰ ਆਪਣੇ ਅਧੀਨ ਲੈਣਾ ਚਾਹੁੰਦਾ ਹੈ। ਇਕ ਵਾਰ ਅਸੀਂ ਉੱਥੇ ਰਲ ਗਏ, ਫਿਰ ਕਿਸਾਨ ਆਪਣਾ ਬੀਜ ਆਪਣੇ ਲਈ ਵੀ ਨਹੀਂ ਰੱਖ ਸਕਣਗੇ। ਜੇ ਪੈਪਸੀਕੋ ਨਾਲ ਆਲੂ ਕਿਸਾਨਾਂ ਦਾ ਰੌਲਾ ਯਾਦ ਹੋਵੇ ਤਾਂ ਉਹ ਇਹੋ ਹੀ ਸੀ। ਪੈਪਸੀਕੋ ਚਾਹੁੰਦੀ ਸੀ ਕਿ ਕਿਸਾਨ ਹਰ ਵਾਰ ਬੀਜ ਨਵਾਂ ਉਸ ਤੋਂ ਖ਼ਰੀਦੇ ਅਤੇ ਆਪਣਾ ਬੀਜ ਨਾ ਰੱਖ ਸਕੇ। ਇਸ ਨਾਲ ਅਸਲ ਵਿੱਚ ਕਿਸਾਨਾਂ ਦੇ ਖ਼ਰਚੇ ਵਧਣਗੇ ਅਤੇ ਕਿਸਾਨੀ ਹੋਰ ਕਮਜ਼ੋਰ ਹੋਵੇਗੀ ਜਿਸ ਦਾ ਅਸਰ ਛੋਟੇ ਵਪਾਰੀ, ਜੋ ਮੰਡੀਆਂ ਅਤੇ ਕਸਬਿਆਂ ਵਿੱਚ ਬੈਠੇ ਹਨ, ਉਨ੍ਹਾਂ ਦੀ ਰੋਜ਼ੀ-ਰੋਟੀ ’ਤੇ ਵੀ ਪਵੇਗਾ।

***

## ਇਰਾਨ ’ਚ ਸੱਤਾ ਤਬਦੀਲੀ

ਸਾਨੂੰ ਇਸਦੀ ਜ਼ਰੂਰਤ ਹੋਵੇਗੀ।’ ਉਨ੍ਹਾਂ ਅੱਗੇ ਕਿਹਾ, ‘ਇਹ ਬਹੁਤ ਜਲਦੀ ਰਵਾਨਾ ਹੋ ਜਾਵੇਗਾ।’ ਅਰਬ ਦੇਸ਼ਾਂ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਹੈ ਕਿ ਕੋਈ ਵੀ ਹਮਲਾ ਖੇਤਰੀ ਟਕਰਾਅ ਨੂੰ ਜਨਮ ਦੇ ਸਕਦਾ ਹੈ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਪੱਛਮੀ ਏਸ਼ੀਆ ਅਜੇ ਵੀ ਗਾਜ਼ਾ ਪੱਟੀ ਵਿੱਚ ਇਜ਼ਰਾਇਲ-ਹਮਾਸ ਯੁੱਧ ਦੇ ਪ੍ਰਭਾਵਾਂ ਤੋਂ ਉਭਰ ਰਿਹਾ ਹੈ। ਇਰਾਨ ਪਿਛਲੇ ਮਹੀਨੇ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ’ਤੇ ਕੀਤੀ ਗਈ ਕਾਰਵਾਈ ਵਿੱਚ ਮਾਰੇ ਗਏ ਹਜ਼ਾਰਾਂ ਲੋਕਾਂ ਦੀ ਯਾਦ ਵਿੱਚ 40 ਦਿਨਾਂ ਦੇ ਸੋਗ ਦੀ ਮਿਆਦ ਸ਼ੁਰੂ ਕਰ ਰਿਹਾ ਹੈ।

# HOKA TV
## (ਹੋਕਾ ਟੀ.ਵੀ.)

RAISING VOICE FOR TRUTH
ਹੋਕਾ TV

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
# ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home